23-MAY-PAGE-1.qxd 5/22/2025 10:40 PM Page 1

ਸ਼ੁੱਕਰਵਾਰ, 23 ਮਈ, 2025
10 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 352

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 23 MAY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪਟਨਾ ਸਾਹਿਬ ਦਾ ਹੁਕਮਨਾਮਾ ਰੱਦ

## ਪੰਜਾਬ ਵਿਚਲੇ ਤਿੰਨਾਂ ਤਖਤਾਂ ਦੇ ਪੰਜ ਪਿਆਰਿਆਂ ਵੱਲੋਂ ਬੇਅਸੂਲਾ ਕਰਾਰ

**ਅੰਮ੍ਰਿਤਸਰ** : ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਬੁੱਧਵਾਰ ਕੀਤੇ ਗਏ ਫੈਸਲੇ ਨੂੰ ਸ੍ਰੀ ਅਕਾਲ ਤਖਤ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਗੈਰ-ਸਿਧਾਂਤਕ ਅਤੇ ਗੈਰ-ਵਾਜਬ ਦੱਸ ਕੇ ਰੱਦ ਕਰ ਦਿੱਤਾ ਗਿਆ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਤਖਤ ਦੇ ਹੈੱਡ ਗ੍ਰੰਥੀ ਅਤੇ ਗ੍ਰੰਥੀਆਂ ਨੂੰ ਨਾਲ ਲੈ ਕੇ ਬੁੱਧਵਾਰ ਮੀਟਿੰਗ ਕੀਤੀ ਸੀ ਅਤੇ ਅਕਾਲ ਤਖਤ ਵੱਲੋਂ ਲਏ ਗਏ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਉਨ੍ਹਾ ਨੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਇਸੇ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਸਾਜ਼ਿਸ਼ਕਰਤਾ ਵਜੋਂ ਸ਼ਮੂਲੀਅਤ ਦਾ ਦੋਸ਼ ਲਾਉਂਦਿਆਂ 10 ਦਿਨ ਵਿੱਚ ਉਨ੍ਹਾ ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਆਦੇਸ਼ ਕੀਤਾ ਸੀ।

ਇਸ ਮਾਮਲੇ ਵਿੱਚ ਵੀਰਵਾਰ ਇੱਥੇ ਅਕਾਲ ਤਖਤ ਦੇ ਪੰਜ ਪਿਆਰੇ ਸਾਹਿਬਾਨ, ਜਿਨ੍ਹਾਂ ਵਿੱਚ ਭਾਈ ਕੁਲਵੰਤ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਰਸਪਾਲ ਸਿੰਘ ਅਤੇ ਭਾਈ ਸੰਦੀਪ ਸਿੰਘ ਸ਼ਾਮਲ ਸਨ, ਨੇ ਮੀਟਿੰਗ ਕਰਕੇ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਕੀਤੇ ਗਏ ਫੈਸਲੇ ਨੂੰ ਪੰਥਕ ਏਕਤਾ ਨੂੰ ਢਾਹ ਲਾਉਣ ਵਾਲਾ ਅਤੇ ਸਿੱਖ ਕੌਮ ਦਾ ਅਕਸ ਖਰਾਬ ਕਰਨ ਵਾਲਾ ਕਰਾਰ ਦਿੱਤਾ। ਉਨ੍ਹਾਂ ਤਖਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਕੀਤੇ ਗਏ ਫੈਸਲੇ ਨੂੰ ਗੈਰ-ਸਿਧਾਂਤਕ ਦੱਸਦਿਆਂ ਰੱਦ ਕਰ ਦਿੱਤਾ। ਇਸੇ ਤਰ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਪੰਜ ਪਿਆਰੇ ਸਾਹਿਬਾਨ ਨੇ ਵੀ ਤਖਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਕੀਤੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਸਿੱਖ ਰਹਿਤ ਮਰਿਆਦਾ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਥਾਨਕ ਸੰਗਤ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਦੇ ਪਾਸ ਹੀ ਕੀਤੀ ਜਾ ਸਕਦੀ ਹੈ, ਨਾ ਕਿ ਇਸ ਸੰਬੰਧੀ ਕੋਈ ਵੱਖਰਾ ਹੁਕਮਨਾਮਾ ਜਾਰੀ ਕੀਤਾ ਜਾ ਸਕਦਾ ਹੈ। ਜੇ ਸਥਾਨਕ ਸੰਗਤ ਨੂੰ ਕਿਸੇ ਵੀ ਫੈਸਲੇ 'ਤੇ ਕੋਈ ਇਤਰਾਜ਼ ਹੋਵੇ ਤਾਂ ਇਸ ਦੀ ਮੁੜ ਵਿਚਾਰ ਲਈ ਅਕਾਲ ਤਖਤ ਵਿਖੇ ਹੀ ਅਪੀਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਜਲਦੀ ਤੋਂ ਜਲਦੀ ਤਖਤ ਅਕਾਲ ਤਖਤ ਵਿਖੇ ਪੇਸ਼ ਹੋ ਕੇ ਮੁਆਫੀ ਮੰਗਦਿਆਂ ਹੋਇਆਂ ਆਪਣੇ ਫੈਸਲੇ ਵਾਪਸ ਲੈਣ। ਪੰਥ ਅਜਿਹੀ ਸਿੱਖ ਵਿਰੋਧੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕਰੇਗਾ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਦੇ ਸਕੱਤਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਬੀਤੇ ਦਿਨ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਿਆ ਗਿਆ ਤਖਤ ਸ੍ਰੀ ਪਟਨਾ ਸਾਹਿਬ ਦਾ ਮਾਮਲਾ ਕੋਈ ਅੱਜ ਦਾ ਮਾਮਲਾ ਨਹੀਂ ਬਲਕਿ ਦੋ ਤੋਂ ਤਿੰਨ ਸਾਲ ਪਹਿਲਾਂ ਦਾ ਮਾਮਲਾ ਹੈ। ਇਸ ਮਾਮਲੇ ਵਿੱਚ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਸਿਧਾਂਤਕ ਤੌਰ 'ਤੇ ਗਲਤ ਕਰਾਰ ਦਿੰਦਿਆਂ ਰੱਦ ਕੀਤਾ ਗਿਆ ਹੈ।

ਚੇਤੇ ਰਹੇ ਕਿ ਬੁੱਧਵਾਰ ਨੂੰ ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿੱਚ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਦੋਸ਼ਾਂ ਸੰਬੰਧੀ ਮਾਮਲਾ ਵਿਚਾਰਿਆ ਗਿਆ ਸੀ। ਇਸ ਦੀ ਇੱਕ ਰਿਪੋਰਟ ਸ੍ਰੀ ਅਕਾਲ ਤਖਤ ਵਿਖੇ ਪੁੱਜੀ ਸੀ, ਜਿਸ ਨੂੰ ਵਿਚਾਰਨ ਉਪਰੰਤ ਇਸ ਜਾਂਚ ਰਿਪੋਰਟ ਦੀ ਰੌਸ਼ਨੀ ਵਿੱਚ ਸਾਬਕਾ ਜਥੇਦਾਰ ਗਿਆਨੀ ਗੌਹਰ ਨੂੰ ਦੋਸ਼ਮੁਕਤ ਕੀਤਾ ਗਿਆ ਸੀ। ਇੱਕ ਹੋਰ ਵੱਖਰੇ ਮਾਮਲੇ ਵਿੱਚ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਗਿਆਨੀ ਗੁਰਦਿਆਲ ਸਿੰਘ ਦੀਆਂ ਸੇਵਾਵਾਂ 'ਤੇ ਰੋਕ ਲਾਈ ਗਈ ਸੀ ਅਤੇ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੂੰ ਆਪਣਾ ਪੱਖ ਰੱਖਣ ਲਈ ਅਕਾਲ ਤਖਤ ਵਿਖੇ ਸੱਦਿਆ ਗਿਆ ਸੀ।

### ਤਖਤ ਸਾਹਿਬਾਨ ਦਾ ਸਤਿਕਾਰ ਕੌਮ ਦੀ ਵੱਡੀ ਜ਼ਿੰਮੇਵਾਰੀ : ਧਾਮੀ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਪੰਥ ਅੰਦਰ ਤਖਤ ਸਾਹਿਬਾਨ ਦੀ ਇਤਿਹਾਸਕ ਤੇ ਸਿਧਾਂਤਕ ਮਹਾਨਤਾ ਬਹੁਤ ਵੱਡੀ ਹੈ, ਜਿਸ ਦੇ ਮੱਦੇਨਜ਼ਰ ਇਨ੍ਹਾਂ ਦੇ ਸਤਿਕਾਰ ਨੂੰ ਬਰਕਰਾਰ ਰੱਖਣਾ ਕੌਮ ਦੀ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਫੈਸਲਿਆਂ ਬਾਅਦ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਆਦੇਸ਼ ਨਾਲ ਕੌਮ ਅੰਦਰ ਚੰਗਾ ਸੁਨੇਹਾ ਨਹੀਂ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਆਪਸੀ ਟਕਰਾਅ ਵਾਲੇ ਮਾਹੌਲ ਨਾਲ ਕੌਮ ਅੰਦਰ ਦੁਬਿਧਾ ਬਣੀ ਹੈ। ਉਨ੍ਹਾ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਸੰਸਥਾਗਤ ਤੌਰ 'ਤੇ ਅਤੇ ਸਿੱਖ ਪੰਥ ਦਾ ਅੰਗ ਹੋਣ ਕਰਕੇ ਨਿੱਜੀ ਤੌਰ 'ਤੇ ਜਤਨ ਕਰਨਗੇ ਕਿ ਇਹ ਮਸਲਾ ਜਲਦ ਹੱਲ ਹੋਵੇ।

# ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਰੋਹ ਭਰਪੂਰ ਕਨਵੈਨਸ਼ਨ ਤੇ ਮੁਜ਼ਾਹਰਾ

**ਸੰਗਰੂਰ** : 'ਛੱਤੀਸਗੜ੍ਹ ਦੇ ਬਸਤਰ ਵਿਚ ਚੋਟੀ ਦੇ ਮਾਓਵਾਦੀ ਆਗੂ ਕਾਮਰੇਡ ਕੇਸ਼ਵ ਰਾਓ ਸਮੇਤ 27 ਲੋਕਾਂ ਦਾ ਕਤਲੇਆਮ ਖਣਿਜਾਂ ਉਪਰ ਕਾਰਪੋਰੇਟ ਕਬਜ਼ੇ ਲਈ ਦਹਾਕਿਆਂ ਤੋਂ ਆਪਣੇ ਲੋਕਾਂ ਵਿਰੁੱਧ ਭਾਰਤੀ ਰਾਜ ਵੱਲੋਂ ਲੜੀ ਜਾ ਰਹੀ ਜੰਗ ਦਾ ਸਿਖਰ ਹੈ। ਲੋਕਾਂ ਨੂੰ ਸਰਕਾਰੀ ਬਿਰਤਾਂਤ ਪਿਛਲੀ ਇਹ ਹਕੀਕਤ ਸਮਝਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦਾ ਇਹ ਰੋਹ ਸੜਕਾਂ ਉੱਪਰ ਉਸ ਵਕਤ ਉਮੜਿਆ ਹੈ, ਜਦੋਂ ਪ੍ਰਧਾਨ ਮੰਤਰੀ ਅਤੇ ਹੋਰ ਸਿਖ਼ਰਲੇ ਹੁਕਮਰਾਨਾਂ ਵੱਲੋਂ ਕਤਲੇਆਮ ਦੀ ਜੈ- ਜੈਕਾਰ ਕਰਦੇ ਹੋਏ ਸੁਰੱਖਿਆ ਬਲਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਲਾਸ਼ਾਂ ਉਪਰ ਜਸ਼ਨ ਮਨਾਏ ਜਾ ਰਹੇ ਹਨ।'

ਇਹ ਵਿਚਾਰ ਵੀਰਵਾਰ ਇੱਥੇ ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂਅ ਹੇਠ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ ਜਥੇਬੰਦ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਡਾ. ਨਵਸ਼ਰਨ ਨੇ ਪੇਸ਼ ਕੀਤੇ। ਕਨਵੈਨਸ਼ਨ ਦੀ ਪ੍ਰਧਾਨਗੀ ਡਾ. ਨਵਸ਼ਰਨ, ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਕੀਤੀ।

ਇਸ ਮੌਕੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀ,




ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਨਵਸ਼ਰਨ ਨੇ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਕਥਿਤ ਵਿਕਾਸ ਦੇ ਨਾਂਅ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ, ਜਿਸ ਦਾ ਮੁਲਕ ਦੇ ਹਿੱਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉਪਰ ਕੁਦਰਤੀ ਹੱਕ ਦੀ ਰਾਖੀ ਦੇ ਜਮਹੂਰੀ ਹੱਕ ਨੂੰ ਕੁਚਲ ਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਹ 'ਵਿਕਾਸ ਮਾਡਲ' ਆਦਿਵਾਸੀਆਂ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਮਨਜ਼ੂਰ ਨਹੀਂ।

ਉਨ੍ਹਾ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਸਿਆਸੀ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ, ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ 'ਅਪਰੇਸ਼ਨ ਕਗਾਰ' ਵਰਗੇ ਨੀਮ-ਫ਼ੌਜੀ ਅਪਰੇਸ਼ਨ ਚਲਾ ਕੇ ਸੰਘਰਸ਼ਸ਼ੀਲ ਦੱਬੇ-ਕੁਚਲੇ ਲੋਕਾਂ ਦੇ ਲਹੂ ਦੀਆਂ ਨਦੀਆਂ ਵਹਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਮਾਓਵਾਦੀ ਪਾਰਟੀ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਘੋਰ ਹਕਾਰਤ ਨਾਲ ਨਜ਼ਰਅੰਦਾਜ਼ ਕਰਕੇ ਕਤਲੇਆਮ ਮਚਾਇਆ ਜਾ ਰਿਹਾ ਹੈ, ਤਾਂ ਜੋ ਕਿਸੇ ਵੀ ਤਰ੍ਹਾਂ ਦਾ ਵਿਰੋਧ ਕਾਰਪੋਰੇਟ ਪ੍ਰੋਜੈਕਟਾਂ ਲਈ ਅੜਿੱਕਾ ਨਾ ਬਣੇ।

ਡ ਾ .

• ਬਾਕੀ ਸਫਾ 2 'ਤੇ

# ਸੀ ਪੀ ਆਈ ਵੱਲੋਂ ਪੰਜਾਬ ਦੇ ਹਿੱਤਾਂ ਲਈ ਸਾਂਝੀ ਲੜਾਈ ਦੀ ਅਪੀਲ

**ਚੰਡੀਗੜ੍ਹ** : ਸੀ ਪੀ ਆਈ ਦੇ ਪੰਜਾਬ ਸਕੱਤਰੇਤ ਨੇ ਵੀਰਵਾਰ ਇੱਥੇ ਜਾਰੀ ਬਿਆਨ ਵਿਚ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਵਿਕਾਸ ਯੋਜਨਾ ਦੇ ਨਾਂਅ ਹੇਠ ਸ਼ਹਿਰਾਂ ਦੇ ਆਲੇ-ਦੁਆਲੇ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਐਕੁਆਇਰ ਕਰਨ ਦੀ ਨੀਤੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਬਿਆਨ ਰਾਹੀਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਪੰਜਾਬ ਦੀ ਉਪਜਾਊ ਜ਼ਮੀਨ ਦਾ ਵੱਡਾ ਹਿੱਸਾ ਪਹਿਲਾਂ ਹੀ ਦਰਜਨਾਂ ਨੈਸ਼ਨਲ ਹਾਈਵੇਜ਼ ਸਥਾਪਤ ਕਰਨ ਵਾਸਤੇ ਐਕੁਆਇਰ ਕੀਤੀ ਜਾ ਚੁੱਕੀ ਹੈ। ਹੁਣ ਪੰਜਾਬ ਸਰਕਾਰ ਖੁਦ ਹੀ ਕਲੋਨਾਈਜ਼ਰ ਬਣ ਕੇ ਜ਼ਮੀਨ ਅਕੁਆਇਰ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ। ਕੇਂਦਰ ਸਰਕਾਰ ਆਪਣੀ ਖੇਤੀ ਨੀਤੀ ਰਾਹੀਂ ਮੰਡੀ ਬੋਰਡਾਂ ਨੂੰ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਵੱਡੇ-ਵੱਡੇ ਗੋਦਾਮ ਸਥਾਪਤ ਕਰਨ ਦੀਆਂ ਸਹੂਲਤਾਂ ਦੇ ਕੇ ਕਿਸਾਨ-ਮਾਰੂ ਕਾਲੇ ਕਾਨੂੰਨਾਂ ਨੂੰ ਨਵੇਂ ਰੂਪ ਵਿਚ ਲਿਆ ਰਹੀ ਹੈ। ਪੂੰਜੀਵਾਦੀ ਦੇਸ਼ਾਂ ਦੀ ਤਰਜ਼ 'ਤੇ ਕਾਰਪੋਰੇਟਾਂ ਨੂੰ ਵੱਡੇ ਮਾਲ ਸਥਾਪਤ ਕਰਨ ਦੀਆਂ ਸਹੂਲਤਾਂ ਦੇ ਕੇ ਛੋਟੇ ਦੁਕਾਨਦਾਰਾਂ ਨੂੰ ਉਜਾੜਨ ਦੀ ਨੀਤੀ ਅਖਤਿਆਰ ਕੀਤੀ ਜਾ ਰਹੀ ਹੈ। ਪੰਜਾਬ ਦੇ ਫੈਡਰਲ ਢਾਂਚੇ ਨੂੰ ਕੇਂਦਰ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰ੍ਹਾਂ ਤਬਾਹ ਕਰਨ 'ਤੇ ਤੁਲੀ ਹੋਈ ਹੈ। ਪਾਣੀਆਂ ਤੋਂ ਸਾਡੇ ਬਣਦੇ ਹੱਕ ਵੀ ਧੱਕੇ ਨਾਲ ਖੋਹਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਬੀ ਬੀ ਐੱਮ ਬੀ ਦੇ ਪਹਿਲਾਂ ਹੀ ਪ੍ਰਬੰਧਕੀ ਢਾਂਚੇ ਵਿਚੋਂ ਸਾਡੇ ਬਣਦੇ ਪੱਕੇ ਮੈਂਬਰ ਦੀ ਸੀਟ ਵੀ ਖੋਹ ਕੇ ਮਰਜ਼ੀ ਨਾਲ ਦੂਜੇ ਪ੍ਰਾਂਤਾਂ ਵਿਚੋਂ ਭਰਤੀ ਕੀਤੀ ਜਾ ਰਹੀ ਹੈ। ਅੱਗੇ ਕਿਹਾ ਗਿਆ ਹੈ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਬੀ ਬੀ ਐੱਮ ਬੀ ਵਿਚ ਪੰਜਾਬ ਦੀਆਂ 2550 ਪੋਸਟਾਂ ਖਾਲੀ ਪਈਆਂ ਹਨ ਤੇ ਇਸ ਦੇ ਨਾਲ ਹੀ ਬੀ ਬੀ ਐੱਮ ਬੀ ਦੀ ਸੁਰੱਖਿਆ ਵਾਸਤੇ ਮੋਦੀ ਸਰਕਾਰ ਕੇਂਦਰੀ ਸਨਅਤੀ ਸੁਰੱਖਿਆ ਬਲਾਂ ਦੇ 296 ਕਰਮਚਾਰੀਆਂ ਨੂੰ ਤੈਨਾਤ ਕਰ ਰਹੀ ਹੈ, ਜਿਨ੍ਹਾਂ ਦੀਆਂ ਤਨਖਾਹਾਂ, ਰਿਹਾਇਸ਼ ਅਤੇ ਟਰਾਂਸਪੋਰਟ ਦਾ ਸਾਰਾ ਖਰਚਾ ਪੰਜਾਬ ਸਿਰ ਮੜ੍ਹਿਆ ਜਾਵੇਗਾ। ਸੀ ਪੀ ਆਈ ਨੇ ਮਾਨ ਸਰਕਾਰ ਬਾਰੇ ਟਿੱਪਣੀ ਕਰਦਿਆਂ ਆਖਿਆ ਹੈ ਕਿ ਅਸਲ ਵਿਚ ਪੰਜਾਬ ਸਰਕਾਰ ਦੀ ਵਾਗਡੋਰ ਪੂਰੀ ਤਰ੍ਹਾਂ ਕੇਜਰੀਵਾਲ ਨੇ ਆਪਣੀ ਦਿੱਲੀ ਵਾਲੀ ਟੀਮ ਨਾਲ ਆਪਣੇ ਹੱਥਾਂ ਵਿਚ ਲੈ ਲਈ ਹੈ। ਪੰਜਾਬ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਹਰਿਆਣਾ, ਯੂ ਪੀ ਅਤੇ ਦਿੱਲੀ ਵਿਚੋਂ ਲਾਏ ਜਾ ਰਹੇ ਹਨ। ਕੇਜਰੀਵਾਲ ਦੀ ਆਮ ਆਦਮੀ ਦੀ ਸਰਕਾਰ ਨੇ ਆਪਣਾ ਕਿਸਾਨਾਂ, ਮਜ਼ਦੂਰਾਂ ਅਤੇ ਦੁਕਾਨਦਾਰਾਂ-ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ। ਸੀ ਪੀ ਆਈ ਨੇ ਪੰਜਾਬ ਦੀਆਂ ਸਾਰੀਆਂ ਕਿਸਾਨਾਂ, ਮਜ਼ਦੂਰਾਂ ਅਤੇ ਜਮਹੂਰੀ ਸ਼ਕਤੀਆਂ ਨੂੰ ਸਾਂਝੇ ਤੌਰ 'ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸਾਂਝੀ ਲੜਾਈ ਲੜਨ ਦੀ ਅਪੀਲ ਕੀਤੀ ਹੈ।

### 3 ਸਾਲਾਂ ਤੋਂ ਕਾਗਜ਼ਾਂ 'ਚ ਚੱਲਿਆ ਸਕੂਲ

**ਵੇਰਕਾ** (ਰਾਣਾ)-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਸਰਹਾਲਾ 'ਚ ਇੱਕ ਸਕੂਲ ਲਗਭਗ ਪਿਛਲੇ 3 ਸਾਲਾਂ ਤੋਂ ਮਹਿਜ਼ ਕਾਗਜ਼ਾਂ ਵਿੱਚ ਹੀ ਚੱਲਦਾ ਆ ਰਿਹਾ ਹੈ। ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਭਾਵੇਂ ਭਲੀਭਾਂਤ ਜਾਣਦੇ ਵੀ ਸਨ, ਪ੍ਰੰਤੂ ਸਰਕਾਰ ਤੋਂ ਸਾਬਾਸ਼ੀ ਲੈਣ ਦੇ ਚੱਕਰ 'ਚ ਉਕਤ ਸਕੂਲ ਕਾਗਜ਼ਾਂ ਵਿੱਚ ਹੀ ਚਲਦਾ ਰੱਖਿਆ। ਪਿੰਡ ਸਰਹਾਲਾ ਦੇ ਸਾਬਕਾ ਸਰਪੰਚ ਜਗਦੀਪ ਸਿੰਘ ਨੇ ਦੱਸਿਆ ਹੈ ਕਿ ਸਰਕਾਰੀ ਐਲੀ: ਸਕੂਲ ਸਰਹਾਲਾ, ਬਲਾਕ ਮਜੀਠਾ- 2 ਪਿਛਲੇ 3 ਸਾਲਾਂ ਤੋਂ ਬਿਨਾਂ ਬੱਚਿਆਂ ਦੇ ਕੇਵਲ ਕਾਗਜ਼ਾਂ ਵਿੱਚ ਚਲਦਾ ਹੈ। ਇਥੇ ਹੀ ਬੱਸ ਨਹੀਂ ਲੰਘੇ 3 ਸਾਲਾਂ ਤੋਂ ਸਕੂ ਲ

• ਬਾਕੀ ਸਫਾ 2 'ਤੇ

### ਸਲਮਾਨ ਦੇ ਘਰ ਤੱਕ ਪਹੁੰਚ ਜਾਣ ਵਾਲੇ ਦੋ ਗ੍ਰਿਫਤਾਰ

**ਮੁੰਬਈ** : ਬਾਂਦਰਾ ਖੇਤਰ ਵਿੱਚ ਅਦਾਕਾਰ ਸਲਮਾਨ ਖਾਨ ਦੀ ਇਮਾਰਤ ਗਲੈਕਸੀ ਅਪਾਰਟਮੈਂਟਸ ਵਿੱਚ ਕਥਿਤ ਤੌਰ 'ਤੇ ਘੁਸਪੈਠ ਕਰਨ ਦੇ ਦੋਸ਼ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬਾਂਦਰਾ ਪੁਲਸ ਨੇ ਦੱਸਿਆ ਕਿ ਜਤਿੰਦਰ ਕੁਮਾਰ ਸਿੰਘ (23) ਮੰਗਲਵਾਰ ਗਲੈਕਸੀ ਅਪਾਰਟਮੈਂਟਸ ਵਿੱਚ ਦਾਖਲ ਹੋਇਆ। ਉੱਥੇ ਤਾਇਨਾਤ ਪੁਲਸ ਜਵਾਨ ਨੇ ਉਸ ਨੂੰ ਉੱਥੋਂ ਜਾਣ ਲਈ ਕਿਹਾ ਸੀ ਤਾਂ ਉਸ ਨੇ ਗੁੱਸੇ ਵਿੱਚ ਆਪਣਾ ਮੋਬਾਇਲ ਫੋਨ ਜ਼ਮੀਨ 'ਤੇ ਤੋੜ ਦਿੱਤਾ। ਜਤਿੰਦਰ ਗਲੈਕਸੀ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਦੀ ਕਾਰ ਰਾਹੀਂ ਗਲੈਕਸੀ ਅਪਾਰਟਮੈਂਟਸ ਵਿੱਚ ਦਾਖਲ ਹੋਇਆ। ਹਾਲਾਂਕਿ, ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਉਹ ਗਲੈਕਸੀ ਅਪਾਰਟਮੈਂਟਸ ਦੇ ਨਿਵਾਸੀ ਦੀ ਕਾਰ ਵਿੱਚ ਕਿਵੇਂ ਚੜ੍ਹਿਆ। ਨੌਜਵਾਨ ਨੇ ਪੁੱਛਗਿੱਛ ਦੌਰਾਨ ਕਿਹਾ ਕਿ ਉਹ ਅਦਾਕਾਰ ਨੂੰ ਮਿਲਣਾ ਚਾਹੁੰਦਾ ਸੀ। ਔਰਤ ਬੁੱਧਵਾਰ ਇਮਾਰਤ ਵਿੱਚ ਦਾਖਲ ਹੋਈ ਅਤੇ ਖਾਨ ਦੇ ਫਲੈਟ ਤੱਕ ਪਹੁੰਚਣ ਵਿੱਚ ਵੀ ਕਾਮਯਾਬ ਹੋ ਗਈ। ਇਸ ਦੌਰਾਨ ਉਸ ਨੂੰ ਫੜ ਲਿਆ ਗਿਆ। ਦੋਹਾਂ ਖਿਲਾਫ ਘੁਸਪੈਠ ਦੇ ਮਾਮਲੇ ਦਰਜ ਕੀਤੇ ਗਏ ਹਨ।

### ਦੋ ਦਹਿਸ਼ਤਗਰਦ ਮਾਰੇ

**ਸ੍ਰੀਨਗਰ** : ਕਿਸ਼ਤਵਾੜ ਜ਼ਿਲ੍ਹੇ ਦੇ ਚਟਰੂ ਇਲਾਕੇ ਦੇ ਸਿੰਘਪੋਰਾ ਵਿੱਚ ਵੀਰਵਾਰ ਸੁਰੱਖਿਆ ਬਲਾਂ ਨੇ ਮੁਕਾਬਲੇ ਵਿੱਚ ਦੋ ਦਹਿਸ਼ਤਗਰਦ ਮਾਰ ਦਿੱਤੇ। ਜਵਾਨ ਜਦੋਂ ਉਨ੍ਹਾਂ ਦੀ ਭਾਲ ਕਰ ਰਹੇ ਸਨ ਤਾਂ ਉਨ੍ਹਾਂ ਅਚਾਨਕ ਹਮਲਾ ਕਰ ਦਿੱਤਾ। ਗੋਲੀਬਾਰੀ ਵਿੱਚ ਇੱਕ ਸਿਪਾਹੀ ਵੀ ਸ਼ਹੀਦ ਹੋ ਗਿਆ। ਜਵਾਨਾਂ ਨੂੰ ਚਾਰ ਦਹਿਸ਼ਤਗਰਦਾਂ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ। ਜਵਾਨ ਦੋ ਹੋਰਨਾਂ ਦੀ ਭਾਲ ਕਰ ਰਹੇ ਸਨ।

### ...ਸਾਰਾ ਪਿੰਡ ਸਵਾਹ

**ਬਦਾਯੂੰ** : ਯੂ ਪੀ ਦੇ ਬਦਾਯੂੰ ਜ਼ਿਲ੍ਹੇ ਦੇ ਸਹਸਵਾਨ ਖੇਤਰ ਦੇ ਟੱਪਾ ਜਾਮਨੀ ਪਿੰਡ ਵਿੱਚ ਬੁੱਧਵਾਰ ਦੀ ਰਾਤ ਤੇਜ਼ ਹਨੇਰੀ ਕਾਰਨ ਟਰਾਂਸਫਾਰਮਰ ਤੋਂ ਨਿਕਲੀ ਚੰਗਿਆੜੀ ਨੇ ਕੁਝ ਸਮੇਂ ਵਿੱਚ ਹੀ ਪਿੰਡ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਕਰੀਬ 200 ਘਰ ਸੜ ਗਏ। ਲੋਕਾਂ ਨੇ ਭੱਜ ਕੇ ਜਾਨ ਬਚਾਈ, ਪਰ ਇੱਕ ਵਿਅਕਤੀ ਝੁਲਸ ਕੇ ਜ਼ਖਮੀ ਹੋ ਗਿਆ। ਸੈਂਕੜਿਆਂ ਦੀ ਗਿਣਤੀ ਵਿੱਚ ਪਾਲਤੂ ਪਸ਼ੂਆਂ ਦੀ ਮੌਤ ਹੋ ਗਈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਜਦੋਂ ਪਹੁੰਚੀਆਂ, ਉਦੋਂ ਤੱਕ ਪੂਰਾ ਪਿੰਡ ਸੜ ਕੇ ਸੁਆਹ ਹੋ ਚੁੱਕਿਆ ਸੀ।

### ਫੌਜੀ ਕਾਰਵਾਈਆਂ ਤੀਜੀ ਧਿਰ ਦੇ ਕਹਿਣ 'ਤੇ ਨਹੀਂ ਰੋਕੀਆਂ : ਜੈਸ਼ੰਕਰ

**ਨਵੀਂ ਦਿੱਲੀ** : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਕਿਹਾ ਕਿ ਭਾਰਤ-ਪਾਕਿਸਤਾਨ ਦਰਮਿਆਨ ਫੌਜੀ ਕਾਰਵਾਈਆਂ ਸਮਾਪਤ ਕਰਨ ਲਈ ਸਹਿਮਤੀ ਦੋਵਾਂ ਦੇਸ਼ਾਂ ਵਿਚਾਲੇ ਸਿੱਧੀ ਗੱਲਬਾਤ ਮਗਰੋਂ ਬਣੀ। ਜੈਸ਼ੰਕਰ ਨੇ ਇਹ ਗੱਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਦਾਅਵੇ ਦੇ ਪਿਛੋਕੜ 'ਚ ਕਹੀ ਕਿ ਅਮਰੀਕਾ ਨੇ ਸਹਿਮਤੀ ਬਣਾਉਣ 'ਚ ਭੂਮਿਕਾ ਨਿਭਾਈ ਸੀ। ਜੈਸ਼ੰਕਰ ਨੇ ਇਹ ਵੀ ਕਿਹਾ ਕਿ ਭਾਰਤ ਭਵਿੱਖ ਵਿੱਚ ਪਹਿਲਗਾਮ ਵਰਗੇ ਕਿਸੇ ਵੀ ਹਮਲੇ ਦੇ ਜਵਾਬ ਵਿੱਚ ਪਾਕਿਸਤਾਨ 'ਚ ਦਹਿਸ਼ਤਗਰਦਾਂ 'ਤੇ ਫਿਰ ਤੋਂ ਹਮਲਾ ਕਰੇਗਾ। ਉਨ੍ਹਾ ਕਿਹਾ ਕਿ ਇਹੀ ਕਾਰਨ ਹੈ ਕਿ 'ਅਪਰੇਸ਼ਨ ਸਿੰਧੂਰ' ਖਤਮ ਨਹੀਂ ਹੋਇਆ।

# ਮਾਓਵਾਦੀਆਂ ਦੀਆਂ ਹੱਤਿਆਵਾਂ ਸੱਤਾ ਦੀ ਹਿੰਸਾ : ਸੀ ਪੀ ਆਈ

**ਲੁਧਿਆਣਾ** (ਐੱਮ ਐੱਸ ਭਾਟੀਆ)

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਨਵੀਂ ਦਿੱਲੀ ਤੋਂ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪਾਰਟੀ ਛੱਤੀਸਗੜ੍ਹ ਵਿੱਚ ਇੱਕ ਸੀਨੀਅਰ ਮਾਓਵਾਦੀ ਆਗੂ ਅਤੇ ਕਈ ਆਦਿਵਾਸੀਆਂ ਦੀ ਕੀਤੀ ਗਈ ਬੇਕਿਰਕ ਹੱਤਿਆ ਦੀ ਸਖਤ ਨਿੰਦਾ ਕਰਦੀ ਹੈ। ਇਹ ਘਟਨਾ ਇਕ ਵਾਰ ਫਿਰ ਸਾਬਤ ਕਰਦੀ ਹੈ ਕਿ ਕਾਊਂਟਰ ਇਨਸਰਜੈਂਸੀ ਦੇ ਨਾਂਅ 'ਤੇ ਬਿਨਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਮਾਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ।ਕਾਨੂੰਨੀ ਗ੍ਰਿਫਤਾਰੀ ਦੀ ਬਜਾਏ ਕਾਤਲਾਨਾ ਤਾਕਤ ਦੇ ਵਰਤਾਅ ਨੇ ਰਾਜ ਦੀਆਂ ਲੋਕਤੰਤਰਿਕ ਨੀਤੀਆਂ ਅਤੇ ਕਾਨੂੰਨੀ ਸਿਧਾਂਤਾਂ ਪ੍ਰਤੀ ਵਚਨਬੱਧਤਾ 'ਤੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਜੇਕਰ ਅਧਿਕਾਰੀਆਂ ਕੋਲ ਆਗੂ ਦੀ ਮੌਜੂਦਗੀ ਬਾਰੇ ਭਰੋਸੇਯੋਗ ਜਾਣਕਾਰੀ ਸੀ ਤਾਂ ਕਾਨੂੰਨੀ ਰਸਤਾ ਕਿਉਂ ਨਹੀਂ ਅਪਣਾਇਆ ਗਿਆ? ਸੰਵਿਧਾਨ ਵੱਲੋਂ ਦਿੱਤੇ ਗਏ ਅਧਿਕਾਰਾਂ ਦੀ ਉਲੰਘਣਾ ਕਿਉਂ ਕੀਤੀ ਗਈ? ਇਹ ਹੱਤਿਆਵਾਂ ਨਾ ਸਿਰਫ ਸੱਤਾ ਦੀ ਹਿੰਸਾ ਦੀ ਖ਼ਤਰਨਾਕ ਰਵਾਇਤ ਨੂੰ ਦਰਸਾਉਂਦੀਆਂ ਹਨ, ਸਗੋਂ ਇਸ ਖੇਤਰ ਵਿੱਚ ਆਦਿਵਾਸੀ ਭਾਈਚਾਰਿਆਂ ਦੀ ਲਗਾਤਾਰ ਹਾਸ਼ੀਏ 'ਤੇ ਧੱਕੇ ਖਾਣ ਵਾਲੀ ਹਾਲਤ ਨੂੰ ਵੀ ਉਜਾਗਰ ਕਰਦੀਆਂ ਹਨ। ਇਹ ਭਾਈਚਾਰੇ ਇੱਕ ਅਜਿਹੀ ਲੜਾਈ 'ਚ ਫਸ ਜਾਂਦੇ ਹਨ, ਜੋ ਉਹਨਾਂ ਸ਼ੁਰੂ ਨਹੀਂ ਕੀਤੀ ਹੁੰਦੀ। ਸੀ ਪੀ ਆਈ ਇਸ ਪੂਰੇ ਮਾਮਲੇ ਦੀ ਅਤੇ 'ਕਾਗਾਰ ਅਪਰੇਸ਼ਨ' ਦੀ ਸੁਤੰਤਰ ਨਿਆਂਇਕ ਜਾਂਚ ਦੀ ਮੰਗ ਕਰਦੀ ਹੈ। ਛੱਤੀਸਗੜ੍ਹ ਦੇ ਲੋਕ ਅਤੇ ਪੂਰੇ ਦੇਸ਼ ਦੇ ਲੋਕ ਇਸ ਸੱਚਾਈ ਨੂੰ ਜਾਨਣ ਦੇ ਹੱਕਦਾਰ ਹਨ।ਇੱਕ ਲੋਕਤੰਤਰਿਕ ਸਮਾਜ ਵਿੱਚ ਸੱਤਾ ਨੂੰ ਜੱਜ, ਜਿਊਰੀ ਅਤੇ ਫਾਂਸੀ ਦੇਣ ਵਾਲਾ ਅਧਿਕਾਰੀ ਬਣਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਆਦਿਵਾਸੀਆਂ ਦੀ ਇੱਜ਼ਤ ਅਤੇ ਅਧਿਕਾਰ ਸੁਰੱਖਿਅਤ ਹੋਣੇ ਚਾਹੀਦੇ ਹਨ। ਸੀ ਪੀ ਆਈ ਸਾਰੀਆਂ ਲੋਕਤੰਤਰਿਕ ਅਤੇ ਤਰੱਕੀਪਸੰਦ ਤਾਕਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਅਨਿਆਂ ਦੇ ਵਿਰੁੱਧ ਆਪਣੀ ਆਵਾਜ਼ ਉਠਾਉਣ ਅਤੇ ਛੱਤੀਸਗੜ੍ਹ ਦੇ ਲੋਕਾਂ ਨਾਲ ਇਕਜੁਟਤਾ ਵਿਖਾਉਣ।

# ਅਮਰੀਕਾ 'ਚ ਇਜ਼ਰਾਈਲੀ ਅੰਬੈਸੀ ਦੇ ਦੋ ਸਟਾਫ ਮੈਂਬਰਾਂ ਦੀ ਹੱਤਿਆ

**ਵਾਸ਼ਿੰਗਟਨ** : ਇਥੇ ਯਹੂਦੀ ਮਿਊਜ਼ੀਅਮ ਦੇ ਬਾਹਰ ਇਜ਼ਰਾਈਲੀ ਅੰਬੈਸੀ ਦੇ ਦੋ ਸਟਾਫ ਮੈਂਬਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਗੋਲੀਆਂ ਚਲਾਉਣ ਵਾਲੇ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਹੈ। ਇਜ਼ਰਾਈਲੀ ਅੰਬੈਸੀ ਦੇ ਇਹ ਦੋਵੇਂ ਮੈਂਬਰ, ਜਿਨ੍ਹਾਂ ਵਿੱਚੋਂ ਇਕ ਮਹਿਲਾ ਹੈ, ਮਿਊਜ਼ੀਅਮ ਵਿੱਚ ਇਕ ਸਮਾਗਮ 'ਚ ਹਾਜ਼ਰੀ ਭਰਨ ਮਗਰੋਂ ਉਥੋਂ ਜਾ ਰਹੇ ਸਨ। ਮਸ਼ਕੂਕ ਨੇ ਗੋਲੀਆਂ ਚਲਾਉਣ ਮਗਰੋਂ 'ਫਰੀ ਫਰੀ ਫਲਸਤੀਨ' (ਫਲਸਤੀਨ ਨੂੰ ਆਜ਼ਾਦ ਕਰੋ) ਦੇ ਨਾਅਰੇ ਲਾਏ।

ਮਸ਼ਕੂਕ ਦੀ ਪਛਾਣ ਸ਼ਿਕਾਗੋ ਦੇ ਰਹਿਣ ਵਾਲੇ ਏਲੀਆਸ ਰੋਡ੍ਰੀਗਜ਼ (30) ਵਜੋਂ ਦੱਸੀ ਗਈ ਹੈ। ਮੈਟਰੋਪੋਲੀਟਨ ਪੁਲਸ ਦੇ ਮੁਖੀ ਪਾਮੇਲਾ ਸਮਿਥ ਨੇ ਕਿਹਾ ਕਿ ਮਸ਼ਕੂਕ ਨੂੰ ਗੋਲੀਬਾਰੀ ਤੋਂ ਪਹਿਲਾਂ ਅਜਾਇਬ ਘਰ ਦੇ ਬਾਹਰ ਘੁੰਮਦੇ ਦੇਖਿਆ ਗਿਆ ਸੀ। ਗੋਲੀਬਾਰੀ ਤੋਂ ਬਾਅਦ ਉਹ ਮਿਊਜ਼ੀਅਮ ਵਿੱਚ ਚਲਾ ਗਿਆ, ਜਿੱਥੇ ਸੁਰੱਖਿਆ ਕਰਮੀਆਂ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

ਉਧਰ, ਅਮਰੀਕਾ ਵਿਚ ਇਜ਼ਰਾਇਲੀ ਰਾਜਦੂਤ ਯੇਚੀਲ ਲੀਟਰ ਨੇ ਕਿਹਾ ਕਿ ਮਾਰੇ ਗਏ ਦੋਵੇਂ ਜਣੇ ਨੌਜਵਾਨ ਜੋੜੇ ਸਨ, ਜਿਨ੍ਹਾਂ ਦੀ ਮੰਗਣੀ ਹੋਣ ਵਾਲੀ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਸਵੇਰੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, "ਇਹ ਭਿਆਨਕ ਹੱਤਿਆਵਾਂ, ਜੋ ਸਪੱਸ਼ਟ ਰੂਪ 'ਚ ਯਹੂਦੀ ਵਿਰੋਧੀ ਭਾਵਨਾਵਾਂ 'ਤੇ ਅਧਾਰਤ ਹਨ, ਹੁਣ ਖਤਮ ਹੋਣੀਆਂ ਚਾਹੀਦੀਆਂ ਹਨ। ਨਫਰਤ ਤੇ ਕੱਟੜਵਾਦ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ ਹੈ। ਪੀੜਤਾਂ ਦੇ ਪਰਵਾਰਾਂ ਪ੍ਰਤੀ ਮੇਰੀਆਂ ਸੰਵੇਦਨਾਵਾਂ। ਬਹੁਤ ਦੁੱਖ ਦੀ ਗੱਲ ਹੈ ਕਿ ਅਜਿਹੀਆਂ ਚੀਜ਼ਾਂ ਹੋ ਸਕਦੀਆਂ ਹਨ! ਰੱਬ ਤੁਹਾਡੇ ਸਾਰਿਆਂ ਦਾ ਭਲਾ ਕਰੇ!" ਇਜ਼ਰਾਈਲ ਦੇ ਰਾਸ਼ਟਰਪਤੀ ਇਸਾਕ ਹਰਜ਼ੋਗ ਨੇ ਕਿਹਾ ਕਿ ਉਹ ਵਾਸ਼ਿੰਗਟਨ ਵਿੱਚ ਅਜਿਹੇ ਦ੍ਰਿਸ਼ਾਂ ਤੋਂ ਬੇਹੱਦ ਦੁਖੀ ਹਨ।

# ਭਾਜਪਾਈ ਬਣੇ ਕਾਂਗਰਸੀ ਰੁਖ਼ ਸਪੱਸ਼ਟ ਕਰਨ : ਮਾਨ

**ਸੰਗਰੂਰ** (ਪ੍ਰਵੀਨ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਖੜਾ ਡੈਮ 'ਤੇ ਸੀ ਆਈ ਐੱਸ ਐੱਫ. ਤਾਇਨਾਤ ਕਰਨ ਬਾਰੇ ਕੇਂਦਰ ਸਰਕਾਰ ਦੇ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਖਰਚੇ ਵਜੋਂ ਸੂਬਾ ਧੇਲਾ ਵੀ ਨਹੀਂ ਦੇਵੇਗਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਕ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਾਡੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵਾਧੂ ਪਾਣੀ ਹੈ ਅਤੇ ਨਾ ਹੀ ਧੱਕੇ ਨਾਲ ਤਾਇਨਾਤ ਕੀਤੀ ਜਾ ਰਹੀ ਸੀ ਆਈ ਐੱਸ ਐੱਫ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦੇਣ ਲਈ ਕੋਈ ਪੈਸਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਰਕਮ ਕਦੇ ਵੀ ਅਦਾ ਨਹੀਂ ਕਰੇਗੀ, ਕਿਉਂਕਿ ਕੇਂਦਰ ਸਰਕਾਰ ਡੈਮ 'ਤੇ ਕੇਂਦਰੀ ਬਲਾਂ ਨੂੰ ਤਾਇਨਾਤ ਕਰਕੇ ਸੂਬੇ ਦੇ ਪਾਣੀ ਨੂੰ ਚੋਰੀ ਕਰਨ ਦੀ ਨੀਅਤ ਨਾਲ ਇਹ ਘਟੀਆ ਚਾਲ ਖੇਡ ਰਹੀ ਹੈ। ਮਾਨ ਨੇ ਕਿਹਾ ਕਿ ਪੰਜਾਬ ਨੂੰ ਦੇਸ਼ ਪ੍ਰਤੀ ਉਸ ਦੇ ਵੱਡੇ ਯੋਗਦਾਨ ਲਈ ਕੋਈ ਵਿਸ਼ੇਸ਼ ਪੈਕੇਜ ਦੇਣ ਦੀ ਬਜਾਏ ਭਾਜਪਾ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਹ ਆਉਂਦੇ ਸ਼ਨੀਵਾਰ ਨੂੰ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਦੇ ਸਾਹਮਣੇ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ



ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਕੇਂਦਰ ਦੇ ਹੱਥਾਂ ਦੀ ਕਠਪੁਤਲੀ ਹੈ, ਜੋ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਦਾ ਅਤੇ ਗ੍ਰਹਿ ਮੰਤਰਾਲੇ ਦਾ ਨਵਾਂ ਪ੍ਰਬੰਧ ਵੀ ਏਸੇ ਸਾਜ਼ਿਸ਼ ਦਾ ਹੀ ਹਿੱਸਾ ਹੈ। ਉਨ੍ਹਾ ਵਿਸਥਾਰ ਵਿੱਚ ਦੱਸਿਆ ਕਿ ਭਾਖੜਾ ਡੈਮ 'ਤੇ ਸੀ ਆਈ ਐੱਸ ਐੱਫ ਦੇ 296 ਪੁਲਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ, ਜਿਸ 'ਤੇ ਸੂਬੇ ਨੂੰ 8.58 ਕਰੋੜ ਰੁਪਏ ਦਾ ਖਰਚਾ ਦੇਣਾ ਪਵੇਗਾ। ਮਾਨ ਨੇ ਕਿਹਾ ਕਿ ਜਦੋਂ ਪੰਜਾਬ ਪੁਲਸ ਪਹਿਲਾਂ ਹੀ ਡੈਮ ਦੀ ਸੁਰੱਖਿਆ ਨੂੰ ਮੁਫਤ ਵਿੱਚ ਯਕੀਨੀ ਬਣਾ ਰਹੀ ਹੈ ਤਾਂ ਅਸੀਂ ਇਹ ਪੈਸਾ ਬੀ ਬੀ ਐੱਮ ਬੀ ਨੂੰ ਕਿਉਂ ਦੇਈਏ।ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਕਿਉਂਕਿ ਇਹ ਕਦਮ ਬੀ ਬੀ ਐੱਮ ਬੀ ਅਤੇ ਭਾਜਪਾ ਵੱਲੋਂ ਸੀ ਆਈ ਐੱਸ ਐੱਫ ਤਾਇਨਾਤ ਕਰਕੇ ਸੂਬੇ ਦੇ ਪਾਣੀਆਂ 'ਤੇ ਡਾਕਾ ਮਾਰਨ ਦਾ ਨਾਪਾਕ ਮਨਸੂਬਾ ਹੈ। ਉਨ੍ਹਾ ਕਿਹਾ ਕਿ ਖੁਦ ਨੂੰ ਪਾਣੀਆਂ ਦੇ ਰਾਖੇ ਦੱਸਣ ਵਾਲੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮਨਪ੍ਰੀਤ ਸਿੰਘ ਬਾਦਲ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਰਗੇ ਭਾਜਪਾਈ ਬਣੇ 'ਕਾਂਗਰਸੀ ਆਗੂਆਂ' ਨੂੰ ਇਸ ਬਾਰੇ ਆਪਣਾ ਰੁਖ਼ ਸਪੱਸ਼ਟ ਕਰਨਾ ਚਾਹੀਦਾ ਹੈ। ਮਾਨ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਇਹ ਭਾਜਪਾ ਅਤੇ ਬੀ ਬੀ ਐੱਮ ਬੀ ਵੱਲੋਂ ਪਾਣੀਆਂ ਉੱਤੇ ਪੰਜਾਬ ਦੇ ਹਿੱਸੇ ਨੂੰ ਘਟਾਉਣ ਦੀ ਸੌੜੀ ਚਾਲ ਹੈ।

### ਕਾਮਰੇਡ ਮਲਕੀਤ ਚੰਦ ਮੇਹਲੀ ਦੀ ਸਾਲਾਨਾ ਬਰਸੀ ਅੱਜ



**ਬੰਗਾ** (ਅਵਤਾਰ ਕਲੇਰ)-ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਨ ਸ਼ਹੀਦ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹਰਮਨਪਿਆਰੇ ਆਗੂ ਕਾਮਰੇਡ ਮਲਕੀਤ ਚੰਦ ਮੇਹਲੀ ਦੀ ਸਾਲਾਨਾ ਬਰਸੀ 23 ਮਈ ਨੂੰ ਪਿੰਡ ਮੇਹਲੀ ਵਿਖੇ ਮਨਾਈ ਜਾਵੇਗੀ। ਕਾਮਰੇਡ ਮਲਕੀਤ ਚੰਦ ਮੇਹਲੀ ਨੂੰ ਅੱਤਵਾਦੀਆਂ ਨੇ 23 ਮਈ 1988 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ ਨੇ ਦੱਸਿਆ ਕਿ ਇਸ ਬਰਸੀ ਸਮਾਗਮ 'ਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ, ਗੁਲਜ਼ਾਰ ਸਿੰਘ ਗੋਰੀਆ ਤੇ ਦੇਵੀ ਕੁਮਾਰੀ ਸਰਹਾਲੀ ਕਲਾਂ ਸੰਬੋਧਨ ਕਰਨਗੇ। ਸੁਰਿੰਦਰ ਸ਼ਰਮਾ ਦੀ ਅਗਵਾਈ ਹੇਠ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ ਅਤੇ ਗਾਇਕ ਗੁਰਮੇਜ ਮੇਹਲੀ ਵਲੋਂ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

## ਅੱਜ-ਨਾਮਾ

ਚੱਲਦਾ ਭਾਰਤ ਦਾ ਜਿੰਦਾਂ ਦਾ ਲੋਕਤੰਤਰ,
ਹਾਲਤ ਬਾਹਲੀ ਨਹੀਂ ਖ਼ੁਸ਼ਗਵਾਰ ਮੀਆਂ।
ਜਿਹੜੀ ਪੱਧਰ ਦਾ ਪਹੁੰਚ ਵਿਗਾੜ ਚੁੱਕਾ,
ਹਰ ਕੋਈ ਚਾਹੇ ਕਿ ਹੋਏ ਸੁਧਾਰ ਮੀਆਂ।
ਵਾਰੀਆਂ ਬਦਲ ਕੇ ਰਹੇ ਸੀ ਰਾਜ ਕਰਦੇ,
ਬੈਠ ਗਏ ਜੜ੍ਹੀ ਨੇ ਚੰਦ ਪਰਵਾਰ ਮੀਆਂ।
ਆਖਿਆ ਕਰਨੀ ਆ ਅਸੀਂ ਸਮਾਜ ਸੇਵਾ,
ਗਿੱਦੜ ਵਾਂਗ ਆ ਕਰੀ ਗਏ ਮਾਰ ਮੀਆਂ।
ਅਜੇ ਵੀ ਲੱਗੇ ਤਦਬੀਰ ਨਹੀਂ ਕਿਸੇ ਬੰਨੇ,
ਹਰ ਇੱਕ ਯਤਨ ਦੀ ਰੱਖਦੇ ਤਾੜ ਮੀਆਂ।
ਨਾਲ ਦੀ ਨਾਲ ਹੀ ਟੱਕ ਉਹ ਲਾਈ ਜਾਂਦੇ,
ਕੋਈ ਨਾ ਹੁੰਦਾ ਈ ਸਫਲ ਜੁਗਾੜ ਮੀਆਂ।

-ਤੀਸ ਮਾਰ ਖਾਂ

# ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਦਾ ਦੇਹਾਂਤ

### ਪ੍ਰਲੇਸ ਵੱਲੋਂ ਡਾ. ਜੱਗੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ** : ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ (98) ਦਾ ਇੱਥੇ ਘਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਕੁਝ ਅਰਸੇ ਤੋਂ ਬਿਮਾਰ ਸਨ। ਉਨ੍ਹਾ ਦਾ ਅੰਤਮ ਸੰਸਕਾਰ 23 ਮਈ ਨੂੰ ਬੀਰ ਜੀ ਸ਼ਮਸ਼ਾਨਘਾਟ, ਰਾਜਪੁਰਾ ਰੋਡ, ਨੇੜੇ ਆਤਮਾ ਰਾਮ ਕੁਮਾਰ ਸਭਾ ਸਕੂਲ ਵਿਖੇ ਸਵੇਰੇ 11.30 ਵਜੇ ਕੀਤਾ ਜਾਵੇਗਾ। ਉਹ ਪਿੱਛੇ ਧਰਮ ਪਤਨੀ ਡਾ. ਗੁਰਸ਼ਰਨ ਕੌਰ ਜੱਗੀ (ਸੇਵਾਮੁਕਤ ਕਾਲਜ ਪ੍ਰਿੰਸੀਪਲ), ਪੁੱਤਰ ਮਾਲਵਿੰਦਰ ਸਿੰਘ ਜੱਗੀ (ਸੇਵਾ-ਮੁਕਤ ਆਈ ਏ ਐੱਸ) ਛੱਡ ਗਏ ਹਨ।

ਡਾ. ਜੱਗੀ ਨੇ 150 ਤੋਂ ਵੱਧ ਕਿਤਾਬਾਂ ਲਿਖੀਆਂ। ਉਨ੍ਹਾ ਨੂੰ ਭਾਰਤ ਸਰਕਾਰ ਨੇ ਪਦਮਸ੍ਰੀ, ਸਾਹਿਤ ਅਕਾਦਮੀ ਨੇ ਕੌਮੀ ਪੁਰਸਕਾਰ, ਪੰਜਾਬ ਸਰਕਾਰ ਨੇ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਆ। ਡਾ. ਜੱਗੀ ਨੇ ਆਪਣਾ ਸਮੁੱਚਾ ਜੀਵਨ ਮੱਧਕਾਲੀਨ ਸਾਹਿਤ ਦਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਕਰਨ, ਲਿਖਣ ਤੇ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਅਤੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤੀ ਲਹਿਰ ਸੰਬੰਧੀ ਵੱਖ-ਵੱਖ ਪਹਿਲੂਆਂ ਦੀ ਖੋਜ ਕਰਨ ਲਈ (ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿੱਚ) ਸਮਰਪਤ ਕੀਤਾ।



27 ਜੁਲਾਈ 1927 ਨੂੰ ਪੈਦਾ ਹੋਏ ਡਾ. ਜੱਗੀ 1987 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾਮੁਕਤ ਹੋਏ। ਉਹ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਫਾਰਸੀ ਅਤੇ ਸੰਸਕ੍ਰਿਤ ਦੀ ਗੂੜ੍ਹੀ ਸੂਝ ਤੇ ਮੁਹਾਰਤ ਰੱਖਣ ਵਾਲੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾ ਪੰਜ ਜਿਲਦਾਂ ਵਿੱਚ ਪੰਜਾਬੀ ਤੇ ਹਿੰਦੀ ਵਿੱਚ 'ਦਸਮ ਗ੍ਰੰਥ ਦਾ ਟੀਕਾ' ਪੇਸ਼ ਕੀਤਾ। ਡਾ. ਜੱਗੀ ਨੇ 8 ਜਿਲਦਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਆਪਕ ਟੀਕਾ ਭਾਵ ਪ੍ਰਬੋਧਨੀ ਟੀਕਾ-ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕਰਕੇ ਸਿੱਖ ਧਰਮ ਲਈ ਵੱਡੀ ਸੇਵਾ ਨਿਭਾਈ। ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਪੰਜਾਬ ਨੇ ਉੱਘੇ ਸਿੱਖ ਚਿੰਤਨ, ਗੁਰਬਾਣੀ ਵਿਆਖਿਆਕਾਰ ਅਤੇ ਮਹਾਨ ਸ਼ਖ਼ਸੀਅਤ ਡਾ. ਰਤਨ ਸਿੰਘ ਜੱਗੀ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪ੍ਰਲੇਸ ਦੇ ਕੌਮੀ ਜਨਰਲ ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ, ਸੁਵਰਨ ਸਿੰਘ ਵਿਰਕ ਅਤੇ ਸਵਰਾਜਬੀਰ, ਕੌਮੀ ਸਕੱਤਰੇਤ ਮੈਂਬਰ ਅਤੇ ਵਿੱਤ ਸਕੱਤਰ ਡਾ. ਸਰਬਜੀਤ ਸਿੰਘ, ਪ੍ਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਸਾਂਝੇ ਸ਼ੋਕ ਸੁਨੇਹੇ ਵਿਚ ਕਿਹਾ ਕਿ ਕੈਂਬਲਪੁਰ (ਪਾਕਿਸਤਾਨ) ਵਿਚ 1927 ਵਿਚ ਜਨਮੇ ਡਾ. ਰਤਨ ਸਿੰਘ ਜੱਗੀ ਨੇ ਪਿਛਲੀ ਅੱਧੀ ਸਦੀ ਤੋਂ ਮੱਧਕਾਲੀ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਤੌਰ 'ਤੇ ਗੁਰਬਾਣੀ ਚਿੰਤਨ ਤੇ ਸੰਸਥਾਵਾਂ ਤੋਂ ਵੀ ਵੱਡਾ ਕਾਰਜ ਕੀਤਾ ਹੈ। ਗੁਰਬਾਣੀ ਕੋਸ਼ਕਾਰੀ, ਗੁਰਬਾਣੀ ਟੀਕਕਾਰੀ, ਗੁਰਬਾਣੀ ਵਿਆਖਿਆਕਾਰੀ, ਗੁਰਬਾਣੀ ਚਿੰਤਨਕਾਰੀ ਵਿਚ ਰਤਨ ਸਿੰਘ ਜੱਗੀ ਨੇ ਦਿਨ-ਰਾਤ ਕੰਮ ਕੀਤਾ। ਉਹਨਾ ਦੀਆਂ ਪੁਸਤਕਾਂ ਦੀ ਗਿਣਤੀ ਸੌ ਦੇ ਕਰੀਬ ਹੈ, ਜਿਨ੍ਹਾਂ ਵਿਚ ਗੁਰਬਾਣੀ ਦੇ ਟੀਕਿਆਂ ਤੋਂ ਇਲਾਵਾ ਤੁਲਸੀ ਰਮਾਇਣ ਦਾ ਟੀਕਾ, ਪੰਜ ਪੁਰਾਤਨ ਹੱਥ ਲਿਖਤਾਂ ਦਾ ਸੰਪਾਦਨ, ਭਾਈ ਗੁਰਦਾਸ ਦੀਆਂ ਵਾਰਾਂ ਤੇ ਖੋਜ ਕਾਰਜ ਅਤੇ ਖੋਜ ਪੱਤ੍ਰਿਕਾ ਦੇ ਲਗਭਗ 20 ਅੰਕਾਂ ਦਾ ਸੰਪਾਦਨ ਕੀਤਾ।

ਪ੍ਰਸਿੱਧ ਗਲਪਕਾਰ ਕਿਰਪਾਲ ਕਜ਼ਾਕ, ਡਾ. ਪਾਲ ਕੌਰ, ਡਾ. ਗੁਲਜਾਰ ਪੰਧੇਰ, ਡਾ. ਅਨੂਪ ਸਿੰਘ, ਪ੍ਰੋ. ਬਲਦੇਵ ਬੱਲੀ, ਡਾ. ਅਰਵਿੰਦਰ ਕਾਕੜਾ ਅਤੇ ਜਸਪਾਲ ਮਾਨਖੇੜਾ, ਰਮੇਸ਼ ਯਾਦਵ, ਤਰਸੇਮ, ਡਾ. ਸੰਤੋਖ ਸੁੱਖੀ, ਸਤਪਾਲ ਭੀਖੀ, ਡਾ. ਹਰਵਿੰਦਰ ਸਿਰਸਾ, ਨਵਤੇਜ ਗੜ੍ਹਦੀਵਾਲਾ, ਕਹਾਣੀਕਾਰ ਦਰਸ਼ਨ ਜੋਗਾ ਤੇ ਹਰੀ ਸਿੰਘ ਜਾਚਕ ਨੇ ਕਿਹਾ ਕਿ ਉਹਨਾ ਦਾ ਕਾਰਜ ਕਿਸੇ ਲੰਮੀ ਸਾਧਨਾ ਵਰਗਾ ਹੈ।

ਇਸ ਵਰ੍ਹਿਆਂਬੱਧੀ ਸਾਧਨਾ ਦੀ ਬਦੌਲਤ ਉਹਨਾ ਨੂੰ ਸਾਹਿਤ ਅਕਾਦਮ, ਦਿੱਲੀ ਦਾ ਰਾਸ਼ਟਰੀ ਅਨੁਵਾਦ ਪੁਰਸਕਾਰ, ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਠ ਪੁਸਤਕਾਂ ਉੱਤੇ ਸਰਵੋਤਮ ਪੁਰਸਕਾਰ, ਇਕ ਪੁਸਤਕ ਉੱਤੇ ਹਰਿਆਣਾ ਸਰਕਾਰ ਵੱਲੋਂ ਪ੍ਰਥਮ ਪੁਰਸਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸ ਨੂੰ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਅਜਿਹੇ ਮਹਾਨ ਵਿਦਵਾਨ ਅਤੇ ਕਲਮ ਦੇ ਸਿਰੜੀ ਯੋਧੇ ਦੇ ਅਕਾਲ ਚਲਾਣੇ ਨਾਲ ਪੰਜਾਬੀ ਚਿੰਤਨ, ਖੋਜ, ਆਲੋਚਨਾ ਅਤੇ ਸੰਪਾਦਨ ਨੂੰ ਵੱਡਾ ਘਾਟਾ ਪਿਆ ਹੈ। ਉਹਨਾ ਦਾ ਜੀਵਨ ਅਤੇ ਵਿਅਕਤਿਤਵ ਆਉਣ ਵਾਲੇ ਯੁੱਗਾਂ ਲਈ ਹਮੇਸ਼ਾ ਰਾਹ-ਦਸੇਰਾ ਰਹੇਗਾ।ਅਦਾਰਾ ਪ੍ਰਲੇਸ ਉਹਨਾ ਦੇ ਦੇਹਾਂਤ 'ਤੇ ਡੂੰਘੀ ਸੰਵੇਦਨਾ ਦਾ ਪ੍ਰਗਟਾਵਾ ਕਰਦਾ ਹੋਇਆ ਉਹਨਾ ਦੇ ਕਾਰਜਾਂ ਪ੍ਰਤੀ ਨਤਮਸਤਕ ਹੁੰਦਾ ਹੈ।

## ਲੋਕ ਗਾਇਕ ਦਲਵਿੰਦਰ ਦਿਆਲਪੁਰੀ ਵੱਲੋਂ ਦੀਪਕ ਬਾਲੀ ਨੂੰ ਵਧਾਈਆਂ



**ਬਧਨੀ ਕਲਾਂ (ਲਵਲੀ ਕੁਮਾਰ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਅੰਦਰ ਸੱਭਿਆਚਾਰਕ ਗਤੀਵਿਧੀਆਂ ਨੂੰ ਹੋਰ ਬੜ੍ਹਾਵਾ ਦੇਣ ਲਈ ਸੱਭਿਆਚਾਰਕ ਤੇ ਸਾਹਿਤਕ, ਬਾਬਾ ਹਰਵੱਲਭ ਸੰਗੀਤ ਮੈਮੋਰੀਅਲ ਦੇਵੀ ਤਲਾਬ ਮੰਦਰ ਜਲੰਧਰ, ਪੰਜਾਬ ਜਾਗ੍ਰਿਤੀ ਮੰਚ (ਰਜਿ.) ਤੇ ਹਰੇਕ ਸੰਗੀਤ ਪ੍ਰੇਮੀ ਦੇ ਦੁੱਖ-ਸੁੱਖ ਦੇ ਹਮਸਫ਼ਰ ਦੀਪਕ ਬਾਲੀ ਨੂੰ ਪੰਜਾਬ ਟੂਰਿਜ਼ਮ ਤੇ ਹੈਰੀਟੇਜ ਵਿਭਾਗ ਦਾ ਮੁੱਖ ਸਲਾਹਕਾਰ ਬਣਾਉਣ ਉਪਰੰਤ ਲੋਕ ਗਾਇਕ ਤੇ ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ਵੱਲੋਂ ਸੰਗੀਤਕ ਤਰੀਕੇ ਨਾਲ ਚੰਡੀਗੜ੍ਹ ਵਿਖੇ ਦੀਪਕ ਬਾਲੀ ਨੂੰ ਵਧਾਈਆਂ ਤੇ ਗੁਲਦਸਤੇ ਭੇਂਟ ਕੀਤੇ ਗਏ। ਇਸ ਮੌਕੇ ਦਲਵਿੰਦਰ ਦਿਆਲਪੁਰੀ ਵੱਲੋਂ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਅੰਦਰ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਬੜ੍ਹਾਵਾ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਨਰਿੰਦਰ ਸਿੰਘ ਭੱਟੀ ਅੰਡਰ ਸੈਕਟਰੀ ਵਿਧਾਨ ਸਭਾ, ਅਸ਼ੋਕ ਬਾਂਸਲ ਮਾਨਸ਼ਾ (ਸਾਹਿਤਕਾਰ), ਸੂਰਜ ਝੰਡਰ (ਗੀਤਕਾਰ ਤੇ ਗਾਇਕ) ਅਤੇ ਸੰਗੀਤਕ ਤੇ ਸਾਹਿਤਕਾਰ ਪ੍ਰੇਮੀ ਚੰਡੀਗੜ੍ਹ ਹਾਜ਼ਰ ਸਨ।

## ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦਾ ਨਤੀਜਾ ਸ਼ਾਨਦਾਰ




**ਸਰਦੂਲਗੜ੍ਹ (ਅਵਤਾਰ ਜਟਾਣਾ)**-ਦਸਮੇਸ਼ ਕਾਨਵੈਂਟ ਸੀਨੀ. ਸੈਕੰ. ਸਕੂਲ ਸਰਦੂਲਗੜ੍ਹ ਦਾ (ਪੰਜਾਬ ਬੋਰਡ) ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਕੁੱਲ 100 ਵਿਦਿਆਰਥੀਆਂ ਨੇ ਪੇਪਰ ਦਿੱਤੇ, ਜਿਨ੍ਹਾਂ ਵਿੱਚੋਂ 19 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਪ੍ਰਾਪਤ ਕੀਤੇ।15 ਵਿਦਿਆਰਥੀਆਂ ਨੇ 85-90% ਅੰਕ ਪ੍ਰਾਪਤ ਕੀਤੇ, 7 ਵਿਦਿਆਰਥੀਆਂ ਨੇ 80-85% ਅੰਕ ਪ੍ਰਾਪਤ ਕੀਤੇ।ਦਸਵੀਂ ਜਮਾਤ ਦੀ ਵਿਦਿਆਰਥਣ ਕਾਨਤਾ ਦੇਵੀ ਨੇ 638/650 (98.15%) ਫ਼ੀਸਦੀ ਅੰਕ ਪ੍ਰਾਪਤ ਕਰਕੇ ਪੂਰੇ ਪੰਜਾਬ ਮੈਰਿਟ ਵਿੱਚ 12ਵਾਂ ਸਥਾਨ ਹਾਸਲ ਕਰਕੇ ਮਾਨਸਾ ਜ਼ਿਲ੍ਹੇ ਵਿੱਚੋਂ ਦੂਸਰੇ ਸਥਾਨ 'ਤੇ ਰਹਿ ਕੇ ਸਰਦੂਲਗੜ੍ਹ ਸ਼ਹਿਰ ਦਾ ਮਾਨ ਵਧਾਇਆ।ਇਸੇ ਤਰ੍ਹਾਂ ਕਰਮਵੀਰ ਕੌਰ ਨੇ 627 ਅੰਕ ਹਾਸਲ ਕਰਕੇ ਸਕੂਲ 'ਚੋਂ ਦੂਸਰਾ ਅਤੇ ਐਸ਼ਪ੍ਰੀਤ ਤੇ ਪ੍ਰਤਿਭਾ ਨੇ 626 ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।ਇਹ ਵਿਦਿਆਰਥੀ ਜਾਰੀ ਪੰਜਾਬ ਮੈਰਿਟ ਸੂਚੀ ਵਿੱਚੋਂ ਸਿਰਫ 1 ਤੋਂ 2 ਨੰਬਰਾਂ ਤੋਂ ਵਾਂਝੇ ਰਹਿ ਗਏ।ਇਸ ਤਰ੍ਹਾਂ ਪ੍ਰਗਤੀ ਗੋਦਾਰਾ 621, ਦਰੁਵ ਵਰਮਾ 620, ਮਨਦੀਪ ਕੌਰ 619, ਲਕਸ਼ੈ 619, ਭਾਵਿਕਾ 613, ਕਾਰਤਿਕ 607, ਖੁਸ਼ਪ੍ਰੀਤ ਕੌਰ 606 ਤੇ ਜਸਮੀਨ 601, ਰਾਜਦੀਪ ਸਿੰਘ 601, ਮਨਪ੍ਰੀਤ ਕੌਰ 600, ਹੁਸਨਦੀਪ ਕੌਰ, ਰਨਦੀਪ ਕੌਰ 593, ਰਵਿੰਦਰ ਕੌਰ 593, ਤਮੰਨਾ ਦੇਵੀ 587, ਆਰੀਅਨ ਦੇਵਗਨ 585 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਚਮਕਾਇਆ।ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ, ਪ੍ਰਿੰਸੀਪਲ ਪਰਮਿੰਦਰ ਕੌਰ ਸੰਧੂ, ਵਾਈਸ ਪ੍ਰਿੰਸੀਪਲ ਮਨਦੀਪ ਕੌਰ ਬਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਨੇ ਬਹੁਤ ਵਧੀਆ ਨਤੀਜਾ ਪ੍ਰਾਪਤ ਕਰਦੇ ਹੋਏ ਸਕੂਲ ਤੇ ਜ਼ਿਲ੍ਹੇ ਦਾ ਨਾਮ ਪੰਜਾਬ ਪੱਧਰ 'ਤੇ ਰੌਸ਼ਨ ਕੀਤਾ।ਉਨ੍ਹਾਂ ਸਕੂਲ ਦੇ ਮਿਹਨਤੀ ਸਟਾਫ, ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੰਦੇ ਹੋਏ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

## 265 ਗ੍ਰਾਮ ਹੈਰੋਇਨ ਸਣੇ 2 ਸਮਗਲਰ ਗ੍ਰਿਫਤਾਰ



**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਟੀ-ਪੁਆਇੰਟ ਡਰੀਮ ਵਿਲਾ ਪੈਲੇਸ ਕੋਲ 265 ਗ੍ਰਾਮ ਹੈਰੋਇਨ ਤੇ ਇਕ ਮੋਟਰਸਾਈਕਲ ਸਮੇਤ 2 ਸਮਗਲਰਾਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਕੇਵਲ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਨਹਿਰ (ਸੂਆ) ਦੇ ਪੁਲ ਦੇ ਕੋਲ ਸ੍ਰੀ ਮੁਕਤਸਰ ਸਾਹਿਬ ਰੋਡ ਤੋਂ ਹੇਠਾਂ ਉੱਤਰ ਕੇ ਡਰੀਮ ਵਿਲਾ ਪੈਲੇਸ ਪੁੱਜੀ ਤਾਂ ਇਕ ਮੋਟਰਸਾਈਕਲ 'ਤੇ 2 ਨੌਜਵਾਨ ਸਵਾਰ ਸਨ, ਜੋ ਪਿੰਡ ਮੰਨੇਵਾਲਾ ਲਿੰਕ ਰੋਡ ਤੋਂ ਆਉਂਦੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਮੋਟਰਸਾਈਕਲ ਚਾਲਕ ਵਿਅਕਤੀ ਨੇ ਮੋਟਰਸਾਈਕਲ ਇਕਦਮ ਲਿੰਕ ਰੋਡ ਪਿੰਡ ਹਿਸਾਨਵਾਲਾ ਦੀ ਸਾਇਡ ਨੂੰ ਸਿੱਧਾ ਕਰਕੇ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਮੋਟਰਸਾਈਕਲ ਅਚਾਨਕ ਬੰਦ ਹੋ ਗਿਆ ਤੇ ਦੋਵੇਂ ਨੌਜਵਾਨ ਮੋਟਰਸਾਈਕਲ ਛੱਡ ਕੇ ਮੌਕੇ ਤੋਂ ਭੱਜਣ ਲੱਗੇ, ਪਰ ਪੁਲਸ ਪਾਰਟੀ ਨੇ ਇਨ੍ਹਾਂ ਕਾਬੂ ਕਰਕੇ ਤਲਾਸ਼ੀ ਕੀਤੀ ਗਈ ਤਾਂ ਉਨ੍ਹਾਂ ਕੋਲੋਂ 265 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਕਰਨ ਕੁਮਾਰ ਪੁੱਤਰ ਮਲਕੀਤ ਸਿੰਘ ਵਾਸੀ ਮਹਾਲਮ ਤੇ ਸਾਜਨ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਗੁਮਾਨੀਵਾਲਾ ਖੂਹ ਨੂੰ ਗ੍ਰਿਫਤਾਰ ਕਰਕੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## 66 ਕੇ ਵੀ ਸਬ-ਸਟੇਸ਼ਨ ਦਾ ਵਿਧਾਇਕ ਡਾ. ਅਰੋੜਾ ਵੱਲੋਂ ਉਦਘਾਟਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ 60 ਲੱਖ ਰੁਪਏ ਦੀ ਲਾਗਤ ਨਾਲ ਬਣੇ 66 ਕੇ ਵੀ ਸਬ-ਸਟੇਸ਼ਨ ਦਾ ਉਦਘਾਟਨ ਕੀਤਾ। ਇਸ ਮੌਕੇ ਇਲਾਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ 11 ਕੇ ਵੀ ਫੀਡਰਾਂ ਵਿੱਚ ਬੁੱਧ ਸਿੰਘ ਵਾਲਾ ਡੇਰਾ ਅਰਬਨ ਫੀਡਰ, 11 ਕੇ ਵੀ ਬਾਬਾ ਧਰਮ ਦਾਸ ਰੂਰਲ ਫੀਡਰ, 11 ਕੇ ਵੀ ਸ਼ਹੀਦ ਭਗਤ ਸਿੰਘ ਅਰਬਨ ਫੀਡਰ ਸ਼ਾਮਲ ਹਨ। ਇਨ੍ਹਾਂ ਸਾਰੇ ਸਟੇਸ਼ਨਾਂ ਦੇ ਸ਼ੁਰੂ ਹੋਣ ਨਾਲ, ਪ੍ਰੀਤ ਨਗਰ, ਪਹਾੜਾ ਸਿੰਘ ਚੌਕ, ਚੁੰਗੀ ਨੰਬਰ 3, ਕਰਤਾਰ ਨਗਰ, ਦਮਨ ਸਿੰਘ ਗਿੱਲ ਨਗਰ, ਗੁਰੂ ਹਰਕ੍ਰਿਸ਼ਨ ਨਗਰ, ਨਿਗਾਹਾ ਰੋਡ, ਮਹਿਮੇ ਵਾਲਾ ਦੇ ਇਲਾਕਿਆਂ ਵਿੱਚ ਖੇਤੀ ਲਈ ਰਹਿਣ ਵਾਲੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖਪਤਕਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦੇਵੇਗੀ। ਉਨ੍ਹਾਂ ਮੋਗਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਕਿਸੇ ਕਿਸਮ ਦੀ ਸਮੱਸਿਆ ਆ ਰਹੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਵਰਕਾਮ ਦੇ ਨਿਗਰਾਨ ਇੰਜੀਨੀਅਰ ਬਲਵੀਰ ਸਿੰਘ, ਐੱਸ.ਡੀ.ਓ. ਮਨਦੀਪ ਸਿੰਘ ਤੇ ਸਟਾਫ਼ ਨੇ ਇਸ ਕੰਮ ਨੂੰ ਬਹੁਤ ਮਿਹਨਤ ਤੇ ਲਗਨ ਨਾਲ ਪੂਰਾ ਕੀਤਾ। ਇਸ ਮੌਕੇ ਪਾਵਰਕਾਮ ਦੇ ਨਿਗਰਾਨ ਇੰਜੀਨੀਅਰ ਬਲਵੀਰ ਸਿੰਘ, ਐੱਸ.ਡੀ.ਓ. ਮਨਦੀਪ ਸਿੰਘ, ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, 'ਆਪ' ਸ਼ਹਿਰੀ ਪ੍ਰਧਾਨ ਸਾਬਕਾ ਕੌਂਸਲਰ ਪ੍ਰੇਮ ਚੰਦ ਚੱਕੀ ਵਾਲਾ, ਰਾਕੇਸ਼ ਮਿੱਢਾ, ਜਗਸੀਰ ਹੁੰਦਲ, ਸੰਨੀ ਧਾਲੀਵਾਲ, ਸੁਭਾਸ਼ ਗਰੋਵਰ ਤੋਂ ਇਲਾਵਾ ਪਾਵਰਕਾਮ ਦੇ ਅਧਿਕਾਰੀ, ਕਰਮਚਾਰੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਵਰਕਰ ਹਾਜ਼ਰ ਸਨ।

## ਸੰਜੀਵ ਕੁਮਾਰ ਪੀ ਐੱਸ ਟੀ ਸੀ ਐੱਲ ਦੇ ਡਾਇਰੈਕਟਰ ਨਿਯੁਕਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਨੇ ਸੰਜੀਵ ਕੁਮਾਰ ਸੂਦ ਨੂੰ ਪੀ.ਐੱਸ.ਟੀ.ਸੀ.ਐੱਲ. ਦੇ ਨਵੇਂ ਡਾਇਰੈਕਟਰ/ਤਕਨੀਕੀ ਵਜੋਂ ਨਿਯੁਕਤ ਕੀਤਾ ਹੈ।ਪਾਵਰ ਸੈਕਟਰ ਵਿੱਚ ਇੱਕ ਤਜਰਬੇਕਾਰ ਪੇਸ਼ੇਵਰ, ਸੂਦ ਪੰਜਾਬ ਵਿੱਚ ਬਿਜਲੀ ਸੰਚਾਰ ਤੇ ਵੰਡ ਦੇ ਮੁੱਖ ਖੇਤਰਾਂ ਵਿੱਚ 34 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਦੇ ਹਨ।ਸੂਦ ਨੇ ਆਪਣੇ ਪੇਸ਼ੇਵਰ ਸਫ਼ਰ ਦੀ ਸ਼ੁਰੂਆਤ ਭਾਰਤ ਸਰਕਾਰ ਦੇ ਦੂਰਸੰਚਾਰ ਵਿਭਾਗ ਨਾਲ ਕੀਤੀ, ਜਿੱਥੇ ਉਨ੍ਹਾਂ ਨੇ ਦੋ ਸਾਲ ਸੇਵਾਵਾਂ ਨਿਭਾਈਆਂ ਅਤੇ ਫਿਰ ਰਾਜ ਦੇ ਪਾਵਰ ਸੈਕਟਰ ਵਿੱਚ ਆ ਗਏ। ਉਦੋਂ ਤੋਂ, ਉਹ ਲਗਾਤਾਰ ਤਰੱਕੀ ਕਰਦੇ ਰਹੇ ਹਨ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਤੇ ਪੀ.ਐੱਸ.ਟੀ.ਸੀ.ਐੱਲ. ਦੋਵਾਂ ਵਿੱਚ ਕਈ ਮਹੱਤਵਪੂਰਨ ਤਕਨੀਕੀ ਤੇ ਲੀਡਰਸ਼ਿਪ ਅਹੁਦਿਆਂ 'ਤੇ ਰਹੇ।ਉਹ ਪਿਛਲੇ 30 ਸਾਲਾਂ ਤੋਂ ਪੀ.ਐੱਸ.ਈ.ਬੀ.ਈ.ਏ. ਨਾਲ ਜੁੜੇ ਰਹੇ ਤੇ ਇਸ ਦੇ ਪ੍ਰਧਾਨ ਤੇ ਸਕੱਤਰ ਜਨਰਲ ਐੱਨ.ਆਈ.ਪੀ.ਈ.ਐੱਫ. ਵਜੋਂ ਕੰਮ ਕੀਤਾ।ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਮਾਣਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ, ਬਿਜਲੀ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ., ਮੁੱਖ ਸਕੱਤਰ ਪੰਜਾਬ ਸ੍ਰੀ ਕੇ.ਏ.ਪੀ. ਸਿਨਹਾ, ਆਈ.ਏ.ਐੱਸ. ਤੇ ਸਕੱਤਰ ਪਾਵਰ ਸ੍ਰੀ ਅਜੋਏ ਕੁਮਾਰ ਸਿਨਹਾ ਦਾ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ।

# ਪੰਜਾਬ ਦੀ ਆਰਥਿਕ ਮੰਦੀ ਲਈ ਕੇਂਦਰ ਤੇ ਪੰਜਾਬ ਸਰਕਾਰ ਬਰਾਬਰ ਜ਼ਿੰਮੇਵਾਰ : ਸੇਖੋਂ

**ਸੂਬਾ ਸਰਕਾਰ ਕਰਜ਼ਾ ਸਿਰ ਚੜ੍ਹਾਉਣ ਦੀ ਬਜਾਏ ਆਮਦਨ ਦੇ ਸਾਧਨ ਪੈਦਾ ਕਰੇ**

**ਬਠਿੰਡਾ (ਬਖ਼ਤੌਰ ਢਿੱਲੋਂ)**-ਪੰਜਾਬ ਅੱਜ ਆਰਥਿਕ ਮੰਦੀ ਦਾ ਸ਼ਿਕਾਰ ਹੋ ਰਿਹਾ ਹੈ ਤੇ ਇਸ ਰੁਝਾਨ ਲਈ ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਬਰਾਬਰ ਦੀਆਂ ਜ਼ਿੰਮੇਵਾਰ ਹਨ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਜੇਕਰ ਕੇਂਦਰ ਦੀ ਮੋਦੀ ਸਰਕਾਰ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ ਤਾਂ ਪੰਜਾਬ ਸਰਕਾਰ ਬੇਲੋੜੇ ਖ਼ਰਚੇ ਕਰਕੇ ਰਾਜ ਸਿਰ ਕਰਜ਼ੇ ਦੀ ਪੰਡ ਨੂੰ ਹੋਰ ਬੋਝਲ ਬਣਾ ਰਹੀ ਹੈ।

ਕਾ: ਸੇਖੋਂ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਆਪਣੇ ਸਮੇਂ ਦੌਰਾਨ 1 ਲੱਖ 32 ਹਜ਼ਾਰ ਕਰੋੜ ਰੁਪਏ ਕਰਜ਼ਾ ਮੰਗਵਾ ਲਿਆ ਹੈ। ਇਕ ਅਨੁਮਾਨ ਅਨੁਸਾਰ ਚਾਲੂ-ਮਾਲੀ ਸਾਲ ਦੇ ਅੰਤ ਤੱਕ ਪੰਜਾਬ ਸਿਰ ਕੁੱਲ ਕਰਜ਼ਾ 4 ਲੱਖ 17 ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਰਾਜ ਸਰਕਾਰ ਕਰਜ਼ੇ ਦੀ ਰਾਸ਼ੀ ਵਧਾਉਣ ਤੋਂ ਕੋਈ ਸੰਕੋਚ ਨਹੀਂ ਕਰ ਰਹੀ, ਦੂਜੇ ਪਾਸੇ ਇਸ ਵੱਡੀ ਕਰਜ਼ੇ ਦੀ ਰਕਮ ਮੋੜਨੀ ਰਾਜ ਸਰਕਾਰ ਦੀ ਅਸਮਰੱਥਤਾ ਬਣੀ ਹੋਈ ਹੈ। ਕਰਜ਼ਾ ਨਾ ਮੋੜਨ ਕਾਰਨ ਹੁਣ ਕੇਂਦਰ ਸਰਕਾਰ ਨੇ ਹੋਰ ਕਰਜ਼ਾ ਦੇਣ 'ਤੇ ਕੱਟ ਲਗਾ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਕਰੀਬ 47 ਹਜ਼ਾਰ ਕਰੋੜ ਰੁਪਏ ਕਰਜ਼ੇ ਦੀ ਮੰਗ ਕੀਤੀ ਸੀ, ਪਰ ਕੇਂਦਰ ਨੇ ਸਿਰਫ 16 ਹਜ਼ਾਰ 676 ਕਰੋੜ ਰੁਪਏ ਕਰਜ਼ਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਤਰ੍ਹਾਂ ਤਕਰੀਬਨ 21 ਹਜ਼ਾਰ 9 ਸੌ ਕਰੋੜ ਰੁਪਏ ਦਾ ਕੱਟ ਲਾ ਦਿੱਤਾ ਹੈ।

ਸੂਬਾ ਸਕੱਤਰ ਨੇ ਕਿਹਾ ਕਿ ਇਹ ਅੰਕੜੇ ਪੰਜਾਬ ਦੀ ਆਰਥਿਕ ਮੰਦਹਾਲੀ ਦੀ ਨਿਸ਼ਾਨਦੇਹੀ ਕਰਦੇ ਹਨ। ਸੂਬਾ ਸਰਕਾਰ ਕਰਜ਼ਾ ਦੇਣ 'ਤੇ ਲਾਏ ਕੱਟ ਨੂੰ ਪੰਜਾਬ ਨਾਲ ਵਿਤਕਰਾ ਦੱਸ ਰਹੇ ਹਨ, ਜਦਕਿ ਕੇਂਦਰ ਪਹਿਲਾਂ ਦਿੱਤੇ ਕਰਜ਼ੇ ਦੀ ਵਾਪਸੀ ਨਾ ਹੋਣ ਦਾ ਕਾਰਨ ਕਹਿ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਨਾਲ ਵਿਤਕਰਾ ਕਰਦੀ ਰਹੀ ਹੈ, ਪਰ ਪੰਜਾਬ ਸਰਕਾਰ ਵੀ ਮੰਦੀ ਦੇ ਸੁਧਾਰ ਕਰਨ ਲਈ ਕੁੱਝ ਨਹੀਂ ਕਰ ਰਹੀ, ਸਗੋਂ ਕਰਜ਼ੇ ਦੀ ਰਕਮ ਦੀ ਬੇਲੋੜੀ ਵਰਤੋਂ ਕਰ ਰਹੀ ਹੈ। ਭਗਵੰਤ ਸਰਕਾਰ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਸੈਂਕੜੇ ਕਰੋੜ ਰੁਪਏ ਇਸ਼ਤਿਹਾਰਬਾਜ਼ੀ 'ਤੇ ਖ਼ਰਚ ਕਰ ਰਹੀ ਹੈ, ਪੰਜਾਬ ਤੋਂ ਬਾਹਰਲੇ ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਨੂੰ ਮੋਟੀਆਂ ਰਕਮਾਂ ਦੇ ਕੇ ਪੰਜਾਬ ਦੇ ਪੈਸੇ ਨੂੰ ਰੋੜ੍ਹ ਰਹੀ ਹੈ, ਪੰਜਾਬ ਦਾ ਪੈਸਾ ਸਕਿਉਰਿਟੀ ਤੇ ਜਹਾਜ਼ਾਂ ਦੀ ਬੇਲੋੜੀ ਵਰਤੋਂ ਕਰਕੇ ਰੋੜ੍ਹਿਆ ਜਾ ਰਿਹਾ ਹੈ।

ਕਾ: ਸੇਖੋਂ ਨੇ ਕਿਹਾ ਕਿ ਆਰਥਿਕ ਹਾਲਤ ਸੁਧਾਰਨ ਲਈ ਪੰਜਾਬ ਕੋਈ ਵੀ ਵਧੀਆ ਨੀਤੀ ਪੇਸ਼ ਨਹੀਂ ਕਰ ਸਕੀ। ਸਰਕਾਰ ਹੋਂਦ ਵਿੱਚ ਆਉਣ 'ਤੇ ਮਾਈਨਿੰਗ ਨੀਤੀ, ਸ਼ਰਾਬ ਨੀਤੀ, ਖੇਤੀ ਨੀਤੀ ਰਾਹੀਂ ਪੈਸਾ ਇਕੱਠਾ ਕਰਨ ਦੇ ਐਲਾਨ ਕੀਤੇ ਸਨ, ਪਰ ਅੱਜ ਤੱਕ ਕੋਈ ਨੀਤੀ ਅਮਲ ਵਿੱਚ ਨਹੀਂ ਲਿਆਂਦੀ ਗਈ। ਇਸ ਦੇ ਉਲਟ ਸਸਤੇ ਭਾਅ ਜ਼ਮੀਨਾਂ ਖਰੀਦ ਕੇ ਗਮਾਡਾ ਜਾਂ ਹੋਰ ਏਜੰਸੀਆਂ ਰਾਹੀਂ ਮਹਿੰਗੇ ਭਾਅ ਵੇਚ ਕੇ ਰਾਜ ਸਰਕਾਰ ਵੱਲੋਂ ਕੁੱਝ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਪੰਜਾਬ ਦੀ ਆਰਥਿਕ ਮੰਦੀ ਵਿੱਚ ਵਾਧਾ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਕਾ: ਸੇਖੋਂ ਨੇ ਕਿਹਾ ਕਿ ਰਾਜ ਸਰਕਾਰ ਹੋਰ ਕਰਜ਼ਾ ਸਿਰ ਚੜ੍ਹਾਉਣ ਦੀ ਬਜਾਏ ਆਮਦਨ ਦੇ ਸਾਧਨ ਪੈਦਾ ਕਰੇ ਤੇ ਕੇਂਦਰ ਸਰਕਾਰ ਵੀ ਰਾਜ ਦੀ ਸਥਿਤੀ ਨੂੰ ਸਮਝ ਕੇ ਸੁਧਾਰ ਕਰਨ ਵਿੱਚ ਸਹਿਯੋਗ ਦੇਵੇ।

## ਨੰਬਰਦਾਰ ਰੁਪਿੰਦਰ ਸਿੰਘ ਨੂੰ ਸਦਮਾ, ਮਾਤਾ ਦਾ ਦਿਹਾਂਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** : ਪੰਥ ਰਤਨ ਦੇ ਸਵ. ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਿੱਜੀ ਮਿੱਤਰ ਸਵ. ਬਲਵੰਤ ਸਿੰਘ ਨੰਬਰਦਾਰ ਦੀ ਪਤਨੀ ਤੇ ਨੰਬਰਦਾਰ ਰੁਪਿੰਦਰ ਸਿੰਘ ਪੱਤੀ ਦੁੱਲਟ ਦੀ ਮਾਤਾ ਹਰਦੇਵ ਕੌਰ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦਾ ਸਸਕਾਰ ਰਾਮ ਬਾਗ ਵਿਖੇ ਕੀਤਾ ਗਿਆ। ਇਸ ਮੌਕੇ ਮਹਿੰਦਰ ਸਿੰਘ ਦੁੱਲਟ ਚੇਅਰਮੈਨ ਭਾਈ ਦਿਆਲਾ ਜੀ ਪਬਲਿਕ ਸਕੂਲ, ਪ੍ਰਿੰ. ਨਰਪਿੰਦਰ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਕਮਲ ਬਰਾੜ, ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿੱਲ, ਬਲਵਿੰਦਰ ਸਿੰਘ ਢਿੱਲੋਂ, ਗੁਰਮੀਤ ਸਿੰਘ ਲੱਲੀ, ਸੁਰਜੀਤ ਸਿੰਘ ਦੁੱਲਟ, ਗੁਰਜੀਤ ਸਿੰਘ ਪਟਵਾਰੀ ਸਾਬਕਾ ਕਾਨੂੰਗੋ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਮਾ. ਹਰਨੇਕ ਸਿੰਘ, ਅਜੈਬ ਸਿੰਘ, ਵਿਜੇ ਗੋਇਲ, ਕਾਲਾ ਮਿੱਤਲ, ਸੰਜੇ ਸੈਨ, ਭਾਜਪਾ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ, ਬੀਬੀ ਸਮਿੰਦਰ ਕੌਰ ਗਿੱਲ, ਰਣਜੀਤ ਸਿੰਘ, ਵਪਾਰ ਮੰਡਲ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਗਲਾ ਤੋਂ ਇਲਾਵਾ ਵੱਖ-ਵੱਖ ਪਾਰਟੀਆਂ, ਨੰਬਰਦਾਰ ਯੂਨੀਅਨ ਦੇ ਸਾਰੇ ਆਗੂ ਹਾਜ਼ਰ ਸਨ। ਇਸ ਮੌਤ 'ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਹਲਕੇ ਦੇ ਕਿਸਾਨਾਂ ਦਾ ਜੋ ਵੀ ਸਾਮਾਨ ਗੁੰਮ ਹੋਇਆ, ਉਸ ਨੂੰ ਲੱਭਣਾ ਮੇਰੀ ਜ਼ਿੰਮੇਵਾਰੀ : ਸੇਖੋਂ

### ਵਿਧਾਇਕ ਨੇ ਕਿਸਾਨਾਂ ਦੇ ਸਵਾਲਾਂ ਦੇ ਦਿੱਤੇ ਜਵਾਬ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਪਿੰਡ ਨੱਥੇਵਾਲਾ ਵਿਖੇ ਕਿਸਾਨ ਵੀਰਾਂ ਨੂੰ ਮਿਲੇ ਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ 'ਤੇ ਹਲਕੇ ਦੇ ਕਿਸਾਨਾਂ ਦਾ ਜੋ ਵੀ ਸਾਮਾਨ ਗੁੰਮ ਹੋਇਆ, ਇਸ ਦੀ ਜ਼ਿੰਮੇਵਾਰੀ ਮੇਰੀ ਹੈ ਤੇ ਜੇਕਰ ਸਾਮਾਨ ਨਹੀਂ ਲੱਭਦਾ ਤਾਂ ਮੈਂ ਸਾਮਾਨ ਆਪਣੇ ਕੋਲੋਂ ਕਿਸਾਨ ਵੀਰਾਂ ਨੂੰ ਦੇਵਾਂਗਾ।ਉਨ੍ਹਾਂ ਕਿਹਾ ਕਿ ਉਹ ਖ਼ੁਦ ਕਿਸਾਨ ਹਨ ਤੇ ਕਿਸਾਨਾਂ ਦਾ ਦਰਦ ਸਮਝਦੇ ਹਨ।ਜ਼ਿਕਰਯੋਗ ਹੈ ਕਿ ਕਿਸਾਨ ਜਥੇਬੰਦੀਆਂ ਵੱਲੋਂ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੂੰ ਪਿੰਡ ਨੱਥੇਵਾਲਾ ਵਿੱਚ ਕੀਤੇ ਸਵਾਲਾਂ ਦੇ ਜਵਾਬ ਮੰਗੇ ਸਨ, ਜਿਸ ਕਰਕੇ ਹਲਕਾ ਵਿਧਾਇਕ ਸ੍ਰ. ਸੇਖੋਂ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਕਿਸਾਨ ਵੀਰਾਂ ਦਾ ਜੋ ਵੀ ਸਾਮਾਨ ਗੁੰਮ ਹੋਇਆ, ਜੇ ਨਹੀਂ ਲੱਭਦਾ ਤਾਂ ਉਸ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਜੋ ਵੀ ਸਾਮਾਨ ਕਿਸਾਨ ਵੀਰਾਂ ਦਾ ਗਵਾਚਿਆ ਹੈ, ਉਹ ਮੈਂ ਦੇਵਾਂਗਾ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸੇਵਾ ਲਈ ਮੈਂ 24 ਘੰਟੇ ਹਾਜ਼ਰ ਰਹਿੰਦਾ ਹਾਂ।ਉਨ੍ਹਾਂ ਕਿਹਾ ਕਿ ਹਲਕੇ ਦੇ ਕਿਸਾਨ ਲਿਸਟ ਬਣਾ ਕੇ ਦੇਣ ਕਿ ਉਨ੍ਹਾਂ ਦਾ ਕੀ ਸਾਮਾਨ ਖਨੌਰੀ ਬਾਰਡਰ 'ਤੇ ਗੁੰਮ ਹੋਇਆ ਹੈ।ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਹਲਕੇ ਦੇ ਕਿਸਾਨਾਂ ਨਾਲ ਖੁਦ ਖਨੌਰੀ ਬਾਰਡਰ 'ਤੇ ਜਾ ਕੇ ਉਨ੍ਹਾਂ ਦਾ ਸਾਮਾਨ ਲੈ ਕੇ ਆਏ ਸਨ।

## ਵਿਆਹੁਤਾ 'ਤੇ ਡੀਜ਼ਲ ਪਾ ਕੇ ਸਾੜਨ ਦੀ ਕੋਸ਼ਿਸ਼ ਹੇਠ ਪਤੀ, ਜੇਠ ਤੇ ਜੇਠਾਣੀ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਵਿਆਹੁਤਾ ਔਰਤ ਵੱਲੋਂ ਆਪਣੇ ਪਤੀ, ਜੇਠ ਤੇ ਜਠਾਣੀ 'ਤੇ ਉਸਦੀ ਕੁੱਟਮਾਰ ਕਰਨ ਅਤੇ ਤੇਲ ਪਾ ਕੇ ਉਸ ਨੂੰ ਸਾੜਨ ਦੀ ਕੋਸ਼ਿਸ਼ ਕਰਨ ਦੇ ਲਾਏ ਗਏ ਦੋਸ਼ਾਂ ਦੇ ਮੱਦੇਨਜ਼ਰ ਖਮਾਣੋਂ ਪੁਲਸ ਵੱਲੋਂ ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਇੱਕ ਮਹਿਲਾ ਨੇ ਦੋਸ਼ ਲਾਏ ਸਨ ਕਿ ਬੀਤੀ 24 ਮਾਰਚ ਨੂੰ ਉਸਦੇ ਪਤੀ, ਜੇਠ ਤੇ ਜੇਠਾਣੀ ਵੱਲੋਂ ਉਸਦੀ ਕੁੱਟਮਾਰ ਕੀਤੀ ਗਈ ਤੇ ਉਸ ਉੱਤੇ ਡੀਜ਼ਲ ਪਾ ਕੇ ਉਸ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਗੁਰਚਰਨ ਸਿੰਘ, ਬਲਵਿੰਦਰ ਸਿੰਘ ਤੇ ਸ਼ਰਨਜੀਤ ਕੌਰ ਵਾਸੀ ਪਿੰਡ ਬਰਵਾਲੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖਮਾਣੋਂ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਨਤੀਜਿਆਂ 'ਚੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀ ਸਨਮਾਨਤ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੀ.ਬੀ.ਐਸ.ਈ. ਦੁਆਰਾ ਘੋਸ਼ਿਤ ਨਤੀਜਿਆਂ ਵਿੱਚੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ ਦਾ ਆਯੋਜਨ ਬੜੀ ਧੂਮ ਧਾਮ ਨਾਲ ਕੀਤਾ ਗਿਆ। ਡਾ. ਉਪਾਸਨਾ ਭੁੰਬਲਾ (ਪ੍ਰੋਫੈਸਰ ਐਂਡ ਹੈੱਡ ਮਾਈਕ੍ਰੋਬਾਇਲੋਜੀ ਵਿਭਾਗ ਆਦੇਸ਼ ਮੈਡੀਕਲ ਕਾਲਜ ਬਠਿੰਡਾ) ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ ਡਾ. ਅਦਿਤੀ, ਡਾ. ਨੰਦਿਤਾ ਗਰੋਵਰ, ਪ੍ਰੋ. ਐਨ ਕੇ ਗੌਂਸਾਈ ਤੇ ਹੋਰ ਪਤਵੰਤੇ ਸੱਜਣ ਇਸ ਸਮਾਰੋਹ ਵਿੱਚ ਸ਼ਾਮਲ ਸਨ। ਸਕੂਲ ਦੇ ਐਮ.ਡੀ. ਪ੍ਰੋ.ਐਮ.ਐਲ. ਅਰੋੜਾ ਦੁਆਰਾ ਮਹਿਮਾਨਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਆਭਾਸ ਗੁਪਤਾ 92.2%, ਫਰੋਸ਼ੀ ਗਰਗ 91%, ਸੌਰਵ ਅਰੋੜਾ 90.2% ਤੇ ਦਸਵੀਂ ਜਮਾਤ ਦੇ ਵਿਦਿਆਰਥੀ ਗੁਰਕੀਰਤ ਸਿੰਘ 95.2%, ਮਨਪ੍ਰੀਤ ਸਿੰਘ 93.2%, ਅਸ਼ਬੀਰ ਕੌਰ 90.6% ਅੰਕ ਤੇ 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ 12ਵੀਂ ਦੇ 120 ਵਿਦਿਆਰਥੀਆਂ 'ਚੋਂ 25 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਤੇ ਦਸਵੀਂ ਦੇ 84 ਵਿਦਿਆਰਥੀਆਂ ਵਿੱਚੋਂ 35 ਵਿਦਿਆਰਥੀ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਇਸ ਦੌਰਾਨ ਪਹੁੰਚੇ ਸਭਨਾਂ ਮਹਿਮਾਨਾਂ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਮੁੱਖ ਮਹਿਮਾਨ ਡਾ. ਉਪਾਸਨਾ ਭੁੰਬਲਾ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦਿਆਂ ਆਪਣੇ ਸੰਦੇਸ਼ ਵਿੱਚ ਵਿਦਿਆਰਥੀਆਂ ਨੂੰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਪ੍ਰੋਫੈਸਰ ਐਨ ਕੇ ਗੌਂਸਾਈ ਨੇ ਵਿਦਿਆਰਥੀਆਂ ਨੂੰ ਉੱਚੇ ਸੁਪਨੇ ਦੇਖਣ ਲਈ ਪ੍ਰੇਰਿਤ ਕੀਤਾ। ਸਮਾਰੋਹ ਵਿੱਚ ਵਿਦਿਆਰਥੀਆਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਐਵਾਰਡ ਲੈਂਦੇ ਦੇਖ ਕੇ ਮਾਣ ਮਹਿਸੂਸ ਕਰ ਰਹੇ ਸਨ। ਇਸ ਦੌਰਾਨ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ। ਸਕੂਲ ਦੇ ਐਮ.ਡੀ.ਪ੍ਰੋ.ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਮੈਡਮ ਕੁਲਵੰਤ ਕੌਰ ਨੇ ਵਿਦਿਆਰਥੀਆਂ ਨੂੰ ਸਫ਼ਲਤਾ 'ਤੇ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਕੀਤਾ।

## ਕਿੰਡਰ ਗਾਰਡਨ ਵਿੰਗ ਦੇ ਬੱਚਿਆਂ ਨੂੰ ਦਿੱਤੀ ਇੰਦਰੀਆਂ ਬਾਰੇ ਜਾਣਕਾਰੀ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਵਿਖੇ ਕਿੰਡਰ ਗਾਰਡਨ ਵਿੰਗ ਦੇ ਬੱਚਿਆਂ ਨੂੰ ਸਰੀਰ ਦੀਆਂ ਇੰਦਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਅਧਿਆਪਕਾਂ ਨੇ ਸਰੀਰ ਦੀਆਂ ਇੰਦਰੀਆਂ ਦੇ ਮਹੱਤਵ ਤੇ ਯੋਗਤਾ ਬਾਰੇ ਵਿਸਥਾਰ ਨਾਲ ਜਾਣੂ ਕਰਾਇਆ।ਇਹ ਕਾਰਜ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਦੀ ਅਗਵਾਈ ਹੇਠ ਕਰਾਇਆ ਗਿਆ। ਉਨ੍ਹਾਂ ਬੱਚਿਆਂ ਨੂੰ ਅੱਖਾਂ, ਨੱਕ, ਕੰਨ, ਜੀਭ ਤੇ ਚਮੜੀ ਦੇ ਕੰਮ ਬਾਰੇ ਸੌਖੀ ਦੇ ਰੌਚਕ ਭਾਸ਼ਾ ਵਿੱਚ ਜਾਣਕਾਰੀ ਦਿੱਤੀ।ਨਾਲ ਹੀ ਸਮਝਾਇਆ ਕਿ ਇਹ ਇੰਦਰੀਆਂ ਸਾਨੂੰ ਆਪਣੇ ਆਸ-ਪਾਸ ਦੀ ਪ੍ਰਸਥਿਤੀ ਨੂੰ ਸਮਝਣ, ਅਨੁਭਵ ਕਰਨ ਤੇ ਸੰਭਾਵੀ ਖਤਰਨਾਕ ਹਾਲਾਤ ਤੋਂ ਸੁਚੇਤ ਰਹਿਣ ਵਿੱਚ ਕਿਵੇਂ ਸਹਾਇਤਾ ਕਰਦੀਆਂ ਹਨ।ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਤੇ ਪ੍ਰੈਕਟੀਕਲ, ਉਦਾਹਰਨਾਂ ਰਾਹੀਂ ਇੰਦਰੀਆਂ ਦੀ ਮਹੱਤਤਾ ਬਾਰੇ ਅਨੁਭਵ ਕਰਾਇਆ ਗਿਆ, ਜਿਸ ਨਾਲ ਉਹਨਾਂ ਦੀ ਸਮਝ ਹੋਰ ਗਹਿਰੀ ਹੋਈ।ਬੱਚਿਆਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਕਾਰਜ ਕਰਮ ਦੇ ਅੰਤ ਵਿੱਚ ਆਪਣੇ ਅਨੁਭਵ ਸਾਂਝੇ ਕੀਤੇ। ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਸੇਖਣਿਕ ਗਤੀਵਿਧੀਆਂ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਲਾਭਕਾਰੀ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਵਿਹਾਰਕ ਗਿਆਨ ਪ੍ਰਦਾਨ ਕਰਦੀਆਂ ਹਨ।

## ਅਮੋਲਕ ਸਿੰਘ ਨੂੰ ਪੰਚਾਇਤੀ ਰਾਜ ਕਮੇਟੀ ਦਾ ਮੈਂਬਰ ਬਣਾਉਣਾ ਧੱਕੇਸ਼ਾਹੀ : ਲਛਮਣ ਸਿੰਘ ਸੇਵੇਵਾਲਾ



**ਜੈਤੋ (ਸਤੀਸ਼ ਕੁਮਾਰ ਭੀਰੀ)**-ਐਮ ਐਲ ਏ ਅਮੋਲਕ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਰਾਜ ਕਮੇਟੀ ਤੇ ਪਟੀਸ਼ਨ ਕਮੇਟੀ ਦਾ ਮੈਂਬਰ ਬਣਾਉਣ ਦਾ ਮੁੱਖ ਕਾਰਨ ਪੇਂਡੂ ਵਿਕਾਸ ਤੇ ਪੰਚਾਇਤਾਂ ਦੇ ਕੰਮ ਨੂੰ ਸੁਚੱਜੇ ਢੰਗ ਚਲਾਉਣਾ ਨਹੀਂ, ਸਗੋਂ ਪੰਚਾਇਤਾਂ ਤੇ ਵਿਧਾਇਕ ਦੀ ਤਾਨਾਸ਼ਾਹੀ ਨੂੰ ਹੋਰ ਮਜ਼ਬੂਤ ਕਰਨਾ ਹੈ।ਐਮ.ਐਲ.ਏ ਦੀ ਧੱਕੇਸ਼ਾਹੀ ਪ੍ਰਤੀ ਆਵਾਜ਼ ਉਠਾਉਣ ਵਾਲਿਆਂ ਖ਼ਿਲਾਫ਼ ਪੁਲਸ ਤਸ਼ੱਦਦ ਕਰਨ ਲਈ ਹੀ ਅਮੋਲਕ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਵੱਲੋਂ ਕੀਤਾ ਗਿਆ।ਉਨ੍ਹਾਂ ਆਖਿਆ ਕਿ ਪਿਛਲੇ ਸਾਲ ਹੋਈਆਂ ਪੰਚਾਇਤੀ ਚੋਣਾਂ ਵਿੱਚ ਵਿਧਾਇਕ ਅਮੋਲਕ ਸਿੰਘ ਵੱਲੋਂ ਧੱਕੇਸ਼ਾਹੀ ਕਰਨ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਗਏ, ਜਿਨ੍ਹਾਂ ਬਾਰੇ ਇਲੈਕਟ੍ਰੋਨਿਕਸ ਮੀਡੀਆ, ਪ੍ਰਿੰਟ ਮੀਡੀਆ ਤੇ ਸੋਸ਼ਲ ਮੀਡੀਆ ਵੱਲੋਂ ਚੀਕ ਚੀਕ ਕੇ ਗਵਾਹੀ ਦਿੱਤੀ ਗਈ ਸੀ।ਉਨ੍ਹਾਂ ਕਿਹਾ ਕਿ ਜੇਕਰ ਚੰਦਭਾਨ ਤੇ ਮੱਤਾ ਪਿੰਡ ਦੇ ਲੋਕਾਂ ਨੇ ਸਰਕਾਰ ਵਿਰੋਧੀ ਸਰਪੰਚ ਦੇ ਉਮੀਦਵਾਰ ਜਿਤਾ ਦਿੱਤੇ ਤਾਂ ਐਮ ਐਲ ਏ ਅਮੋਲਕ ਸਿੰਘ ਦੀ ਸ਼ਹਿ 'ਤੇ ਚੰਦਭਾਨ ਦੇ ਲੋਕਾਂ ਉੱਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ।ਉਨ੍ਹਾਂ ਆਖਿਆ ਕਿ ਇਸੇ ਧੱਕੇਸ਼ਾਹੀ ਨੂੰ ਹੋਰ ਮਜ਼ਬੂਤ ਕਰਨ ਲਈ ਹੀ ਭਗਵੰਤ ਮਾਨ ਸਰਕਾਰ ਵੱਲੋਂ ਅਮੋਲਕ ਸਿੰਘ ਨੂੰ ਇਨਾਮ ਦਿੱਤਾ ਗਿਆ ਹੈ ਪਰ ਕਿਰਤੀ ਲੋਕ, ਮਾਨ ਸਰਕਾਰ ਤੇ ਵਿਧਾਇਕ ਅਮੋਲਕ ਸਿੰਘ ਦੀ ਹਰ ਧੱਕੇਸ਼ਾਹੀ ਦਾ ਡਟ ਕੇ ਵਿਰੋਧ ਕਰਨਗੇ।

# ਆਕਸਫੋਰਡ ਸਕੂਲ ਵਿਖੇ ਸੈਸ਼ਨ 2025-26 ਲਈ ਕੌਂਸਲ ਦੀ ਚੋਣ



**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਵਿਦਿਆਰਥੀਆਂ ਅੰਦਰ ਲੀਡਰਸ਼ਿਪ ਗੁਣ ਪੈਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਕੌਂਸਲ ਦੀ ਚੋਣ ਕੀਤੀ ਗਈ, ਜਿਸ ਅਧੀਨ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਅੱਗੇ ਆ ਕੇ ਆਪਣਾ ਨਾਮ ਸਕੂਲ ਕੌਂਸਲ ਦੀ ਚੋਣ ਲਈ ਦਰਜ ਕਰਵਾਇਆ। ਇਨ੍ਹਾਂ ਵਿਦਿਆਰਥੀਆਂ ਦੀ ਕਾਬਲੀਅਤ, ਬੋਲਬਾਣੀ, ਅਨੁਸ਼ਾਸਨ ਆਦਿ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੜੇ ਹੀ ਸੁਚੱਜੇ ਢੰਗ ਨਾਲ ਸਕੂਲ ਕੌਂਸਲ ਦੀ ਚੋਣ ਕੀਤੀ ਗਈ। ਇਸ ਕੌਂਸਲ ਲਈ ਇੱਕਤਰ ਹੋਈ ਸਵੇਰ ਦੀ ਸਭਾ ਲਈ ਛੋਟੇ ਬੱਚਿਆਂ ਵੱਲੋਂ ਵੈਲੱਕਮ ਡਾਂਸ ਪੇਸ਼ ਕੀਤਾ ਗਿਆ। ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸਕੂਲ ਕੌਂਸਲ ਦਾ ਮੁੱਖ ਉਦੇਸ਼ ਸਮਝਾਉਂਦੇ ਹੋਏ ਸਕੂਲ ਕੌਂਸਲ ਦੇ ਵਿਦਿਆਰਥੀਆਂ ਨੂੰ ਬੈਚ ਤੇ ਸ਼ੈਸ਼ ਪਹਿਨਾ ਕੇ ਅਲੱਗ-ਅਲੱਗ ਅਹੁਦਿਆਂ ਨਾਲ ਨਿਵਾਜਿਆ। ਗੁਰਵਿੰਦਰ ਸਿੰਘ ਜਮਾਤ ਬਾਰਵੀਂ ਲੋਟਸ ਨੂੰ ਹੈੱਡ ਬੁਆਏ, ਐਸ਼ਵੀਨ ਕੌਰ ਜਮਾਤ ਬਾਰਵੀਂ ਰੋਜ਼ਿਸ ਨੂੰ ਹੈੱਡ ਗਰਲ, ਸਹਿਜਪ੍ਰੀਤ ਸਿੰਘ ਬਾਰਵੀਂ ਰੋਜ਼ਿਸ ਨੂੰ ਸਪੋਰਟਸ ਹੈੱਡ, ਗੁਰਜੋਤ ਕੌਰ ਵਾਂਦਰ ਗਿਆਰਵੀਂ ਰੋਜ਼ਿਸ ਨੂੰ ਕਲਚਰਲ ਹੈੱਡ, ਪ੍ਰਿਆਂਸ਼ ਬਾਂਸਲ ਗਿਆਰਵੀਂ ਰੋਜ਼ਿਸ ਨੂੰ ਡਸਿਪਲਿਨ ਹੈੱਡ ਦੇ ਅਹੁਦੇ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਬਲਿਊ ਹਾਊਸ ਦੀ ਵਿਦਿਆਰਥਣ ਹਰਕੀਰਤ ਕੌਰ ਜਮਾਤ ਨੌਵੀਂ ਨੂੰ ਹਾਊਸ ਕੈਪਟਨ, ਪ੍ਰਨੀਤ ਕੌਰ ਜਮਾਤ ਅੱਠਵੀਂ ਨੂੰ ਵਾਈਸ ਕੈਪਟਨ, ਸਹਿਜਦੀਪ ਸਿੰਘ ਜਮਾਤ ਨੌਵੀਂ ਡੈਫੋਡਿਲ ਨੂੰ ਸਪੋਰਟਸ ਕੈਪਟਨ, ਹਰਸੀਰਤ ਕੌਰ ਜਮਾਤ ਨੌਵੀਂ ਡੈਫੋਡਿਲ ਨੂੰ ਡਸਿਪਲਿਨ ਇੰਚਾਰਜ ਤੇ ਲਵਪ੍ਰੀਤ ਕੌਰ ਨੌਵੀਂ ਡੈਫੋਡਿਲ ਨੂੰ ਕਲਚਰ ਹੈੱਡ ਦੇ ਅਹੁਦੇ ਨਾਲ ਸਨਮਾਨਿਆ ਗਿਆ। ਗਰੀਨ ਹਾਊਸ ਦੀ ਵਿਦਿਆਰਥਣ ਖੁਸ਼ੀ ਗਰਗ ਜਮਾਤ ਨੌਵੀਂ ਸਨਫਲਾਵਰ ਨੂੰ ਹਾਊਸ ਕੈਪਟਨ, ਸਹਿਜ ਜਿੰਦਲ ਜਮਾਤ ਅੱਠਵੀਂ ਨੂੰ ਵਾਈਸ ਕੈਪਟਨ, ਯੁਵਰਾਜ ਸਿੰਘ ਜਮਾਤ ਨੌਵੀਂ ਲੋਟਸ ਨੂੰ ਸਪੋਰਟਸ ਕੈਪਟਨ, ਸਹਿਜਪ੍ਰੀਤ ਕੌਰ ਜਮਾਤ ਨੌਵੀਂ ਰੋਜ਼ਿਸ ਨੂੰ ਕਲਚਰਲ ਸੈਕਟਰੀ ਤੇ ਜਸਕੀਰਤ ਸਿੰਘ ਜਮਾਤ ਨੌਵੀਂ ਰੋਜ਼ਿਸ ਨੂੰ ਡਸਿਪਲਿਨ ਇੰਚਾਰਜ ਬਣਾਇਆ ਗਿਆ। ਇਸੇ ਤਰ੍ਹਾਂ ਰੈੱਡ ਹਾਊਸ ਦੀ ਵਿਦਿਆਰਥਣ ਜਸਵੀਰ ਕੌਰ ਜਮਾਤ ਨੌਵੀਂ ਸਨਫਲਾਵਰ ਨੂੰ ਹਾਊਸ ਕੈਪਟਨ, ਮਨਰੀਤ ਕੌਰ ਜਮਾਤ ਅੱਠਵੀਂ ਸਨਫਲਾਵਰ ਨੂੰ ਵਾਈਸ ਕੈਪਟਨ, ਪਰਮਪ੍ਰੀਤ ਕੌਰ ਜਮਾਤ ਨੌਵੀਂ ਲੋਟਸ ਨੂੰ ਸਪਰੋਟਸ ਕੈਪਟਨ, ਹਰਕੋਮਲ ਨੌਵੀਂ ਸਨਫਲਾਵਰ ਨੂੰ ਕਲਚਰਲ ਸੈਕਟਰੀ ਤੇ ਲਵਜੀਤ ਸਿੰਘ ਨੌਵੀਂ ਰੋਜ਼ਿਸ ਨੂੰ ਡਸਿਪਲਿਨ ਇੰਚਾਰਜ ਦੇ ਅਹੁਦੇ ਨਾਲ ਸਨਮਾਨਿਆ ਗਿਆ। ਯੈਲੋ ਹਾਊਸ ਦੀ ਵਿਦਿਆਰਥਣ ਏਕਮਜੀਤ ਕੌਰ ਨੌਵੀਂ ਸਨਫਲਾਵਰ ਨੂੰ ਹਾਊਸ ਕੈਪਟਨ, ਸੀਰਤ ਸੂੰਧੂ ਜਮਾਤ ਅੱਠਵੀਂ ਸਨਫਲਾਵਰ ਨੂੰ ਵਾਈਸ ਕੈਪਟਨ, ਖੁਸਜੀਤ ਸਿੰਘ ਜਮਾਤ ਨੌਵੀਂ ਡੈਫੋਡਿਲ ਨੂੰ ਸਪਰੋਟਸ ਕੈਪਟਨ, ਮਹਿਕਪ੍ਰੀਤ ਕੌਰ ਜਮਾਤ ਨੌਵੀਂ ਰੋਜ਼ਿਸ ਨੂੰ ਕਲਚਰਲ ਸੈਕਟਰੀ ਤੇ ਸਿਮਰਜੀਤ ਸਿੰਘ ਜਮਾਤ ਨੌਵੀਂ ਰੋਜ਼ਿਸ ਨੂੰ ਡਸਿਪਲਿਨ ਇੰਚਾਰਜ ਦੇ ਅਹੁਦੇ ਨਾਲ ਨਿਵਾਜਿਆ ਗਿਆ। ਇਸੇ ਤਰ੍ਹਾਂ ਛਿੰਦਰਪਾਲ ਕੌਰ ਜਮਾਤ ਗਿਆਰਵੀਂ ਸਨਫਲਾਵਰ ਨੂੰ ਅੰਗਰੇਜ਼ੀ ਸਾਹਿਤਕ ਸਭਾ, ਰਾਜਵਿੰਦਰ ਸਿੰਘ ਜਮਾਤ ਦਸਵੀਂ ਡੈਫੋਡਿਲ ਨੂੰ ਪੰਜਾਬੀ ਸਹਾਿਤਕ ਸਭਾ ਅਤੇ ਹਰਨਿਰਮਤ ਕੌਰ ਜਮਾਤ ਅੱਠਵੀਂ ਰੋਜ਼ਿਸ ਨੂੰ ਹਿੰਦੀ ਸਹਾਿਤਕ ਸਭਾ ਦਾ ਪ੍ਰਤੀਨਿਧ ਚੁਣਿਆ ਗਿਆ। ਇਸ ਮੌਕੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵੀ ਸਕੂਲ ਕੌਂਸਲ ਦੇ ਵਿਦਿਆਰਥੀਆਂ ਨੂੰ ਪ੍ਰਾਪਤ ਹੋਏ ਅਹੁਦਿਆਂ ਦੀ ਵਧਾਈ ਦਿੰਦੇ ਹੋਏ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ ਅਤੇ ਹੱਲਾਸ਼ੇਰੀ ਦਿੱਤੀ ਕਿ ਉਹ ਅੱਗੇ ਆ ਕੇ ਆਪਣੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਉਣ। ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਦੇ ਹੋਏ ਆਪਣੇ ਜੀਵਨ ਅੰਦਰ ਲੀਡਰਸ਼ਿਪ ਦੇ ਗੁਣ ਲਿਆਉਣ ਤੇ ਚੰਗੇ ਨਾਗਰਿਕ ਬਣਨ ਲਈ ਕਿਹਾ। ਇਸ ਸੁਹੰ ਚੁੱਕ ਸਮਾਗਮ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਲੋਕ ਨਾਚ ਭੰਗੜਾ ਵੀ ਪੇਸ਼ ਕੀਤਾ ਗਿਆ। ਇਸ ਸਮੇਂ ਸਕੂਲ ਦੇ ਕੁਆਰਡੀਨੇਟਰਜ਼, ਐਕਟੀਵਿਟੀ ਇੰਚਾਰਜ ਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ। ਇਸ ਸਮੇਂ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸ੍ਰ: ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ) ਸ੍ਰ: ਗੁਰਮੀਤ ਸਿੰਘ ਗਿੱਲ (ਪ੍ਰਧਾਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ (ਜਨਰਲ ਸਕੱਤਰ), ਤੇ ਸਰਪੰਚ ਗੁਰਮੀਤ ਸਿੰਘ ਗਿੱਲ (ਵਿੱਤ ਸਕੱਤਰ) ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦੇ ਹੌਸਲੇ ਨੂੰ ਵਧਾਇਆ।

## ਕੈਰੀਅਰ ਮਾਰਗ ਦਰਸ਼ਨ ਕੌਂਸਲਿੰਗ ਸੈਸ਼ਨ ਦਾ ਆਯੋਜਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਐੱਸ.ਆਰ.ਐੱਸ ਵਿੱਦਿਆਪੀਠ ਵੱਲੋਂ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਕਰੀਅਰ ਮਾਰਗਦਰਸ਼ਨ ਕੌਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਹ ਸੈਸ਼ਨ ਯੂਨੀਵਰਸਿਟੀ ਆਫ਼ ਦਾ ਫਰੇਜ਼ਰ ਵੈਲੀ, ਕੈਨੇਡਾ ਵੱਲੋਂ ਸਾਂਝਾ ਕੀਤਾ ਗਿਆ।ਸੈਸ਼ਨ ਦੌਰਾਨ ਯੂਨੀਵਰਸਿਟੀ ਆਫ਼ ਦਾ ਫਰੇਜ਼ਰ ਵੈਲੀ ਵੱਲੋਂ ਆਈ ਟੀਮ ਨੇ ਵਿਦਿਆਰਥੀਆਂ ਨਾਲ ਕੀਮਤੀ ਜਾਣਕਾਰੀ ਤੇ ਮਾਰਗਦਰਸ਼ਨ ਸਾਂਝਾ ਕੀਤਾ, ਜਿਸ ਨਾਲ ਉਨ੍ਹਾਂ ਨੂੰ ਆਪਣੇ ਭਵਿੱਖੀ ਰੁਝਾਨ ਤੇ ਕਰੀਅਰ ਦੀ ਦਿਸ਼ਾ ਸਮਝਣ ਵਿੱਚ ਮਦਦ ਮਿਲੀ।ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਯੂਨੀਵਰਸਿਟੀ ਆਫ਼ ਦਾ ਫਰੇਜ਼ਰ ਵੈਲੀ, ਕੈਨੇਡਾ ਵੱਲੋਂ ਆਈ ਟੀਮ ਦਾ ਸਨਮਾਨ ਕੀਤਾ ਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਬਣਾਉਣ ਵਿੱਚ ਕਰੀਅਰ ਮਾਰਗਦਰਸ਼ਨ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ।ਸਕੂਲ ਦੀ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਨੇ ਵਿਦਿਆਰਥੀਆਂ ਨੂੰ ਆਪਣੇ ਰੁਝਾਨ ਤੇ ਜੋਸ਼ ਦੀ ਪਛਾਣ ਕਰਨ ਅਤੇ ਆਪਣੇ ਕਰੀਅਰ ਸੰਬੰਧੀ ਸੂਝ-ਬੂਝ ਨਾਲ ਫ਼ੈਸਲੇ ਕਰਨ ਦੀ ਪ੍ਰੇਰਣਾ ਦਿੱਤੀ।ਇਸ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖੀ ਕਰੀਅਰ ਸੰਬੰਧੀ ਸੋਚ-ਵਿਚਾਰ ਅਤੇ ਫੈਸਲਾ ਕਰਨ ਦੇ ਯੋਗ ਬਣਾਉਣਾ ਸੀ। ਵਿਦਿਆਰਥੀਆਂ ਨੇ ਇਸ ਮਾਰਗਦਰਸ਼ਨ ਤੋਂ ਕਾਫ਼ੀ ਲਾਭ ਪ੍ਰਾਪਤ ਕੀਤਾ ਤੇ ਇਹ ਇਵੈਂਟ ਬਹੁਤ ਹੀ ਸਫ਼ਲ ਰਿਹਾ।

## ਹੋਲੀ ਹਾਰਟ ਸਕੂਲ 'ਚ ਲਿਫ਼ਟ ਦਾ ਉਦਘਾਟਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਜੀ. ਹੋਲੀ ਹਾਰਟ ਪਬਲਿਕ ਸਕੂਲ ਵਿੱਚ ਨਵੀਂ ਲਿਫਟ ਦਾ ਉਦਘਾਟਨ ਕੀਤਾ ਗਿਆ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਸੁਸ਼ੀਲ ਗੋਯਲ ਵੱਲੋਂ ਇੱਕ ਨਵੀਂ ਮਿਸਾਲ ਪੇਸ਼ ਕਰੀ ਗਈ।ਲਿਫਟ ਦਾ ਉਦਘਾਟਨ ਕਲਾਸ 12 ਦੀ ਵਿਦਿਆਰਥਣ ਮਿਸ ਹਰਪ੍ਰੀਤ ਕੌਰ ਤੋਂ ਕਰਾਇਆ ਗਿਆ, ਜਿਸ ਨੇ ਸੀ.ਬੀ.ਐਸ.ਈ. ਬੋਰਡ ਵਿੱਚ 96.2% ਅੰਕ ਲੈ ਕੇ ਜ਼ਿਲ੍ਹੇ ਵਿੱਚ ਤੀਜਾ ਸਥਾਨ ਹਾਸਲ ਕੀਤਾ ਹੈ।ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਨੇ ਹਰਪ੍ਰੀਤ ਨੂੰ ਉਸ ਦੇ ਉਤਕ੍ਰਿਸ਼ਟ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਗਰਵ ਮਹਿਸੂਸ ਕਰਦੇ ਹਾਂ ਕਿ ਜਿਹੜੀ ਵਿਦਿਆਰਥਣ ਸਾਡੇ ਸਕੂਲ ਦੀ ਸ਼ਾਨ ਬਣੀ, ਉਸ ਦੇ ਹੱਥੋਂ ਅਸੀਂ ਆਪਣੀ ਨਵੀਂ ਸੁਵਿਧਾ ਦਾ ਉਦਘਾਟਨ ਕਰਾਇਆ ਤੇ ਅਸੀਂ ਭਗਵਾਨ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਲੜਕੀ ਪੜ੍ਹ-ਲਿਖ ਕੇ ਮਿਹਨਤ ਨਾਲ ਆਈ.ਐਸ.ਐਸ ਜਾਂ ਆਈ.ਪੀ.ਐਸ ਜ਼ਰੂਰ ਬਣੇਗੀ।ਨਵੀਂ ਲਿਫ਼ਟ ਨਾਲ ਵਿਦਿਆਰਥੀਆਂ, ਸਟਾਫ਼ ਤੇ ਵਿਸ਼ੇਸ਼ ਤੌਰ 'ਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਆਵਾਜਾਈ ਵਿੱਚ ਆਸਾਨੀ ਮਿਲੇਗੀ। ਇਹ ਸਕੂਲ ਦੀ ਵਿਕਾਸ ਵੱਲ ਇੱਕ ਹੋਰ ਕਦਮ ਹੈ, ਜਿਸਦਾ ਮੁੱਖ ਉਦੇਸ਼ ਸਕੂਲ ਨੂੰ ਹੋਰ ਵੀ ਆਧੁਨਿਕ ਬਣਾਉਣਾ ਹੈ।ਡਾਇਰੈਕਟਰ ਸ੍ਰੀ ਰਾਕੇਸ਼ ਬਾਂਸਲ, ਵਾਇਸ ਪ੍ਰਿੰਸੀਪਲ ਮਿਸ ਪੂਜਾ ਸ਼ਰਮਾ ਤੇ ਕੋਆਰਡੀਨੇਟਰ ਮਿਸ ਪ੍ਰਦੀਪ ਕੌਰ ਗਰੇਵਾਲ ਨੇ ਵੀ ਹਰਪ੍ਰੀਤ ਦੀ ਲਗਨ ਅਤੇ ਦ੍ਰਿੜ ਨਿਸਚੇ ਦੀ ਪ੍ਰਸ਼ੰਸਾ ਕੀਤੀ।

## ਹਰੀ ਨੌਂ 'ਚ 'ਗੁੱਡ ਟੱਚ ਬੈਡ ਟੱਚ' ਬਾਰੇ ਸੈਮੀਨਾਰ ਕਰਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਗੁੱਡ ਟੱਚ ਬੈਡ ਟੱਚ ਬਾਰੇ ਸੈਮੀਨਰ ਕਰਾਇਆ ਗਿਆ, ਜਿਸ ਵਿੱਚ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਨੇ ਦੱਸਿਆ ਕਿ ਅੱਜ-ਕੱਲ੍ਹ ਦੇ ਸਮੇਂ ਵਿੱਚ ਹਰ ਬੱਚੇ ਖਾਸਕਰ ਲੜਕੀਆਂ ਲਈ ਗੁੱਡ ਟੱਚ ਬੈਡ ਟੱਚ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।ਸਿਰਫ਼ ਬੱਚੇ ਹੀ ਨਹੀਂ, ਸਗੋਂ ਮਾਤਾ-ਪਿਤਾ ਲਈ ਜਾਣਨਾ ਵੀ ਬਹੁਤ ਜ਼ਰੂਰੀ ਹੈ ਤਾਂ ਜੁ ਉਹ ਆਪਣੇ ਬੱਚਿਆਂ ਨੂੰ ਇਸ ਬਾਰੇ ਦੱਸ ਸਕਣ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਵੀ ਆਪਣੇ ਮਾਤਾ-ਪਿਤਾ ਨਾਲ ਕਿਸੇ ਵੀ ਵਿਸ਼ੇ 'ਤੇ ਗੱਲ ਕਰਨ ਲਈ ਸ਼ਰਮ ਮਹਿਸੂਸ ਕਰਨੀ ਜਾਂ ਝਿਜਕਣਾ ਨਹੀਂ ਚਾਹੀਦਾ।ਸੈਮੀਨਰ ਵਿੱਚ ਸਦਰ ਥਾਣਾ ਕੋਟਕਪੂਰਾ ਤੋਂ ਕਾਂਸਟੇਬਲ ਗੁਰਪ੍ਰੀਤ ਕੌਰ ਤੇ ਕਿਰਨਦੀਪ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਇਨ੍ਹਾਂ ਦੁਆਰਾ ਵੀ ਵਿਦਿਆਰਥੀਆਂ ਨੂੰ ਗੁੱਡ ਟੱਚ ਤੇ ਬੈਡ ਟੱਚ ਬਾਰੇ ਦੱਸਣ ਦੇ ਨਾਲ-ਨਾਲ ਮੋਬਾਇਲ ਫੋਨ ਘੱਟ ਵਰਤਣ ਲਈ ਵੀ ਪ੍ਰੇਰਿਤ ਕੀਤਾ ਗਿਆ।

## ...ਸਫ਼ਾ 1 ਦੇ ਬਾਕੀ

### ਮਾਓਵਾਦੀਆਂ ਦੇ ਕਤਲੇਆਮ...

ਪਰਮਿੰਦਰ ਸਿੰਘ ਨੇ ਕਿਹਾ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸੰਘਰਸ਼ਸ਼ੀਲ ਵਰਗਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਉਨ੍ਹਾਂ ਨੂੰ ਹੰਭਾ-ਥਕਾ ਕੇ ਵਹਿਸ਼ੀ ਜਬਰ ਰਾਹੀਂ ਕੁਚਲਣ ਨੂੰ ਨੀਤੀ ਅਪਣਾਈ ਹੋਈ ਹੈ। ਜਿਉਂਦ, ਚੰਦਭਾਨ ਜਾਂ ਸੰਗਰੂਰ ਮਾਨ ਸਰਕਾਰ ਕਿਸਾਨਾਂ ਅਤੇ ਦਲਿਤਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਨੰਗੇ ਚਿੱਟੇ ਹਮਲੇ ਉੱਪਰ ਉੱਤਰੀ ਹੋਈ ਹੈ। ਕਿਸਾਨ, ਮਜ਼ਦੂਰ ਜਥੇਬੰਦੀਆਂ ਉਪਰ ਪੁਲਸ ਕਟਕ ਚੜ੍ਹਾਏ ਜਾ ਰਹੇ ਹਨ। ਕਿਸਾਨ, ਮਜ਼ਦੂਰ ਅਤੇ ਸਮਾਜ ਦੇ ਕਿਸੇ ਵੀ ਹੋਰ ਮਿਹਨਤਕਸ਼ ਹਿੱਸੇ ਦੇ ਹੱਕੀ ਸੰਘਰਸ਼ ਪੰਜਾਬ ਸਰਕਾਰ ਦੇ ਉਸੇ ਤਰ੍ਹਾਂ ਨਿਸ਼ਾਨੇ 'ਤੇ ਹੈ, ਜਿਵੇਂ ਕੇਂਦਰ ਵਿਚ ਸੱਤਾਧਾਰੀ ਭਗਵਾ ਹਕੂਮਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ ਸੰਘਰਸ਼ਾਂ ਨੂੰ ਪੁਲਸ ਅਤੇ ਫ਼ੌਜੀ ਤਾਕਤ ਨਾਲ ਕੁਚਲ ਰਹੀ ਹੈ। ਪਿਛਲੇ ਸਮੇਂ ਤੋਂ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਕਤਲੇਆਮ ਦੇ ਸਮਾਂਤਰ ਪੰਜਾਬ ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਘਰਸ਼ਸ਼ੀਲ ਲੋਕ ਹਿੱਸਿਆਂ ਦੇ ਹੱਕੀ ਸੰਘਰਸ਼ਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਦਬਾਉਣ ਲਈ ਸੂਬੇ ਨੂੰ ਪੁਲਸ ਰਾਜ ਵਿਚ ਬਦਲਿਆ ਗਿਆ ਹੈ। ਇਹ ਸੰਘਰਸ਼ ਅਤੇ ਜਥੇਬੰਦੀ ਦੇ ਜਮਹੂਰੀ ਹੱਕ ਉਪਰ ਤਾਨਾਸ਼ਾਹ ਹਮਲਾ ਹੈ, ਇਸ ਦਾ ਡਟ ਕੇ ਵਿਰੋਧ ਕਰਨਾ ਜ਼ਰੂਰੀ ਹੈ। ਇਸੇ ਲਈ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉਠਨਾ ਸਮੇਂ ਦੀ ਅਹਿਮ ਮੰਗ ਹੈ।

ਇਸ ਮੌਕੇ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ। ਆਦਿਵਾਸੀ ਇਲਾਕਿਆਂ ਵਿੱਚੋਂ ਸਕਿਉਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਵਾਪਸ ਬੁਲਾਈਆਂ ਜਾਣ, ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਰਾਜਨੀਤਕ ਕੈਦੀਆਂ ਤੇ ਆਮ ਲੋਕਾਂ ਨੂੰ ਰਿਹਾਅ ਕੀਤਾ ਜਾਵੇ। ਸਾਮਰਾਜੀਆਂ ਦੀ ਸ਼ਹਿ ਅਤੇ ਮਦਦ ਨਾਲ ਗਾਜ਼ਾ ਦੀਆਂ ਰਿਹਾਇਸ਼ੀ ਬਸਤੀਆਂ, ਸਕੂਲਾਂ, ਹਸਪਤਾਲਾਂ, ਧਾਰਮਕ ਸਥਾਨਾਂ ਉਪਰ ਕੀਤੀ ਜਾ ਰਹੀ ਬੰਬਾਰੀ ਵਿਚ ਅਤੇ ਭੁੱਖਮਰੀ ਫੈਲਾ ਕੇ ਫਲਸਤੀਨੀ ਲੋਕਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਤੁਰੰਤ ਬੰਦ ਕੀਤੀ ਜਾਵੇ ਅਤੇ ਫਲਸਤੀਨ ਨੂੰ ਆਜ਼ਾਦ ਕੀਤਾ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਸਰਕਾਰ ਵੱਲੋਂ ਕਿਸਾਨ, ਮਜ਼ਦੂਰ ਸੰਘਰਸ਼ਾਂ ਉਪਰ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਦੀਆਂ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਵੱਡੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਸੰਘਰਸ਼ ਦੇ ਬੁਨਿਆਦੀ ਹੱਕ ਦੀ ਰਾਖੀ ਦੇ ਸਵਾਲ ਨੂੰ ਹੋਰ ਵੀ ਗੰਭੀਰਤਾ ਨਾਲ ਮੁਖ਼ਾਤਿਬ ਹੋਣ। ਇਸ ਜਾਬਰ ਹੱਲੇ ਦਾ ਮੁਕਾਬਲਾ ਸਾਰੀਆਂ ਜਨਤਕ ਜਮਹੂਰੀ ਤਾਕਤਾਂ ਵੱਲੋਂ ਇਕਜੁੱਟ ਹੋ ਕੇ ਕੀਤਾ ਜਾਵੇ ਅਤੇ ਜਿੱਥੇ ਕਿਤੇ ਵੀ ਕਿਸਾਨ, ਮਜ਼ਦੂਰ ਜਾਂ ਕਿਸੇ ਹੋਰ ਜਥੇਬੰਦੀਆਂ ਨੂੰ ਪੁਲਸ ਰਾਜ ਵੱਲੋਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨਾਲ ਆਪਣੀ ਸਾਂਝ ਅਤੇ ਇਕਮੁੱਠਤਾ ਪ੍ਰਗਟਾਉਣ ਲਈ ਧੜੱਲੇ ਨਾਲ ਅੱਗੇ ਆਇਆ ਜਾਵੇ। ਇਕ ਹੋਰ ਮਤੇ ਰਾਹੀਂ ਸੀ ਪੀ ਆਈ (ਮਾਓਵਾਦੀ) ਦੇ ਜਨਰਲ ਸਕੱਤਰ ਕੇਸ਼ਵ ਰਾਓ ਸਮੇਤ 27 ਮਾਓਵਾਦੀ ਆਗੂਆਂ ਦੀ ਕਥਿਤ ਮੁਕਾਬਲੇ ਵਿਚ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਭਾਜਪਾ ਸਰਕਾਰ ਵੱਲੋਂ ਫ਼ੌਜੀ ਅਪਰੇਸ਼ਨ ਰਾਹੀਂ ਕਤਲੇਆਮ ਜਾਰੀ ਰੱਖਣ ਤੋਂ ਸਪੱਸ਼ਟ ਹੈ ਕਿ ਹਕੂਮਤ ਦਾ ਇੱਕੋਇਕ ਮਨੋਰਥ ਇਨਕਲਾਬੀ ਤਾਕਤਾਂ ਦਾ ਜਿਸਮਾਨੀ ਸਫ਼ਾਇਆ ਕਰਕੇ ਭਾਰਤੀ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਨੰਗੇ ਅਨਿਆਂ ਤੇ ਲੁੱਟਖਸੁੱਟ ਦਾ ਬੇਕਿਰਕ ਰਾਜ ਅਜਿੱਤ ਹੈ ਅਤੇ ਦੱਬੇਕੁਚਲੇ ਤੇ ਮਿਹਨਤਕਸ਼ ਹਿੱਸਿਆਂ ਨੂੰ ਜਥੇਬੰਦ ਸੰਘਰਸ਼ ਤੇ ਮੁਕਤੀ ਦਾ ਸੁਪਨਾ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਫ਼ਾਸ਼ੀਵਾਦੀ ਹਕੂਮਤ ਨੂੰ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ। ਜਿਸਮਾਨੀ ਕਤਲੇਆਮ ਬਿਹਤਰੀ ਜ਼ਿੰਦਗੀ ਲਈ ਸਮਾਜਿਕ ਤਬਦੀਲੀ ਦੀ ਮਨੁੱਖੀ ਰੀਝ ਦਾ ਬੀਜ-ਨਾਸ਼ ਨਹੀਂ ਕਰ ਸਕਦੇ। ਜਦੋਂ ਤੱਕ ਲੋਟੂ-ਜਾਬਰ ਰਾਜ ਪ੍ਰਬੰਧ ਹੈ, ਲੋਕ ਇਸ ਨੂੰ ਕਿਸੇ ਨਾ ਕਿਸੇ ਰੂਪ 'ਚ ਅਜਿਹੇ ਆਦਮਖ਼ੋਰ ਪ੍ਰਬੰਧ ਨਾਲ ਟੱਕਰ ਲੈਂਦੇ ਰਹਿਣਗੇ। ਕਨਵੈਨਸ਼ਨ ਵੱਲੋਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਫ਼ੌਜੀ ਅਪਰੇਸ਼ਨਾਂ ਅਤੇ ਗ਼ੈਰ-ਅਦਾਲਤੀ ਸਜ਼ਾਵਾਂ ਦਾ ਤਾਨਾਸ਼ਾਹ ਸਿਲਸਿਲਾ ਬੰਦ ਕਰੇ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਮਾਓਵਾਦੀ ਪਾਰਟੀ ਸਮੇਤ ਹਥਿਆਰਬੰਦ ਟਾਕਰਾ ਲਹਿਰਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰੇ। ਕਨਵੈਨਸ਼ਨ ਤੋਂ ਬਾਅਦ ਸ਼ਹਿਰ ਵਿਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ

ਇਸ ਮੌਕੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਤੋਂ ਇਲਾਵਾ ਇਸ ਖੇਤਰ ਦੀਆਂ ਬਹੁਤ ਸਾਰੀਆਂ ਇਨਸਾਫ਼ਪਸੰਦ ਜਮਹੂਰੀ, ਸਾਹਿਤਕ ਸ਼ਖ਼ਸੀਅਤਾਂ ਹਾਜ਼ਰ ਸਨ। ਇਨਕਲਾਬੀ ਗਾਇਕ ਜੁਗਰਾਜ ਧੌਲਾ, ਇਕਬਾਲ ਕੌਰ ਉਦਾਸੀ, ਜਗਸੀਰ ਜੀਦਾ, ਅਜਮੇਰ ਅਕਲੀਆ ਤੇ ਕਸਤੂਰੀ ਲਾਲ ਨੇ ਇਨਕਲਾਬੀ ਗੀਤ ਪੇਸ਼ ਕੀਤੇ।

### 3 ਸਾਲਾਂ ਤੋਂ ਕਾਗਜ਼ਾਂ...

ਨੂੰ ਨਿਰੰਤਰ ਲੱਖਾਂ ਰੁਪਏ ਗ੍ਰਾਂਟਾਂ ਵੀ ਮਿਲੀਆਂ ਹਨ। ਸਰਕਾਰ ਵੱਲੋਂ ਮਿਲਣ ਵਾਲਾ ਮੁਫਤ ਮਿੱਡ ਡੇ ਮੀਲ ਰਾਸ਼ਨ, ਕੁਕਿੰਗ ਕਾਸਟ, ਵਰਦੀਆਂ, ਕਿਤਾਬਾਂ ਤੇ ਹੋਰ ਸਹੂਲਤਾਂ ਵੀ ਮੁਹੱਈਆ ਹੋਈਆਂ ਹਨ। ਉਨ੍ਹਾ ਦੱਸਿਆ ਕਿ ਇਸ ਸੰਬੰਧ 'ਚ ਉਹ ਬਲਾਕ ਸਿੱਖਿਆ ਅਫਸਰ (ਐਲੀ:) ਮਜੀਠਾ-2 ਨੂੰ ਕਈ ਵਾਰ ਮਿਲੇ ਅਤੇ ਸ਼ਿਕਾਇਤਾਂ ਵੀ ਦਿੱਤੀਆਂ ਸਨ, ਪ੍ਰੰਤੂ ਅਧਿਕਾਰੀਆਂ ਦੇ ਕੰਨ ਉੱਤੇ ਜੂੰ ਤੱਕ ਨਹੀਂ ਸਰਕੀ। ਇਸ ਉਪਰੰਤ ਬੀ ਪੀ ਈ ਓ ਜਤਿੰਦਰ ਸਿੰਘ ਨਾਲ ਫੋਨ ਨੰ: 70099-71629 'ਤੇ ਸੰਪਰਕ ਕੀਤਾ ਤਾਂ ਉਨ੍ਹਾ ਦੱਸਿਆ ਕਿ ਸਕੂਲ ਸਰਹਾਲਾ 'ਚ ਤਾਇਨਾਤ ਟੀਚਰ ਦਿਲਦਾਰ ਸਿੰਘ ਕਦੇ ਆਉਂਦਾ ਸੀ ਤੇ ਕਦੇ ਨਹੀਂ ਆਉਂਦਾ ਸੀ। ਜਦੋਂ ਸਾਨੂੰ ਸੈਂਟਰ ਹੈੱਡਟੀਚਰ ਲਹਿਰਕਾ ਗੁਰਦਰਸ਼ਨ ਸਿੰਘ ਲਿਖ ਕੇ ਭੇਜਦਾ ਸੀ ਕਿ ਟੀਚਰ ਸਕੂਲ ਨਹੀਂ ਆਉਂਦਾ ਤੇ ਅਸੀਂ ਚਿੱਠੀਆਂ ਬਣਾ ਕੇ ਅਗਾਂਹ ਭੇਜ ਦਿੰਦੇ ਸੀ।ਇਸ ਸੰਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਕਵਲਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦਫਤਰ ਦਾ ਰਿਕਾਰਡ ਵਾਚਣ 'ਤੇ ਪਾਇਆ ਗਿਆ ਹੈ ਕਿ ਪਿਛਲੇ ਸੈਸ਼ਨ 'ਚ 4 ਬੱਚੇ ਮੌਜੂਦ ਸਨ, ਪਰ ਇਸ ਸੈਸ਼ਨ 'ਚ ਬੀ ਪੀ ਈ ਓ ਮਜੀਠਾ ਵੱਲੋਂ ਭੇਜੀ ਗਈ ਰਿਪੋਰਟ ਮੁਤਾਬਕ ਇਨਰੋਲਮੈਂਟ ਜ਼ੀਰੋ ਹੈ। ਪਿਛਲੇ ਦੋ ਸਾਲਾਂ ਦਾ ਰਿਕਾਰਡ ਮੰਗਵਾ ਲਿਆ ਹੈ ਤੇ ਗ੍ਰਾਂਟਾਂ ਦੀ ਕੀਤੀ ਵਰਤੋਂ ਦੀ ਪੜਤਾਲ ਕਰਵਾਈ ਜਾਵੇਗੀ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

23 May Page-3.qxd 5/22/2025 10:57 PM Page 1



## ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 22 ਮਈ ਨੂੰ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਐੱਨ.ਸੀ.ਸੀ ਦੇ ਕੈਡਿਟਾਂ ਦੁਆਰਾ ਆਏ ਹੋਏ ਮਹਿਮਾਨਾਂ ਦੀ ਸਕੋਟਿੰਗ ਕੀਤੀ ਗਈ। ਪ੍ਰੋਗਰਾਮ ਦੀ ਆਰੰਭਤਾ ਸਕੂਲ ਸ਼ਬਦ ਰਾਹੀਂ ਹੋਈ ਉਪਰੰਤ ਸਵਾਗਤੀ ਗੀਤ ਰਾਹੀਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਦੁਆਰਾ ਰੰਗਾ-ਰੰਗ ਪ੍ਰੋਗਰਾਮ ਵੈਲਕਮ ਸੌਂਗ, ਵੱਖ-ਵੱਖ ਗੀਤ ਅਤੇ ਕਵਿਤਾਵਾਂ, ਕੋਰੀਓਗ੍ਰਾਫੀ ਅਤੇ ਭੰਗੜਾ ਆਦਿ ਰਾਹੀਂ ਆਏ ਹੋਏ ਮਹਿਮਾਨਾਂ ਦਾ ਮਨੋਰੰਜਨ ਕੀਤਾ ਗਿਆ। ਇਸ ਮੌਕੇ 'ਤੇ ਸੈਸ਼ਨ 2024-2025 ਵਿੱਚ ਵਿੱਦਿਅਕ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਕੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਵੱਲੋਂ ਆਪਣੇ ਕਰ ਕਮਲਾਂ ਨਾਲ ਟਰਾਫੀਆਂ ਦੇ ਕੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹਣ ਦਾ ਆਸ਼ੀਰਵਾਦ ਦਿੱਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ। ਸਿੱਧੂ ਫੋਟੋ ਸਟੂਡੀਓ ਵੱਲੋਂ ਇਸ ਸਾਰੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ।

## ਵਿਦਿਆਰਥੀਆਂ ਦੇ ਅੰਗਰੇਜ਼ੀ ਕੈਲੀਗ੍ਰਾਫੀ ਦੇ ਮੁਕਾਬਲੇ ਕਰਵਾਏ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਨੰਗਲ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹਰਭਗਵੰਤ ਸਿੰਘ ਦੀ ਅਗਵਾਈ ਹੇਠ, ਡੀਡੀਓ ਪ੍ਰਿੰਸੀਪਲ ਦੀਪਇੰਦਰਪਾਲ ਸਿੰਘ ਖਹਿਰਾ ਸਸਸਸ ਬੰਡਾਲਾ ਦੀ ਰਹਿਨੁਮਾਈ ਹੇਠ ਅਤੇ ਇੰਚਾਰਜ ਪ੍ਰਿੰਸੀਪਲ ਨਰਿੰਦਰ ਸਿੰਘ ਰਾਏ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਦੇ ਅੰਗਰੇਜ਼ੀ ਕੈਲੀਗ੍ਰਾਫੀ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਚੰਗੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਸੀਨੀਅਰ ਲੈਕਚਰਾਰ ਕੁਲਦੀਪ ਸਿੰਘ, ਰਵਿੰਦਰ ਕੁਮਾਰ, ਗੁਰਮੀਤ ਸਿੰਘ, ਸੁਰਿੰਦਰ ਭਾਟੀਆ, ਅੰਗਰੇਜ਼ੀ ਮੈਡਮ ਕੁਲਜਿੰਦਰ ਕੌਰ, ਕੁਲਬੀਰ ਕੌਰ, ਵਿਜੇਤਾ ਮਲਿਕ, ਨਵਜੋਤ ਸਿੰਘ, ਕੈਂਪਸ ਮੈਨੇਜਰ ਬਲਰਾਜ ਸਿੰਘ ਅਤੇ ਹਰਜੋਤ ਸਿੰਘ ਹਾਜ਼ਰ ਸਨ।




## ਸ਼ੈਰੀ ਕਲਸੀ ਨੇ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਿਆ



**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਨੂੰ ਅੱਗੇ ਵਧਾਉਂਦਿਆਂ ਸ਼ਾਸਤਰੀ ਨਗਰ ਵਿੱਚ ਪੈਂਦੇ ਪਾਰਕਿੰਗ ਏਰੀਏ ਦੇ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਿਆ ਗਿਆ ਇਸ ਮੌਕੇ ਯਸ਼ਪਾਲ ਚੌਹਾਨ, ਚੇਅਰਮੈਨ ਨਗਰ ਸੁਧਾਰ ਟਰੱਸਟ ਬਟਾਲਾ, ਐਕਸੀਅਨ ਬਿਕਰਮ ਸਿੰਘ ਸਮੇਤ ਸਾਸਟਰੀ ਨਗਰ ਮਾਰਕਿਟ ਦੇ ਦੁਕਾਨਦਾਰ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਨਗਰ ਸੁਧਾਰ ਟਰੱਸਟ ਬਟਾਲਾ ਵੱਲੋਂ ਸ਼ਾਸਤਰੀ ਨਗਰ ਦੇ ਦੁਕਾਨਦਾਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇਹ ਵਿਕਾਸ ਕੰਮ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਦੁਕਾਨਦਾਰਾਂ ਨੂੰ ਬਰਸਾਤਾਂ ਦੇ ਮੌਸਮ ਵਿੱਚ ਪਾਣੀ ਨਾ ਖੜ੍ਹਨ ਸਮੇਤ ਮਿੱਟੀ-ਘੱਟੇ ਤੋਂ ਵੱਡੀ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਬਟਾਲਾ ਸ਼ਹਿਰ ਨੂੰ ਰਵਾਇਤੀ ਪਾਰਟੀਆਂ ਵੱਲੋਂ ਵਿਕਾਸ ਪੱਖੋ ਅਣਗੌਲਿਆਂ ਕੀਤਾ ਹੋਇਆ ਸੀ।ਉਨ੍ਹਾਂ ਦੁਹਰਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ ਅਤੇ ਹਰੇਕ ਵਾਰਡ ਵਿੱਚ ਚਹੁਪੱਖੀ ਵਿਕਾਸ ਕਾਰਜ ਕਰਵਾਏ ਜਾਣਗੇ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਇੰਪਰੂਵਮੈਂਟ ਟਰੱਸਟ ਬਟਾਲਾ ਵਚਨਬੱਧ ਹੈ। ਇਸ ਮੌਕੇ ਸ਼ਾਸਤਰੀ ਨਗਰ ਦੇ ਲੋਕਾਂ ਤੇ ਮਾਰਕੀਟ ਦੇ ਦੁਕਾਨਦਾਰਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਲਗਾਤਾਰ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜ ਕਰਵਾਉਣ ਸਮੇਤ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ।

## ਬਾਲ ਵਿੱਦਿਆ ਮਾਡਰਨ ਹਾਈ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਥਾਨਕ ਕ੍ਰਿਸ਼ਨਾ ਮੰਦਿਰ ਰੋਡ 'ਤੇ ਸਥਿਤ ਬਾਲ ਵਿੱਦਿਆ ਮਾਡਰਨ ਹਾਈ ਸਕੂਲ ਧਾਰੀਵਾਲ ਦਾ ਦਸਵੀਂ ਜਮਾਤ (ਪੰਜਾਬ ਸਕੂਲ ਸਿੱਖਿਆ ਬੋਰਡ) ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਹੈ। ਇਸ ਸਬੰਧੀ ਖ਼ੁਸ਼ੀ ਪ੍ਰਗਟ ਕਰਦਿਆਂ ਸਕੂਲ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਸਵੀਂ ਜਮਾਤ ਵਿੱਚੋਂ ਉਨ੍ਹਾਂ ਦੇ ਸਕੂਲ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ, ਜਿਨ੍ਹਾਂ ਵਿੱਚੋਂ ਗਗਨਦੀਪ ਨੇ 650 ਵਿੱਚੋਂ 564 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ, ਹਰਨੀਤ ਕੌਰ ਨੇ 562 ਨੰਬਰ ਲੈ ਕੇ ਦੂਸਰਾ ਸਥਾਨ ਅਤੇ ਗੁਰਲੀਨ ਕੌਰ ਨੇ 556 ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ, ਜਦਕਿ ਨਵਨੀਤ ਕੌਰ ਨੇ 555, ਜੈਸਮੀਨ ਕੌਰ ਨੇ 554, ਚੰਦਨਪ੍ਰੀਤ ਕੌਰ ਨੇ 552, ਲਵਪ੍ਰੀਤ ਕੌਰ ਨੇ 547, ਸੁਖਮਨਦੀਪ ਕੌਰ ਨੇ 544, ਰਮਨਦੀਪ ਕੌਰ ਤੇ ਸਮਰੀਤ ਕੌਰ ਨੇ 537, ਪ੍ਰਭਦੀਪ ਸਿੰਘ ਨੇ 533 ਅੰਕ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ ਨੇ ਇਸ ਸ਼ਾਨਦਾਰ ਨਤੀਜੇ 'ਤੇ ਸਕੂਲ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਚੰਗੇ ਮੁਕਾਮ 'ਤੇ ਪਹੁੰਚਣ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਬਿਕਰਮਜੀਤ ਸਿੰਘ ਕਸੇਲ ਬਲਾਕ ਕਾਂਗਰਸ ਕਮੇਟੀ ਗੰਡੀਵਿੰਡ ਦੇ ਜਨਰਲ ਸਕੱਤਰ/ਐੱਸ ਸੀ ਵਿੰਗ ਦੇ ਇੰਚਾਰਜ ਨਿਯੁਕਤ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਾਂਗਰਸ ਪਾਰਟੀ ਦੇ ਸਪੋਕਸਮੈਨ ਤੇ ਬਲਾਕ ਕਾਂਗਰਸ ਕਮੇਟੀ ਗੰਡੀਵਿੰਡ ਦੇ ਪ੍ਰਧਾਨ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਵੱਲੋਂ ਕਸੇਲ ਵਿਖੇ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਹਲਕਾ ਤਰਨ ਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਤੋਂ ਇਲਾਵਾ ਪਿੰਡ ਕਸੇਲ ਦੇ ਕਾਂਗਰਸੀ ਆਗੂਆਂ ਨੇ ਭਾਗ ਲਿਆ।ਇਸ ਮੌਕੇ ਐਡਵੋਕੇਟ ਜਗਮੀਤ ਸਿੰਘ ਗੰਡੀਵਿੰਡ ਨੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਕਸੇਲ ਨੂੰ ਬਲਾਕ ਕਾਂਗਰਸ ਕਮੇਟੀ ਗੰਡੀਵਿੰਡ ਦਾ ਜਨਰਲ ਸਕੱਤਰ ਅਤੇ ਐੱਸਸੀ ਵਿੰਗ ਦਾ ਇੰਚਾਰਜ ਨਿਯੁਕਤ ਕਰਦਿਆਂ ਸਨਮਾਨਿਤ ਕੀਤਾ।ਇਸ ਮੌਕੇ ਨਵ-ਨਿਯੁਕਤ ਜਨਰਲ ਸਕੱਤਰ ਤੇ ਇੰਚਾਰਜ ਬਿਕਰਮਜੀਤ ਸਿੰਘ ਕਸੇਲ ਨੇ ਬਲਾਕ ਪ੍ਰਧਾਨ ਜਗਮੀਤ ਢਿੱਲੋਂ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਸਮੇਤ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਬਲਾਕ ਕਾਂਗਰਸ ਕਮੇਟੀ ਗੰਡੀਵਿੰਡ ਵਿੱਚ ਕਾਂਗਰਸ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ।ਇਸ ਮੌਕੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਐਡਵੋਕੇਟ ਜਗਮੀਤ ਸਿੰਘ ਗੰਡੀਵਿੰਡ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਗੰਡੀਵਿੰਡ, ਬਲਕਾਰ ਸਿੰਘ ਭੋਲਾ ਕਸੇਲ, ਬਾਬਾ ਨਿਸ਼ਾਨ ਸਿੰਘ ਕਸੇਲ, ਸ੍ਰੀ ਗੁਰਦੀਪ ਸਿੰਘ ਕਸੇਲ, ਕੁਲਦੀਪ ਸਿੰਘ ਬੋਰਾਂ ਵਾਲੇ, ਬੌਬੀ ਕਸੇਲ, ਰੁਪਿੰਦਰ ਸਿੰਘ ਰੰਧਾਵਾ, ਸੰਦੀਪ ਸਿੰਘ ਰੰਧਾਵਾ, ਠੇਕੇਦਾਰ ਮੰਗਾਂ ਸਿੰਘ, ਮੁਨਟੀ ਰੰਧਾਵਾ, ਹੁਸਨਪ੍ਰੀਤ ਸਿੰਘ, ਮੈਂਬਰ ਬਲਵਿੰਦਰ ਸਿੰਘ, ਸਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਪ੍ਰੋ. ਇੰਦਰਜੀਤ ਸਿੰਘ, ਮਨਜਿੰਦਰ ਸਿੰਘ ਜੱਗਤਪੁਰਾ ਭੱਠੇ ਵਾਲੇ, ਹੌਲਦਾਰ ਸੁਖਦੇਵ ਸਿੰਘ, ਬਲਵਿੰਦਰ ਸਿੰਘ ਬਿੱਲੂ ਹਲਵਾਈ ਆਦਿ ਹਾਜ਼ਰ ਸਨ।

## ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਬਟਾਲਾ ਪੁਲਸ ਨੇ ਹਰਪੁਰਾ 'ਚ ਫੁੱਟਬਾਲ ਟੂਰਨਾਮੈਂਟ ਕਰਵਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਲਗਾਤਾਰ ਜਾਰੀ ਹੈ। ਇਸ ਮੁਹਿੰਮ ਤਹਿਤ ਜਿੱਥੇ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਓਥੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਾਗਰੂਕਤਾ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਇਨ੍ਹਾਂ ਯਤਨਾਂ ਸਦਕਾ ਹੀ ਐੱਸ.ਐੱਸ.ਪੀ. ਬਟਾਲਾ ਜਨਾਬ ਸੋਹੇਲ ਕਾਸਿਮ ਮੀਰ ਦੇ ਨਿਰਦੇਸ਼ਾਂ ਤਹਿਤ ਪੁਲਸ ਜ਼ਿਲ੍ਹਾ ਬਟਾਲਾ ਵੱਲੋਂ ਪਿੰਡ ਹਰਪੁਰਾ ਵਿੱਚ ਇੱਕ ਰੋਜ਼ਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਸਬ ਡਵੀਜ਼ਨ ਸਾਂਝ ਕੇਂਦਰ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਏ.ਐੱਸ.ਆਈ. ਸੁਰਿੰਦਰ ਸਿੰਘ ਦੇ ਉੱਦਮ ਸਦਕਾ ਹੋਏ ਇਸ ਫੁੱਟਬਾਲ ਟੂਰਨਾਮੈਂਟ ਵਿੱਚ ਐੱਸ.ਪੀ. (ਹੈੱਡ ਕੁਆਟਰ) ਜਸਵੰਤ ਕੌਰ ਰਿਆੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਫੁੱਟਬਾਲ ਦਾ ਮੁਕਾਬਲਾ ਪਿੰਡ ਹਰਪੁਰਾ ਅਤੇ ਖੁਜਾਲਾ ਦੀਆਂ ਟੀਮਾਂ ਦਰਮਿਆਨ ਹੋਇਆ ਜਿਸ ਵਿੱਚ ਹਰਪੁਰਾ ਦੀ ਟੀਮ 2-1 ਨਾਲ ਜੇਤੂ ਰਹੀ। ਇਸ ਮੌਕੇ ਹਾਜ਼ਰ ਇਕੱਠ ਤੇ ਖਿਡਾਰੀਆਂ ਨੂੰ ਸੰਬੋਧਨ ਹੁੰਦਿਆਂ ਐੱਸ.ਪੀ. ਜਸਵੰਤ ਕੌਰ ਰਿਆੜ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਸ ਜ਼ਿਲ੍ਹਾ ਬਟਾਲਾ ਆਪਣੇ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਪੁਲਸ ਵੱਲੋਂ ਕਿਸੇ ਵੀ ਨਸਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਐੱਸ.ਪੀ. ਰਿਆੜ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਨਸਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ-ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚ ਕੇ ਖੇਡਾਂ ਨਾਲ ਜੁੜਨ ਦੀ ਅਪੀਲ ਕਰਦਿਆਂ ਐੱਸ.ਪੀ. ਜਸਵੰਤ ਕੌਰ ਰਿਆੜ ਨੇ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਆਪਣੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਨਾਲ ਜੋੜਨ ਦੇ ਯਤਨ ਲਗਾਤਾਰ ਜਾਰੀ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਬਟਾਲਾ ਪੁਲਿਸ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਿੰਡ ਨਾਨਕ ਚੱਕ ਵਿਖੇ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ ਸੀ ਅਤੇ ਅੱਜ ਪਿੰਡ ਹਰਪੁਰਾ ਵਿਖੇ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਹੈ। ਉਨ੍ਹਾਂ ਨੂੰ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਅਤੇ ਆਪਣੀ ਪੜ੍ਹਾਈ ਤੇ ਰੁਜ਼ਗਾਰ ਵੱਲ ਧਿਆਨ ਦੇਣ। ਇਸ ਮੌਕੇ ਐੱਸ.ਪੀ. ਰਿਆੜ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ ਅਤੇ ਨਾਲ ਹੀ ਸਾਰੇ ਖਿਡਾਰੀਆਂ ਨੂੰ ਪੰਜਾਬ ਪੁਲਸ ਵੱਲੋਂ ਕਿੱਟਾਂ ਵੀ ਵੰਡੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ, ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ, ਐੱਸ.ਐੱਚ.ਓ. ਥਾਣਾ ਘੁਮਾਣ ਐੱਸ.ਆਈ. ਬਿਕਰਮਜੀਤ ਸਿੰਘ, ਐੱਸ.ਆਈ. ਪ੍ਰਭਪਾਲ ਸਿੰਘ, ਏ.ਐੱਸ.ਆਈ. ਹਰਦੇਵ ਸਿੰਘ, ਏ.ਐੱਸ.ਆਈ. ਕੰਵਲਜੀਤ ਸਿੰਘ, ਏ.ਐੱਸ.ਆਈ. ਇੰਦਰਪਾਲ ਸਿੰਘ, ਏ.ਐੱਸ.ਆਈ. ਕਸਮੀਰ ਸਿੰਘ, ਏ.ਐੱਸ.ਆਈ. ਲਖਵਿੰਦਰ ਸਿੰਘ, ਏ.ਐੱਸ.ਆਈ. ਜਸਪਾਲ ਸਿੰਘ, ਪਿੰਡ ਹਰਪੁਰਾ ਦੇ ਸਰਪੰਚ ਮਨਦੀਪ ਸਿੰਘ, ਸਾਬਕਾ ਸਰਪੰਚ ਹਰਪਾਲ ਸਿੰਘ ਹਰਪੁਰਾ, ਪ੍ਰਿੰਸੀਪਲ ਪ੍ਰਭਜੋਤ ਸਿੰਘ, ਮੈਂਬਰ ਪੰਚਾਇਤ ਬਿਕਰਮਜੀਤ ਸਿੰਘ, ਫੌਜੀ ਹਰਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



## ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਾਮੱਤਾ



**ਪੱਟੀ (ਬਲਦੇਵ ਸਿੰਘ ਸੰਧੂ)**- ਸਿੱਖਿਆ ਦੇ ਖੇਤਰ ਵਿਚ ਵੱਡਾ ਨਾਮਨਾ ਖੱਟਣ ਵਾਲੀ ਸਿੱਖਿਆ ਸੰਸਥਾ ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ 'ਚ ਦਸਵੀਂ ਕਲਾਸ ਦਾ ਨਤੀਜਾ ਹਰ ਸਾਲ ਦੀ ਤਰ੍ਹਾ ਇਸ ਵਾਰ ਵੀ ਸੌ ਪ੍ਰਤੀਸ਼ਤ ਰਿਹਾ।ਨਵਦੀਪ ਕੌਰ ਪੁੱਤਰੀ ਸੁਖਦੇਵ ਸਿੰਘ 92.2 ਪ੍ਰਤੀਸ਼ਤ ਅੰਕ ਹਾਸਲ ਕੀਤੇ। ਹਰਪ੍ਰੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ 91.2 ਪ੍ਰਤੀਸ਼ਤ ਅੰਦ ਹਾਸਲ ਕੀਤੇ। ਮਲਕੀਤ ਸਿੰਘ ਪੁੱਤਰ ਕਾਬਲ ਸਿੰਘ 89.5 ਪ੍ਰਤੀਸ਼ਤ, ਰਮਨਦੀਪ ਕੌਰ ਪੁੱਤਰੀ ਪਰਮਿੰਦਰ ਸਿੰਘ 89.3 ਨਵਦੀਪ ਕੌਰ ਪੁੱਤਰੀ ਕੁਲਬੀਰ ਸਿੰਘ ਨੇ 88.4 ਹਾਸਲ ਕਰਕੇ ਸਕੂਲ ਅਤੇ ਮਾਪਿਆ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਤੋਂ ਇਲਾਵਾ ਬਾਕੀ ਬੱਚੇ ਵੀ 70 ਤੋਂ 80 ਪ੍ਰਤੀਸ਼ਤ ਨੰਬਰ ਲੈ ਕੇ ਪਾਸ ਹੋਏ।ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਹਰਬੀਰ ਸਿੰਘ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਰਾਜਬੀਰ ਕੌਰ, ਵਾਈਸ ਪ੍ਰਿੰਸੀਪਲ ਦਲਬੀਰ ਕੌਰ ਨੇ ਬੱਚਿਆ ਦਾ ਮੂੰਹ ਮਿੱਠਾ ਕਰਵਾ ਕੇ ਸ਼ੁਭਕਾਮਨਾਵਾਂ ਦਿੱਤੀਆ। ਪ੍ਰਿੰਸੀਪਲ ਰਾਜਬੀਰ ਕੌਰ ਨੇ ਬੱਚਿਆ ਤੇ ਉਨ੍ਹਾਂ ਦੇ ਮਾਪਿਆ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਕਰਕੇ ਇਸ ਤੋਂ ਵਧੀਆ ਨਤੀਜਾ ਹਾਸਲ ਕਰਨ ਦੀ ਪ੍ਰੇਰਿਤ ਕੀਤਾ।

## ਮੈਡੀਕਲ ਸਟੋਰਾਂ/ਫਾਰਮੇਸੀਆਂ ਨੂੰ ਸੀ ਸੀ ਟੀ ਵੀ ਕੈਮਰੇ ਲਗਾਉਣੇ ਲਾਜ਼ਮੀ

**ਗੁਰਦਾਸਪੁਰ (ਦਿਨੇਸ਼ ਕੁਮਾਰ, ਜਨਕ ਮਹਾਜਨ)**- ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ, ਆਈਏਐੱਸ ਨੇ ਸੈਕਸ਼ਨ 152 ਆਫ ਬੀ. ਐੱਨ. ਐੱਸ. (ਸੈਕਸਨ 133 ਸੀ. ਆਰ. ਪੀ. ਸੀ.) ਤਹਿਤ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੇ ਮੈਡੀਕਲ ਸਟੋਰ/ਫਾਰਮੇਸੀ ਦੁਕਾਨਾਂ ਜਿਨ੍ਹਾਂ ਵਿੱਚ ਡਰੱਗ ਐਂਡ ਕਾਸਮੈਟਿਕ ਐਕਟ ਦੇ ਨਿਯਮਾਂ ਅਨੁਸਾਰ ਐਕਸ ਅਤੇ ਐੱਚ ਦਵਾਈਆਂ ਵੇਚੀਆਂ ਜਾਂਦੀਆਂ ਹਨ, ਨੂੰ ਆਪਣੀਆਂ ਦੁਕਾਨਾਂ ਵਿਖੇ ਸੀਸੀਟੀਵੀ ਕੈਮਰੇ ਲਗਾਉਣੇ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਮੈਡੀਕਲ ਸਟੋਰ/ਫਾਰਮੇਸੀ ਦੁਕਾਨਾਂ ਲਈ ਇਹ ਹੁਕਮ ਮੰਨਣੇ ਲਾਜ਼ਮੀ ਹਨ ਅਤੇ ਸਮੇਂ-ਸਮੇਂ 'ਤੇ ਜ਼ਿਲ੍ਹਾ ਡਰੱਗ ਕੰਟਰੋਲ ਅਥਾਰਿਟੀ ਅਤੇ ਸੀਡਬਲਿਊਪੀਓ ਵੱਲੋਂ ਸੀਸੀਟੀਵੀ ਅਤੇ ਉਨ੍ਹਾਂ ਦੀ ਰਿਕਾਰਡਿੰਗ ਦੀ ਚੈਕਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਕੋਈ ਵੀ ਮੈਡੀਕਲ ਸਟੋਰ/ਫਾਰਮੇਸੀ ਦੁਕਾਨ ਚਲਾਉਣ ਵਾਲਾ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰੇਗਾ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ : ਬੇਦੀ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ ਤਾਂ ਜੋ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ। ਅੱਜ ਆਪਣੇ ਦਫ਼ਤਰ ਵਿੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਅਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਰੋਜ਼ਾਨਾਂ ਸ਼ਾਮ ਨੂੰ ਜਨਤਕ ਇਕੱਠ ਕੀਤੇ ਜਾ ਰਹੇ ਹਨ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਵੱਧ ਤੋਂ ਵੱਧ ਲੋਕ ਇਸ ਮੁਹਿੰਮ ਨਾਲ ਜੁੜਨ।ਵਧੀਕ ਡਿਪਟੀ ਕਮਿਸ਼ਨਰ ਨੇ ਖੇਡ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਵਿੱਚ ਵੱਖ-ਵੱਖ ਖੇਡਾਂ ਦੇ ਟੂਰਨਾਮੈਂਟ ਕਰਵਾ ਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇ। ਉਨ੍ਹਾਂ ਸਿੱਖਿਆ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਰੋਜ਼ਾਨਾ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਨਾਲ ਹੀ ਸਕੂਲੀ ਵਿਦਿਆਰਥੀਆਂ ਵੱਲੋਂ ਸਕੂਲ ਦੇ ਆਲੇ-ਦੁਆਲੇ ਦੀ ਅਬਾਦੀ ਵਿੱਚ ਜਾਗਰੂਕਤਾ ਰੈਲੀਆਂ ਕੱਢ ਕੇ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਸੁਨੇਹਾ ਦਿੱਤਾ ਜਾਵੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਆਪਣਾ ਪੂਰਾ ਸਹਿਯੋਗ ਦੇਣ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਕਲਾਨੌਰ ਸ੍ਰੀਮਤੀ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸ.ਡੀ.ਐੱਮ. ਬਟਾਲਾ ਵਿਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਅਦਿੱਤਯ ਗੁਪਤਾ, ਸਿਵਲ ਸਰਜਨ ਡਾ. ਜਸਵਿੰਦਰ ਸਿੰਘ, ਰਾਜੀਵ ਸਿੰਘ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।



## 'ਅਗਨੀਵੀਰ ਨੂੰ ਪੂਰਨ ਸ਼ਹੀਦ ਦਾ ਦਰਜਾ ਦਿੱਤਾ ਜਾਵੇ'

### ● ਵੈਟਨਰ ਵੈਲ਼ਫੇਅਰ ਆਰਗੇਨਾਈਜੇਸ਼ਨ (ਇੰਡੀਆ) ਦੀ ਟੀਮ ਨੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

**ਤਰਨ ਤਾਰਨ (ਮੱਖਣ ਮਨੋਜ)**- ਵੇਟਨਰ ਵੈਲਫ਼ੇਅਰ ਆਰਗੇਨਾਈਜੇਸ਼ਨ (ਇੰਡੀਆ) ਜ਼ਿਲ੍ਹਾ ਤਰਨ ਤਾਰਨ ਦੀ ਟੀਮ ਨੇ ਜ਼ਿਲ੍ਹਾ ਪ੍ਰੈਜ਼ੀਡੈਂਟ ਕੈਪਟਨ ਹੀਰਾ ਸਿੰਘ ਢੋਟੀਆਂ ਦੀ ਅਗਵਾਈ ਵਿੱਚ ਵੇਟਰਾਂਸ ਟੀਮ ਵਲੋਂ ਡਿਪਟੀ ਕਮਿਸ਼ਨਰ ਜ਼ਿਲ੍ਹਾ ਤਰਨ ਤਾਰਨ ਨੂੰ ਮੰਗ ਪੱਤਰ ਦਿੱਤਾ । ਪਿਛਲੇ ਦਿਨੀਂ ਅਗਨੀਵੀਰ ਅਕਾਸ਼ਦੀਪ ਸਿੰਘ ਪਿੰਡ ਚਾਹਲ ਜ਼ਿਲ੍ਹਾ ਫਰੀਦਕੋਟ ਦੀ ਦੇਸ਼ ਦੀ ਸਰਹੱਦ ਸ੍ਰੀਨਗਰ ਵਿਖੇ ਡਿਊਟੀ ਦੌਰਾਨ ਦੁਸ਼ਮਣ ਦੀਆਂ ਗੋਲੀਆਂ ਨਾਲ ਹੋਈ ਮੌਤ ਨੂੰ ਕੇਂਦਰ ਸਰਕਾਰ ਨੇ ਇੱਕ ਹਾਦਸਾ ਕਰਾਰ ਦੇ ਕੇ ਅਕਾਸ਼ਦੀਪ ਸਿੰਘ ਦੀ ਲਾਸ਼ ਨੂੰ ਉਸ ਦੇ ਪਿੰਡ ਪਹੁੰਚਾ ਦਿੱਤਾ। ਅਕਾਸ਼ਦੀਪ ਸਿੰਘ ਦੇ ਪਰਵਾਰ ਤੇ ਹੋਰ ਸਾਬਕਾ ਸੈਨਿਕਾਂ ਦੀਆਂ ਸੰਸਥਾ ਦੇ ਰੌਲਾ-ਰੱਪਾ ਪਾਉਣ 'ਤੇ ਉਸ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਤੇ ਕਰ ਦਿੱਤਾ ਪਰ ਉਸ ਨੂੰ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਗਿਆ ਜੋ ਉਸ ਦਾ ਹੱਕ ਬਣਦਾ ਸੀ। ਵੇਟਰਨ ਵੈਲਫ਼ੇਅਰ ਆਰਗੇਨਾਈਜੇਸ਼ਨ ਇੰਡੀਆ ਨੇ ਇਸ ਦਾ ਸਖਤ ਨੋਟਿਸ ਲੈਂਦਿਆਂ ਇਹ ਫ਼ੈਸਲਾ ਲਿਆ ਕਿ ਹਰ ਜ਼ਿਲ੍ਹਾ ਪ੍ਰੈਜ਼ੀਡੈਂਟ ਆਪਣੇ ਆਪਣੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੂੰ ਇਹ ਮੰਗ ਪੱਤਰ ਦੇਣ ਜੋ ਰੱਖਿਆ ਮੰਤਰੀ ਨੂੰ ਗੁਹਾਰ ਲਗਾਈ ਜਾਵੇ ਕਿ ਜਾਂ ਤਾਂ ਅਗਨੀਵੀਰ ਯੋਜਨਾ ਬੰਦ ਕੀਤੀ ਜਾਵੇ ਜਾਂ ਫਿਰ ਜੋ ਅਗਨੀਵੀਰ ਅਕਾਸ਼ਦੀਪ ਸਿੰਘ ਵਾਂਗ ਦੇਸ਼ ਲਈ ਆਪਣੀ ਸ਼ਹਾਦਤ ਦਿੰਦਾ ਹੈ ਉਸ ਨੂੰ ਪੂਰਨ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਅਤੇ ਜੋ ਸਹੂਲਤਾਂ ਇੱਕ ਸੈਨਿਕ ਸ਼ਹੀਦ ਨੂੰ ਮਿਲਦੀਆਂ ਹਨ ਉਹ ਸਾਰੀਆਂ ਦਿੱਤੀਆਂ ਜਾਣ।ਇਸ ਸਮੇ ਜ਼ਿਲ੍ਹਾ ਚੇਅਰਮੈਨ ਸੂਬੇਦਾਰ ਬਲਕਾਰ ਸਿੰਘ ਐਮਾ, ਜ਼ਿਲ੍ਹਾ ਵਾਈਸ ਪ੍ਰੈਜ਼ੀਡੈਂਟ ਸੂਬੇਦਾਰ ਬਲਵਿੰਦਰ ਸਿੰਘ ਸਾਹਬਾਜ਼ਪੁਰ, ਮੀਤ ਪ੍ਰਧਾਨ ਹਰਜੀਤ ਸਿੰਘ ਗਗੋਬੂਆ, ਕਸ਼ਮੀਰ ਸਿੰਘ ਝਬਾਲ, ਤਹਿਸੀਲ ਤਰਨ ਤਾਰਨ ਵਾਈਸ ਪ੍ਰੈਜ਼ੀਡੈਂਟ ਸਰਬਜੀਤ ਸਿੰਘ ਬਾਠ, ਤਹਿਸੀਲ ਭਿੱਖੀਵਿੰਡ ਵਾਈਸ ਪ੍ਰੈਜ਼ੀਡੈਂਟ ਸੂਬੇਦਾਰ ਮਦਨ ਸਿੰਘ, ਤਹਿਸੀਲ ਪੱਟੀ ਵਾਈਸ ਪ੍ਰੈਜ਼ੀਡੈਂਟ ਗੁਰਭੇਜ ਸਿੰਘ ਬੇਗੈਪੁਰ, ਬਲਵਿੰਦਰ ਸਿੰਘ ਕੋਟ ਮਹੁੰਮਦ ਖਾਂ ਮਜੂਦ ਸਨ ।



## 25 ਗ੍ਰਾਮ ਹੈਰੋਇਨ ਤੇ 1500 ਡਰੱਗ ਮਨੀ ਸਮੇਤ ਦੋ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਪੁਰਾਣਾ ਸ਼ਾਲਾ ਪੁਲਸ ਨੇ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਦੋ ਨੌਜਵਾਨਾਂ ਪਾਸੋਂ 25 ਗ੍ਰਾਮ ਹੈਰੋਇਨ ਅਤੇ 1500 ਡਰੱਗ ਮਨੀ ਬਰਾਮਦ ਕੀਤੀ ਹੈ। ਏ.ਐਸ.ਆਈ. ਸ਼ਲਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸੇਮ ਨਹਿਰ ਘੱਲੂਘਾਰਾ ਮੋੜ 'ਤੇ ਨਾਕਾ ਲਗਾਇਆ ਹੋਇਆ ਸੀ ਕਿ ਇਸੇ ਦੌਰਾਨ ਦੀਪਕ ਮਸੀਹ ਉਰਫ ਦੀਪੂ ਪੁੱਤਰ ਤਰਸੇਮ ਨਸੀਬ ਵਾਸੀ ਨੂੰ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਰੋਕਿਆ ਤਾਂ ਉਸ ਪਾਸੋਂ ਮੋਮੀ ਲਫਾਫੇ ਵਿੱਚੋਂ 13 ਗ੍ਰਾਮ ਹੈਰੋਇਨ ਤੇ 700 ਰੁਪਏ ਡਰੱਗ ਮਨੀ ਬਰਾਮਦ ਹੋਈ। ਸ਼ਾਲਾ ਪੁਲਸ ਨੇ ਦੀਪਕ ਮਸੀਹ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਏ.ਐਸ.ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਸੇਮ ਨਹਿਰ ਪੁਲ ਤੋਂ ਨਾਕੇ ਦੌਰਾਨ ਬਲਜੀਤ ਸਿੰਘ ਪੁੱਤਰ ਰਾਜ ਕੁਮਾਰ ਵਾਸੀ ਨੁਸ਼ਹਿਰਾਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਪਾਸੋਂ 12 ਗ੍ਰਾਮ ਹੈਰੋਇਨ ਅਤੇ 800 ਡਰੱਗ ਬਣੀ ਬਰਾਮਦ ਕੀਤੀ। ਪੁਲਸ ਨੇ ਬਲਜੀਤ ਸਿੰਘ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਝਬਾਲ ਖੁਰਦ ਵਿਖੇ ਸ਼ਰਾਰਤੀ ਅਨਸਰ ਵੱਲੋਂ ਗੁਟਕਾ ਸਾਹਿਬ ਦੀ ਬੇਅਦਬੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਜ਼ਿਲ੍ਹਾ ਤਰਨਤਾਰਨ ਦੇ ਪਿੰਡ ਝਬਾਲ ਖੁਰਦ ਵਿਖੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਗੁਟਕਾ ਸਾਹਿਬ ਦੀ ਬੇਅਦਬੀ ਕਰਦਿਆਂ ਗੁਟਕਾ ਸਾਹਿਬ ਦੇ ਪੱਤਰੇ ਪਾੜ ਕੇ ਰੂੜੀ ਉੱਤੇ ਸੁੱਟੇ ਜਾਣ ਦੀ ਮੰਦਭਾਗੀ ਘਟਨਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ। ਪਿੰਡ ਦੇ ਵਾਸੀ ਬਲਜੀਤ ਸਿੰਘ, ਬਰਜਿੰਦਰ ਸਿੰਘ ਪਿੰਦੂ, ਗੁਰਮੀਤ ਸਿੰਘ ਝਬਾਲ ਖੁਰਦ ਨੇ ਦੱਸਿਆ ਕਿ ਪਿੰਡ ਦੇ ਬੱਚਿਆਂ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਹਿਬਾਨ ਨੂੰ ਗੁਟਕਾ ਸਾਹਿਬ ਦੇ ਪੱਤਰੇ ਸੁੱਟੇ ਜਾਣ 'ਤੇ ਦੱਸਿਆ ਤਾਂ ਗ੍ਰੰਥੀ ਵੱਲੋਂ ਅਨਾਊਂਸਮੈਂਟ ਕਰਕੇ ਪਿੰਡ ਵਾਸੀਆਂ ਨੂੰ ਇਕੱਤਰ ਕੀਤਾ ਗਿਆ।ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਭਾਈ ਤਰਲੋਚਨ ਸਿੰਘ ਸੋਹਲ, ਭਾਈ ਸਰਬਦਿਆਲ ਸਿੰਘ ਮੈਨੇਜਰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੇ ਪਿੰਡ ਵਾਸੀਆਂ ਵੱਲੋਂ ਕੁੱਲ 22 ਪੱਤਰੇ ਰੂੜੀ ਤੋਂ ਚੁੱਕ ਕੇ ਸਿਰਪਾਉ ਸਾਹਿਬ ਵਿੱਚ ਲਪੇਟ ਕੇ ਗੁਰਦੁਆਰਾ ਸਾਹਿਬ ਵਿਖੇ ਲਿਆਂਦੇ ਗਏ ਅਤੇ ਪਿੰਡ ਵਾਸੀਆਂ ਵੱਲੋਂ ਥਾਣਾ ਝਬਾਲ ਦੀ ਪੁਲਸ ਨੂੰ ਸੂਚਿਤ ਕੀਤੇ ਜਾਣ 'ਤੇ ਮੌਕੇ 'ਤੇ ਪੁੱਜੇ ਐਸ ਪੀ (ਡੀ) ਤਰਨ ਤਾਰਨ ਅਜੈਰਾਜ ਸਿੰਘ ਤੇ ਥਾਣਾ ਝਬਾਲ ਦੇ ਮੁਖੀ ਪਰਮਜੀਤ ਸਿੰਘ ਵਿਰਦੀ ਤੇ ਪੁਲਸ ਮੁਲਾਜ਼ਮਾਂ ਵੱਲੋਂ ਪੱਤਰੇ ਸਤਿਕਾਰ ਸਾਹਿਤ ਚੁੱਕ ਕੇ ਥਾਣੇ ਲਿਆਂਦੇ ਗਏ।ਭਾਈ ਤਰਲੋਚਨ ਸਿੰਘ ਸੋਹਲ ਨੇ ਗੁਟਕਾ ਸਾਹਿਬ ਦੀ ਹੋਈ ਬੇਅਬਦੀ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪੋਥੀਆਂ, ਗੁਟਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਵਿੱਚ ਹੀ ਹੋਣੇ ਚਾਹੀਦੇ ਹਨ।ਦੁਕਾਨਾਂ ਤੋਂ ਖਰੀਦਣ ਤੇ ਪੂਰਨ ਪਬੰਧੀ ਹੋਣੀ ਚਾਹੀਦੀ ਹੈ।ਕਿਉਂਕਿ ਸ਼ਰਾਰਤੀ ਅਨਸਰ ਕਿਸੇ ਵੀ ਦੁਕਾਨ ਤੋਂ ਗੁਟਕਾ ਸਾਹਿਬ ਖਰੀਦ ਕੇ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।ਇਸ ਸਬੰਧੀ ਥਾਣਾ ਝਬਾਲ ਦੇ ਮੁਖੀ ਪਰਮਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਬੇਅਦਬੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਦਾ ਜਲਦ ਪਤਾ ਲਗਾ ਕੇ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਪਿੰਡ ਵਾਸੀਆਂ ਦੇ ਬਿਆਨਾਂ ਤੇ ਮੁਕੱਦਮਾ ਦਰਜ ਕਰਕੇ ਗੁਟਕਾ ਸਾਹਿਬ ਦੇ ਪੱਤਰੇ ਐਸ ਜੀ ਪੀ ਸੀ ਨੂੰ ਸੌਂਪ ਦਿੱਤੇ ਗਏ ।

## ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਬਲਾਕ ਪੱਧਰੀ ਕਿਸਾਨ ਜਾਗਰੂਕ ਸਿਖਲਾਈ ਕੈਂਪ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਸਾਉਣੀ ਦੀਆਂ ਫ਼ਸਲਾਂ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਡੇਰਾ ਬਾਬਾ ਨਾਨਕ 'ਚ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਗਿਆ ਅਤੇ ਇਸ ਸਬੰਧੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਗਈ।ਕੈਂਪ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਅਮਰੀਕ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਲਈ ਕੇਵਲ ਛੇ ਜ਼ਿਲ੍ਹਿਆਂ ਵਿੱਚ ਚਲਾਏ ਗਏ ਮੱਕੀ ਦੇ ਵਿਸ਼ੇਸ਼ ਪਾਇਲਟ ਪ੍ਰਾਜੈਕਟ ਸਬੰਧੀ ਦੱਸਿਆ ਕਿ ਸਾਉਣੀ ਮੱਕੀ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੀ 17500 ਰੁਪਏ ਪ੍ਰਤੀ ਹੈਕਟੇਅਰ ਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਮੱਕੀ ਦੀ ਕਾਸ਼ਤ ਦੇ ਸਬੰਧ ਵਿੱਚ ਡਾ. ਗੁਰਪ੍ਰੀਤ ਸਿੰਘ ਨੇ ਖਾਦਾਂ ਦਵਾਈਆਂ ਦੀ ਸੁਚੱਜੀ ਵਰਤੋਂ ਕਰਨ ਲਈ ਕਿਹਾ। ਝੋਨੇ ਦੀ ਸਿੱਧੀ ਬਿਜਾਈ ਦੀ ਸਫਲਤਾ ਲਈ ਡਾ. ਸੰਦੀਪ ਸਿੰਘ ਨੇ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ। ਡਾ. ਵਿਸ਼ਾਰਦ ਕੁੰਦਰਾ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਅਧਾਰ 'ਤੇ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਬਲਾਕ ਦੇ ਖੇਤੀਬਾੜੀ ਅਫ਼ਸਰ ਡਾ. ਸੁਖਬੀਰ ਸਿੰਘ ਸੰਧੂ ਨੇ ਜ਼ਰੂਰੀ ਨੁਕਤੇ ਸਾਂਝੇ ਕੀਤੇ, ਜਿਸ ਨਾਲ ਕਿਸਾਨਾਂ ਦੇ ਖੇਤੀ ਖਰਚੇ ਘੱਟ ਕਰਨ ਦੇ ਨਾਲ-ਨਾਲ ਆਮਦਨ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਡਾ. ਗੁਰਪ੍ਰਤਾਪ ਸਿੰਘ ਸੰਧੂ ਨੇ ਨਿਭਾਈ। ਇਹਨਾਂ ਤੋਂ ਇਲਾਵਾ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀਆਂ ਜਿਨ੍ਹਾਂ ਵਿੱਚ ਤਰਲੋਚਨ ਸਿੰਘ, ਸਤਵਿੰਦਰ ਸਿੰਘ, ਸੰਦੀਪ ਸਿੰਘ, ਸੁਖਦਿਆਲ ਸਿੰਘ, ਪੁਨੀਤ ਢਿੱਲੋਂ, ਤਲਜਿੰਦਰ ਸਿੰਘ, ਅੰਮ੍ਰਿਤਜੋਤ ਸਿੰਘ ਅਤੇ ਮੰਗਾ ਰਾਮ ਵੱਲੋਂ ਕੈਂਪ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਪਾਇਆ ਗਿਆ।



## ਭੈਣ ਵਿਮਲਾ ਡਾਂਗ ਦੇ ਸੁਪਨੇ ਪੂਰੇ ਕਰਾਂਗੇ : ਵਿਜੈ ਕਪੂਰ

**ਅੰਮ੍ਰਿਤਸਰ (ਜਸਵੀਰ ਸਿੰਘ ਪੱਟੀ)**-ਐਮੀਨੈਂਸ ਸਕੂਲ ਛੇਹਰਟਾ ਵਿਖੇ ਚੱਲ ਰਹੇ ਬਾਲ ਮਜ਼ਦੂਰ ਸਿੱਖਿਆ ਕੋਰਸ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਹੋਰ ਸਹੂਲਤਾਂ ਦੇਣ ਵਾਸਤੇ ਬਾਲ ਪ੍ਰੇਰਨਾ ਸਿੱਖਿਆ ਕਮੇਟੀ ਬਣਾਈ ਗਈ ਹੈ, ਜਿਸ ਨੇ ਮੀਟਿੰਗ ਕਰਕੇ ਬੱਚਿਆਂ ਵਾਸਤੇ ਹੋਰ ਸਹੂਲਤਾਂ ਅਤੇ ਵਧੀਆ ਢੰਗ ਨਾਲ ਸਿੱਖਿਆ ਦੇਣ 'ਤੇ ਵਿਚਾਰ ਕੀਤੀ ।ਇਸ ਮੀਟਿੰਗ ਵਿੱਚ ਪੰਜਾਬ ਇਸਤਰੀ ਸਭਾ ਰਿਲੀਫ ਟਰੱਸਟ ਦੇ ਆਨਰੇਰੀ ਸਕੱਤਰ ਵਿਜੈ ਕਪੂਰ ਅਤੇ ਟਰੱਸਟੀ ਰਜਿੰਦਰ ਪਾਲ ਕੌਰ ਸ਼ਾਮਿਲ ਹੋਏ।ਮੀਟਿੰਗ ਦੀ ਪ੍ਰਧਾਨਗੀ ਵਿਜੈ ਕਪੂਰ ਨੇ ਕੀਤੀ।ਪੰਜਾਬ ਇਸਤਰੀ ਸਭਾ ਰਿਲੀਫ ਟਰੱਸਟ ਜਿਸ ਦੇ ਕਿ ਸੰਸਥਾਪਕ ਭੈਣ ਜੀ ਵਿਮਲਾ ਡਾਂਗ ਸਨ, ਵੱਲੋਂ ਪੰਜਾਬ ਵਿੱਚ ਬਾਲ ਮਜ਼ਦੂਰ ਬੱਚਿਆਂ ਵਾਸਤੇ ਚਾਰ ਸਕੂਲ ਖੋਲ੍ਹੇ ਗਏ ਸਨ ਜਿਨਾਂ ਵਿੱਚੋਂ ਇੱਕ ਸੀਨੀਅਰ ਸੈਕੰਡਰੀ ਸਕੂਲ ਛੇਹਰਟਾ ਵਿਖੇ ਸ਼ੁਰੂ ਕੀਤਾ ਗਿਆ ਸੀ।ਛੇਹਰਟਾ ਵਿਖੇ ਭੈਣ ਜੀ ਵਿਮਲਾ ਡਾਂਗ ਵੱਲੋਂ ਖੋਲ੍ਹਿਆ ਗਿਆ ਬਾਲ ਮਜ਼ਦੂਰ ਸਿੱਖਿਆ ਕੋਰਸ ਬੜੀ ਸ਼ਾਨ ਨਾਲ ਚੱਲ ਰਿਹਾ ਹੈ ਕਿਉਂਕਿ ਇਸ ਦੇ ਸਰਵੇ ਸਰਵਾ ਜਸਵੰਤ ਰਾਏ ਇਸ ਦਾ ਪ੍ਰਬੰਧ ਪੂਰੀ ਤਨਦੇਹੀ ਨਾਲ ਸੰਭਾਲ ਰਹੇ ਹਨ ।ਪੰਜਾਬ ਵਿੱਚ ਇਹ ਬਾਲ ਮਜ਼ਦੂਰ ਸਿੱਖਿਆ ਕੋਰਸ ਭੈਣ ਜੀ ਵਿਮਲਾ ਡਾਂਗ ਵੱਲੋਂ ਇਸ ਇਰਾਦੇ ਨਾਲ ਖੋਲੇ ਗਏ ਸਨ ਕਿ ਜਿਹੜੇ ਛੋਟੇ ਬੱਚੇ ਢਾਬਿਆਂ 'ਤੇ ਜਾਂ ਦੁਕਾਨਾਂ 'ਤੇ ਕੰਮ ਕਰਦੇ ਹਨ ਅਤੇ ਸਾਰੀ ਜ਼ਿੰਦਗੀ ਇਹੋ ਜਿਹੇ ਕੰਮਾਂ ਚ ਗੁਜ਼ਰ ਜਾਂਦੀ ਹੈ, ਉਹਨਾਂ ਨੂੰ ਸਿੱਖਿਆ ਦੇ ਕੇ ਕਿਸੇ ਚੰਗੇ ਰੁਜ਼ਗਾਰ ਦੇ ਕਾਬਲ ਬਣਾਇਆ ਜਾਵੇ ਅਤੇ ਛੇਹਰਟੇ ਦਾ ਸਕੂਲ ਇਸ ਕੰਮ ਵਿੱਚ ਜਸਵੰਤ ਰਾਏ ਦੀ ਸੁਚੱਜੀ ਅਗਵਾਈ ਅਤੇ ਅਧਿਆਪਕਾ ਰਜਵੰਤ ਕੌਰ ਦੀ ਮਿਹਨਤ ਨਾਲ ਬਹੁਤ ਕਾਮਯਾਬ ਰਿਹਾ ਹੈ।ਅਨੇਕਾਂ ਹੀ ਬੱਚਿਆਂ ਨੂੰ ਪਲਸ ਟੂ ਕਰਵਾਈ ਗਈ ਅਤੇ ਉਹ ਵੱਖ-ਵੱਖ ਕੰਮਾਂ 'ਤੇ ਲੱਗ ਕੇ ਆਪਣੀ ਜ਼ਿੰਦਗੀ ਵਧੀਆ ਬਿਤਾ ਰਹੇ ਹਨ। ਮੀਟਿੰਗ ਵਿੱਚ ਖਜ਼ਾਨਚੀ ਵੀਰਿੰਦਰ ਕੌਰ ਵੀ ਸ਼ਾਮਿਲ ਹੋਏ। ਨਵੀਂ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਜਸਵੰਤ ਰਾਏ ਜਨਰਲ ਸਕੱਤਰ ਅਤੇ ਲੈਕਚਰਾਰ ਧਰਮਿੰਦਰ ਨੂੰ ਪ੍ਰਧਾਨ ਚੁਣਿਆ ਗਿਆ ।ਖਜ਼ਾਨਚੀ ਦੀ ਜ਼ਿੰਮੇਵਾਰੀ ਫਿਰ ਵੀਰਇੰਦਰ ਕੌਰ ਦੇ ਸਿਰ ਪਈ।ਮੀਤ ਪ੍ਰਧਾਨ ਮਨਜੀਤ ਕੌਰ ਗਿੱਲ ਚੁਣੇ ਗਏ।ਕਮੇਟੀ ਵਿੱਚ 4 ਨਵੇਂ ਚਿਹਰੇ ਸ਼ਾਮਿਲ ਹੋਏ ਪ੍ਰਧਾਨ ਧਰਮਿੰਦਰ ਅਤੇ ਕਮੇਟੀ ਮੈਂਬਰ ਸੁਖਪਾਲ ਸਿੰਘ ਲੈਕਚਰਾਰ ਪੋਲੀਟੀਕਲ ਸਾਇੰਸ, ਅਮਨਦੀਪ ਕੌਰ ਲੈਕਚਰਾਰ ਕੈਮਿਸਟਰੀ, ਅਮਰਜੀਤ ਕੌਰ ਲੈਕਚਰਾਰ ਪੋਲੀਟੀਕਲ ਸਾਇੰਸ। ਅੰਤ ਵਿੱਚ ਵਿਜੇ ਕਪੂਰ ਨੇ ਧੰਨਵਾਦ ਕੀਤਾ ।



## ਸੇਂਟ ਸੋਲਜਰ ਗਰੁੱਪ ਆਫ ਸਕੂਲਜ਼ ਦੀ ਅਥਲੈਟਿਕਸ ਮੀਟ ਸੰਪੰਨ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸੇਂਟ ਸੋਲਜਰ ਆਫ ਗਰੁੱਪਜ਼ ਵੱਲੋਂ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦੀ ਗਰਾਊਂਡ ਵਿੱਚ ਤੀਸਰੀ ਤੋਂ ਪੰਜਵੀ ਕਲਾਸ ਦੇ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਮਜੀਠਾ ਅਤੇ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਇਨ੍ਹਾਂ ਮੁਕਾਬਲਿਆਂ ਵਿੱਚ 100 ਮੀਟਰ, 200 ਮੀਟਰ, ਰੀਲੇਅ ਰੇਸ, ਰੱਸਾਕਸ਼ੀ, ਬਾਲ ਬੈਲੈਂਸ, ਥ੍ਰੀ ਲੈਗ ਰੇਸ, ਲੌਂਗ ਜੰਪ ਅਤੇ ਕਬੱਡੀ ਦੇ ਮੁਕਾਬਲੇ ਕਰਵਾਏ ਗਏ ।ਇਸ ਖੇਡ ਮੇਲੇ ਦੀ ਸ਼ੁਰੂਆਤ ਉਦਘਾਟਨੀ ਸਮਾਰੋਹ ਨਾਲ ਹੋਈ ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਖੇਡ ਮੇਲੇ ਦੀ ਸ਼ੁਰੂਆਤ ਕੀਤੀ ।ਖੇਡਾਂ ਦੇ ਸਮਾਪਤੀ ਸਮਾਰੋਹ ਵਿੱਚ ਅਮਨਦੀਪ ਕੌਰ ਪ੍ਰਿੰਸੀਪਲ ਸੇਂਟ ਸੋਲਜਰ ਸਕੂਲ ਮਜੀਠਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ । ਇਨ੍ਹਾਂ ਮੁਕਾਬਲਿਆਂ ਵਿੱਚ 100 ਮੀਟਰ ਦੌੜ (ਲੜਕੀਆਂ) ਵਿੱਚੋਂ ਤੀਜੀ, ਚੌਥੀ ਅਤੇ ਪੰਜਵੀ ਜਮਾਤ ਦੇ ਸ਼ਿਵਾਨਿਆ, ਸੁਖਮਨ ਕੌਰ ਅਤੇ ਨਿਹਾਲਪ੍ਰੀਤ ਕੌਰ ਨੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ। 100 ਮੀਟਰ ਦੌੜ (ਲੜਕੇ) ਵਿੱਚੋਂ ਤੀਜੀ, ਚੌਥੀ ਅਤੇ ਪੰਜਵੀ ਜਮਾਤ ਦੇ ਫਰਿਆਦ ਸਿੰਘ, ਮਨੀਸ਼ ਸੂਰੀ ਅਤੇ ਜੁਗਰਾਜ ਸਿੰਘ ਨੇ ਪਹਿਲਾ ਸਥਾਲ ਹਾਸਿਲ ਕੀਤਾ। 200 ਮੀਟਰ ਦੌੜ ਦੇ ਪੰਜਵੀ ਜਮਾਤ ਦੀਆਂ ਲੜਕੀਆਂ ਵਿੱਚੋਂ ਪ੍ਰਭਸਿਮਰਨ ਕੌਰ ਨੇ ਪਹਿਲਾ ਅਤੇ ਲੜਕਿਆਂ ਵਿੱਚੋਂ ਅਗਮਬੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਚੌਥੀ ਜਮਾਤ (ਲੜਕੀਆਂ) ਰੋਪ ਸਕੀਪਿੰਗ ਮੁਕਾਬਲਿਆਂ ਵਿਚੋਂ ਮਮਤਾ (ਸੇਂਟ ਸੋਲਜਰ ਜੰਡਿਆਲਾ ਗੁਰੂ) ਨੇ ਪਹਿਲਾ ਸਥਾਨ ਹਾਸਿਲ ਕੀਤਾ । ਥ੍ਰੀ ਲੈਗ ਰੇਸ ਚੌਥੀ ਜਮਾਤ ਵਿੱਚੋਂ ਜਾਨਿਸ਼ਬੀਰ ਸਿੰਘ ਅਤੇ ਸਮਰਥਬੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ । ਓਕਟੋਪਸ ਰੇਸ ਲੜਕੇ ਤੀਜੀ ਜਮਾਤ ਵਿਚੋਂ ਕ੍ਰਮਵਾਰ ਗੁਰਸੇਵਕ ਸਿੰਘ, ਸਕਸ਼ਮ ਅਰੋੜਾ, ਗੁਰਸ਼ਾਨ ਸਿੰਘ, ਸਾਹਿਲਦੀਪ ਸਿੰਘ ਅਤੇ ਚੌਥੀ ਜਮਾਤ ਵਿੱਚੋਂ ਸਮਰਪ੍ਰੀਤ ਸਿੰਘ, ਅਗਮਜੋਤ ਸਿੰਘ, ਅਰਸ਼ਦੀਪ ਸਿੰਘ ਅਤੇ ਰਣਬੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਹਰਡਲ ਰੇਸ (ਲੜਕੀਆਂ) ਜਮਾਤ ਚੌਥੀ ਵਿਚੋਂ ਏਕਮਜੋਤ ਕੌਰ ਸੇਂਟ ਸੋਲਜਰ ਸਕੂਲ ਮਜੀਠਾ ਨੇ ਪਹਿਲਾ ਅਤੇ ਲੜਕਿਆਂ ਵਿੱਚ ਅੰਗਦਬੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ । ਯੂ.ਕੇ.ਜੀ ਜਮਾਤ ਦੀ 50 ਮੀਟਰ ਦੀ ਦੌੜ ਵਿੱਚੋਂ ਪਦਮਜੋਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ । ਰੱਸਾਕਸ਼ੀ ਮੁਕਾਬਲਿਆਂ ਵਿਚ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਨੇ ਪਹਿਲਾਂ ਅਤੇ ਸੇਂਟ ਸੋਲਜਰ ਸਕੂਲ, ਮਜੀਠਾ ਨੇ ਦੂਜਾ ਸਥਾਨ ਹਾਸਿਲ ਕੀਤਾ । ਇਸੇ ਤਰ੍ਹਾਂ ਕਬੱਡੀ ਮੁਕਾਬਲਿਆਂ ਵਿੱਚ ਸੇਂਟ ਸੋਲਜ਼ਰ ਸਕੂਲ ਜੰਡਿਆਲਾ ਗੁਰੂ ਨੇ ਪਹਿਲਾ, ਸੇਂਟ ਸੋਲਜ਼ਰ ਸਕੂਲ, ਮਜੀਠਾ ਨੇ ਦੂਜਾ ਸਥਾਨ ਹਾਸਿਲ ਕੀਤਾ । ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਮੈਡਲ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਨੇ ਓਵਰਆਲ ਚੈਂਪੀਅਨ ਦਾ ਤਾਜ ਪਹਿਨਿਆਂ । ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵਿੱਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਤੇ ਸਕੂਲ ਦੇ ਵਾਇਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਨੀਲਾਕਸ਼ੀ ਗੁਪਤਾ, ਫਤਿਹ ਸਿੰਘ ਡੀ.ਪੀ, ਜਤਿੰਦਰ ਸਿੰਘ ਡੀ.ਪੀ, ਯਾਦਵਿੰਦਰ ਸਿੰਘ ਡੀ.ਪੀ, ਸੁਖਜੀਤ ਸਿੰਘ ਡੀ.ਪੀ, ਕੋਮਲਪ੍ਰੀਤ ਕੌਰ ਡੀ.ਪੀ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ ।




## ਐੱਮ ਐੱਲ ਏ ਤੇ ਮੰਤਰੀ ਕਿਸਾਨਾਂ ਦੇ ਸਵਾਲਾਂ ਤੋਂ ਕਿਉਂ ਭੱਜ ਰਹੇ : ਕਿਸਾਨ ਆਗੂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਕੋਟਲੀ ਵਿੱਚ ਇਕਾਈ ਪ੍ਰਧਾਨ ਜਗੀਰ ਸਿੰਘ ਕੋਟਲੀ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ ਨੇ ਆਮ ਆਦਮੀ ਸਰਕਾਰ ਦੇ ਐੱਮ ਐੱਲ ਏ ਡਾ. ਕਸ਼ਮੀਰ ਸਿੰਘ ਸੋਹਲ ਜੋ ਕਿ ਪਿੰਡ ਕੋਟਲੀ ਵਿਖੇ ਆਏ, ਉਨ੍ਹਾਂ ਦਾ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਪ੍ਰਦਰਸ਼ਨ ਅਤੇ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਕਿਸਾਨਾਂ ਨਾਲ ਹੋਏ ਜਬਰ ਦੇ ਸਬੰਧ ਵਿੱਚ ਸਵਾਲ ਜਵਾਬ ਕੀਤੇ। ਉਨ੍ਹਾਂ ਤੋਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਨਹੀਂ ਹਨ, ਜੇਕਰ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਕਿਸਾਨੀ ਮੋਰਚਾ ਚੁਕਵਾਉਣਾ ਸਰਕਾਰ ਦਾ ਸਹੀ ਫੈਸਲਾ ਹੈ, ਤਾਂ ਅੱਜ ਆਪ ਸਰਕਾਰ ਦੇ ਐੱਮ ਐੱਲ ਏ ਅਤੇ ਮੰਤਰੀ ਸ਼ਾਂਤਮਈ ਕਿਸਾਨਾਂ ਦੇ ਸਵਾਲਾਂ ਤੋਂ ਕਿਉਂ ਭੱਜ ਰਹੇ ਹਨ। ਉਹਨਾਂ ਕਿਹਾ 19 ਮਾਰਚ ਨੂੰ ਭਗਵੰਤ ਮਾਨ ਕੇਂਦਰ ਸਰਕਾਰ ਦਾ ਪਿੱਠੂ ਬਣਦੇ ਹੋਏ ਚੰਡੀਗੜ੍ਹ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਕਰਨ ਗਏ ਆਗੂਆਂ ਨੂੰ ਮੀਟਿੰਗ ਤੋਂ ਬਾਅਦ ਧੋਖੇ ਨਾਲ ਗ੍ਰਿਫਤਾਰ ਕਰਕੇ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਅਤੇ ਉਸ ਤੋਂ ਬਾਅਦ ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਅਤੇ ਹੱਕੀ ਮੰਗਾਂ ਨੂੰ ਮਨਵਾਉਣ ਲਈ ਕਿਸਾਨਾਂ ਵੱਲੋਂ ਚੱਲ ਰਹੇ ਸ਼ੰਭੂ ਅਤੇ ਖਨੌਰੀ ਤੇ ਧਰਨੇ ਵਿੱਚ ਭਾਰੀ ਫੋਰਸਾਂ ਲਾ ਕੇ ਸ਼ਾਂਤਮਈ ਬੈਠੇ ਕਿਸਾਨਾਂ ਦੇ ਟੈਂਟ ਪੁੱਟ ਕੇ ਅਤੇ ਉਹਨਾਂ ਦੀ ਜ਼ਰੂਰਤ ਲਈ ਇੱਕ ਸੜਕ ਤੇ ਰੱਖਿਆ ਸਮਾਨ ਖੁਰਦ ਬੁਰਦ ਕਰ ਦਿੱਤਾ, ਕਿਸਾਨਾਂ, ਮਜ਼ਦੂਰਾਂ ਦੇ ਚੰਗੇ ਭਵਿੱਖ ਦੀ ਉਨਤੀ ਲਈ ਚੱਲ ਰਹੇ ਸੰਘਰਸ਼ ਨੂੰ ਖੇਰੂੰ ਖੇਰੂੰ ਕਰ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਧੋਖਾਧੜੀ ਕਰਨ ਦੇ ਵਿਰੋਧ ਵਿੱਚ ਅੱਜ ਅਸੀਂ ਆਪ ਸਰਕਾਰ ਦੇ ਐੱਮ ਐੱਲ ਏ ਅਤੇ ਮੰਤਰੀਆਂ ਦਾ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕਰ ਰਹੇ ਹਾਂ। ਕਿਸਾਨ ਆਗੂਆਂ ਨੇ ਕਿਹਾ ਕਿ ਦੋਵੇਂ ਮੋਰਚਿਆਂ 'ਤੇ ਹੋਏ ਭਾਰੀ ਨੁਕਸਾਨ ਦੀ ਭਰਪਾਈ ਭਗਵੰਤ ਮਾਨ ਦੀ ਆਪ ਸਰਕਾਰ ਕਰੇ, ਪਰ ਇਹਨਾਂ ਸਵਾਲਾਂ ਦੇ ਜਵਾਬ ਆਪ ਸਰਕਾਰ ਦੇ ਐੱਮ ਐੱਲ ਏ ਡਾਕਟਰ ਕਸ਼ਮੀਰ ਸਿੰਘ ਸੋਹਲ ਕੋਲ ਨਹੀਂ ਸਨ ਅਤੇ ਚੁੱਪੀ ਧਾਰ ਕੇ ਉਥੋਂ ਰਫੂਚੱਕਰ ਹੋ ਗਏ। ਇਸ ਮੌਕੇ ਬਲਵੰਤ ਸਿੰਘ ਕੋਟਲੀ, ਦਰਬਾਰਾ ਸਿੰਘ ਕੋਟਲੀ, ਅਜੀਤ ਸਿੰਘ ਕੋਟਲੀ, ਬਲਵੀਰ ਸਿੰਘ ਕੋਟਲੀ, ਰਾਣਾ ਸਿੰਘ ਕੋਟਲੀ, ਧਿਆਨ ਸਿੰਘ ਕੋਟਲੀ, ਫੌਜੀ ਰਣਜੀਤ ਸਿੰਘ ਕੋਟਲੀ, ਜੱਜ ਸਿੰਘ ਕੋਟਲੀ ਅਤੇ ਹੋਰ ਅਨੇਕ ਕਿਸਾਨ ਆਗੂ ਹਾਜ਼ਰ ਸਨ।



## ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬੱਚੇ ਆਏ ਮੈਰਿਟ 'ਚ

**ਮਜੀਠਾ (ਸੋਇਮ ਆਨੰਦ)** ਪੰਜਾਬ ਸਕੂਲ ਸਿਖਿਆ ਵਿਭਾਗ ਵਲੋ ਸਾਲ 2024-25 ਦੇ ਵਿਦਿਅਕ ਵਰ੍ਹੇ ਦੌਰਾਨ ਦਸਵੀਂ ਕਲਾਸ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਹੈ, ਜਿਸ ਤਹਿਤ ਹਲਕਾ ਮਜੀਠਾ ਦੀ ਨਾਮਵਰ ਸਿੱਖਿਆ ਸੰਸਥਾ, ਜਿਸ ਦੇ ਡਿਪਟੀ ਕਮਿਸਨਰ ਅੰਮ੍ਰਿਤਸਰ ਮੈਡਮ ਸਾਕਸੀ ਸਾਹਨੀ ਚੇਅਰਪਰਸਨ, ਐੱਸ ਡੀ ਐਮ ਮਜੀਠਾ ਡਾ ਹਰਨੂਰ ਕੋਰ ਢਿੱਲੋ ਮੈਨੇਜਰ ਅਤੇ ਜਥੇਦਾਰ ਸੰਤੋਖ ਸਿੰਘ ਸਮਰਾ ਕਮੇਟੀ ਪ੍ਰਧਾਨ ਹਨ ਦੀ ਰਹਿਨੁਮਾਈ ਹੇਠ ਅਤੇ ਪ੍ਰਿੰਸੀਪਲ ਵਿਨੋਦ ਸਰਮਾ ਦੀ ਅਗਵਾਈ ਹੇਠ ਸਫਲਤਾ ਪੂਰਵਕ ਚੱਲ ਰਹੀ ਹੈ, ਜਿਸ ਵਿੱਚ ਸਕੂਲ ਦੇ 43 ਵਿਦਿਆਰਥੀਆਂ ਨੇ ਭਾਗ ਲਿਆ ਤੇ ਸਾਰੇ ਚੰਗੀਆਂ ਪੁਜੀਸਨਾਂ ਲੈਣ ਕੇ ਪਾਸ ਹੋਏ, ਜਿਨ੍ਹਾਂ 'ਚੋ ਜਸਕਰਨ ਸਿੰਘ ਨੇ 96.5 ਫੀਸਦੀ ਪ੍ਰਾਪਤ ਕਰ ਕੇ ਪਹਿਲਾ, ਰਾਜਬੀਰ ਕੌਰ ਨੇ 95.8 ਫੀਸਦੀ ਅੰਕ ਲੈ ਕੇ ਦੂਜਾ ਅਤੇ ਜਸਨਪ੍ਰੀਤ ਕੌਰ ਨੇ 94.3 ਫੀਸਦੀ ਨੰਬਰ ਲੈਣ ਕੇ ਤੀਸਰਾ ਸਥਾਨ ਹਾਸਲ ਕੀਤਾ ।ਇਸੇ ਤਰ੍ਹਾਂ ਹੀ 4 ਵਿਦਿਆਰਥੀਆਂ ਨੇ ਫਸਟ ਪੁਜੀਸਨ ,13 ਵਿਦਿਆਰਥੀਆਂ ਨੇ 80 ਪ੍ਰਸੈਂਟ, 26 ਵਿਦਿਆਰਥੀਆਂ ਨੇ 70 ਪ੍ਰਸੈਂਟ ਨੰਬਰ ਲੈਣ ਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੋਸਨ ਕੀਤਾ। ਜਿਸ ਤੇ ਸਕੂਲ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਨਵਾਂ ਜ਼ਮਾਨਾ
ਸ਼ੁੱਕਰਵਾਰ, 23 ਮਈ 2025

# ਇੱਕ ਚੁੱਪ ਸੌ ਸੁੱਖ

*ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਵਾਰ ਫੇਰ ਭਾਰਤ-ਪਾਕਿਸਤਾਨ ਜੰਗ ਖ਼ਤਮ ਕਰਾਉਣ ਲਈ ਆਪਣੇ ਵੱਲੋਂ ਨਿਭਾਈ ਭੂਮਿਕਾ ਦਾ ਦਾਅਵਾ ਕੀਤਾ ਹੈ। ਇਸ ਵਾਰ ਉਸ ਨੇ ਇਹ ਦਾਅਵਾ ਵਾਈਟ ਹਾਊਸ ਵਿੱਚ ਦੱਖਣੀ ਅਫਰੀਕੀ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨਾਲ ਹੋਈ ਮੁਲਾਕਾਤ ਵੇਲੇ ਕੀਤਾ ਹੈ। ਉਸ ਨੇ ਰਾਮਾਫੋਸਾ ਨੂੰ ਕਿਹਾ, "ਜੇਕਰ ਤੁਸੀਂ ਦੇਖੋ ਕਿ ਮੈਂ ਪਾਕਿਸਤਾਨ ਤੇ ਭਾਰਤ ਨਾਲ ਕਿਵੇਂ ਕੀਤਾ, ਮੈਂ ਉਨ੍ਹਾਂ ਦੇ ਝਗੜੇ ਨੂੰ ਨਿਬੇੜ ਦਿੱਤਾ, ਮੈਨੂੰ ਲੱਗਦਾ ਹੈ ਕਿ ਮੇਰੀ ਇਹ ਪ੍ਰਾਪਤੀ ਵਪਾਰ ਦੇ ਜ਼ਰੀਏ ਹੋਈ ਹੈ।"*

*ਟਰੰਪ ਨੇ ਸਭ ਤੋਂ ਪਹਿਲਾਂ ਜੰਗ ਬੰਦ ਕਰਾਉਣ ਦਾ ਦਾਅਵਾ 10 ਮਈ ਨੂੰ ਉਦੋਂ ਕੀਤਾ ਸੀ, ਜਦੋਂ ਹਾਲੇ ਭਾਰਤ ਨੇ ਇਸ ਦਾ ਐਲਾਨ ਵੀ ਨਹੀਂ ਸੀ ਕੀਤਾ। ਟਰੰਪ ਨੇ ਆਪਣੇ ਬਿਆਨ ਵਿੱਚ ਇਹ ਵੀ ਦਾਅਵਾ ਕਰ ਦਿੱਤਾ ਸੀ ਕਿ ਉਹ ਭਾਰਤ-ਪਾਕ ਵਿਚਾਲੇ ਸਭ ਝਗੜੇ ਦੀ ਜੜ੍ਹ ਕਸ਼ਮੀਰ ਮੁੱਦੇ ਨੂੰ ਸੁਲਝਾਉਣ ਲਈ ਵਿਚੋਲਗੀ ਕਰਨਗੇ। ਟਰੰਪ ਦੇ ਇਸ ਬਿਆਨ ਤੋਂ ਬਾਅਦ ਪਾਕਿਸਤਾਨ ਨੇ ਤਾਂ ਇਸ ਦਾ ਸਵਾਗਤ ਕਰ ਦਿੱਤਾ ਪਰ ਭਾਰਤ ਵਿੱਚ ਇਸ ਦੀ ਤਿੱਖੀ ਪ੍ਰਤੀਕਿਰਿਆ ਹੋਈ ਸੀ। ਇਸ ਸੰਬੰਧੀ ਵਿਰੋਧੀ ਪਾਰਟੀਆਂ, ਖਾਸ ਕਰ ਕਾਂਗਰਸ ਤੇ ਖੱਬੀਆਂ ਪਾਰਟੀਆਂ ਨੇ ਸਰਕਾਰ ਤੋਂ ਸਪੱਸ਼ਟੀਕਰਣ ਮੰਗਿਆ ਕਿ ਟਰੰਪ ਦੇ ਦਾਅਵਿਆਂ ਪਿੱਛੇ ਸਚਾਈ ਕੀ ਹੈ।*

*ਚਾਰ-ਚੁਫੇਰਿਓਂ ਵਧਦੇ ਦਬਾਅ ਕਾਰਨ ਆਖਰ ਸਰਕਾਰ ਨੂੰ ਵਿਦੇਸ਼ ਸਕੱਤਰ ਵਿਕਰਮ ਮਿਸਤਰੀ ਰਾਹੀਂ ਟਰੰਪ ਦੇ ਜੰਗਬੰਦੀ ਕਰਾਉਣ ਦੇ ਦਾਅਵੇ ਦਾ ਖੰਡਨ ਇਹ ਕਹਿ ਕੇ ਕਰਨਾ ਪਿਆ ਕਿ ਜੰਗਬੰਦੀ ਦੋਵਾਂ ਦੇਸ਼ਾਂ ਦੇ ਡੀ ਜੀ ਐਮ ਓ ਵਿਚਕਾਰ ਹੋਈ ਸਿੱਧੀ ਗੱਲਬਾਤ ਰਾਹੀਂ ਹੋਈ ਹੈ ਤੇ ਇਸ ਵਿੱਚ ਵਪਾਰ ਦੀ ਕੋਈ ਗੱਲ ਨਹੀਂ ਹੋਈ। ਇਸ ਦੇ ਬਾਵਜੂਦ ਟਰੰਪ ਫ਼ਾਕਸ ਨਿਊਜ਼ ਨਾਲ ਇੰਟਰਵਿਊ 'ਤੇ ਆਪਣੇ ਸਾਊਦੀ ਅਰਬ ਦੇ ਦੌਰੇ ਦੌਰਾਨ ਵੀ ਇਹ ਦਾਅਵਾ ਕਰ ਚੁੱਕੇ ਹਨ। ਟਰੰਪ ਦਾ ਵਾਰ-ਵਾਰ ਇਹ ਦਾਅਵਾ ਕਰਨਾ ਕਿ ਉਸ ਨੇ ਭਾਰਤ ਤੇ ਪਾਕਿਸਤਾਨ ਨੂੰ ਵਪਾਰ ਵਧਾਉਣ ਦਾ ਲਾਲਚ ਤੇ ਵਪਾਰ ਬੰਦ ਕਰਨ ਦੀ ਧਮਕੀ ਦੇ ਕੇ ਜੰਗ ਰੁਕਵਾਈ ਹੈ, ਇੱਕ ਬਿਆਨ ਹੀ ਨਹੀਂ, ਸਗੋਂ ਟਰੰਪ ਦੀ ਵਪਾਰ ਕੇਂਦਰਤ ਕੂਟਨੀਤੀ ਦਾ ਹਿੱਸਾ ਹੈ। ਇਸੇ ਨੀਤੀ ਤਹਿਤ ਸਭ ਤੋਂ ਪਹਿਲਾਂ ਟਰੰਪ ਨੇ ਵਿਦੇਸ਼ੀ ਮਾਲ ਉੱਤੇ ਟੈਰਿਫ ਦੀਆਂ ਦਰਾਂ ਵਿੱਚ ਬੇਤਹਾਸ਼ਾ ਵਾਧਾ ਕਰਕੇ ਕਮਜ਼ੋਰ ਮੁਲਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਟਰੰਪ ਦਾ ਇਹ ਦਾਅ ਅਮਰੀਕਾ ਲਈ ਉਲਟਾ ਪੈ ਗਿਆ ਤੇ ਉਸ ਦੀ ਦੇਸ਼ ਵਿੱਚ ਤੋਏ-ਤੋਏ ਹੋਣ ਲੱਗੀ ਸੀ। ਟਰੰਪ ਦਾ ਅੰਤਰਮੁਖਤਾ ਵਾਲਾ ਵਿਅਕਤੀਤਵ ਹੈ। ਇਸੇ ਕਾਰਨ ਉਹ ਵੱਖ-ਵੱਖ ਦੇਸ਼ਾਂ ਵਿਚਕਾਰ ਲੱਗੀਆਂ ਜੰਗਾਂ ਨੂੰ ਰੁਕਵਾ ਕੇ ਅਮਨ ਦੂਤ ਵਜੋਂ ਆਪਣੀ ਛਵੀ ਨੂੰ ਇੱਕ ਵਿਸ਼ਵ ਪੱਧਰੀ ਆਗੂ ਵਜੋਂ ਸਥਾਪਤ ਕਰਨਾ ਚਾਹੁੰਦਾ ਹੈ। ਇਸੇ ਕਾਰਨ ਉਹ ਦੋ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ, ਪਾਕਿਸਤਾਨ ਤੇ ਭਾਰਤ ਵਿਚਕਾਰ ਲੱਗੀ ਜੰਗ ਬੰਦ ਕਰਾਉਣ ਦਾ ਸਿਹਰਾ ਲੈ ਕੇ ਕੌਮਾਂਤਰੀ ਭਾਈਚਾਰੇ ਤੇ ਆਪਣੇ ਅਮਰੀਕੀ ਸਮਰਥਕਾਂ ਵਿੱਚ ਭੱਲ ਖੱਟਣੀ ਚਾਹੁੰਦਾ ਹੈ। ਉਹ ਵਿਸ਼ਵ ਬਰਾਦਰੀ ਨੂੰ ਦੱਸਣਾ ਚਾਹੁੰਦਾ ਹੈ ਕਿ ਉਹ ਅਜਿਹਾ ਆਗੂ ਹੈ ਜੋ ਵੱਖ-ਵੱਖ ਦੇਸ਼ਾਂ ਵਿਚਲੇ ਪੇਚੀਦਾ ਝਗੜਿਆਂ ਨੂੰ ਨਿਬੇੜਨ ਦੇ ਸਮਰੱਥ ਹੈ। ਇਸੇ ਕਾਰਨ ਹੀ ਉਸ ਨੇ ਕਸ਼ਮੀਰ ਮੁੱਦੇ ਵਿੱਚ ਆਪਣੀ ਟੰਗ ਅੜਾਉਣ ਦੀ ਇੱਛਾ ਦਾ ਆਪਣੇ ਬਿਆਨ ਵਿੱਚ ਪ੍ਰਗਟਾਵਾ ਕੀਤਾ ਹੈ।*

*ਟਰੰਪ ਨੂੰ ਪਤਾ ਹੈ ਕਿ ਭਾਰਤ ਵਿੱਚ ਇਸ ਸਮੇਂ ਸੱਜੇ-ਪੱਖੀ ਸਰਕਾਰ ਹੈ, ਜਿਸ ਦੇ ਹਾਕਮਾਂ ਦੀ ਸੋਚ ਉਸ ਦੀ ਆਪਣੀ ਸੋਚ ਨਾਲ ਮੇਲ ਖਾਂਦੀ ਹੈ। ਅਮਰੀਕਾ ਲਈ ਭਾਰਤ ਰਣਨੀਤਕ ਤੌਰ ਉੱਤੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਸ ਲਈ ਚੀਨ ਦੀ ਵਧਦੀ ਤਾਕਤ ਨੂੰ ਰੋਕਣ ਲਈ ਭਾਰਤ ਨੂੰ ਆਪਣੇ ਕਰੀਬ ਰੱਖਣਾ ਇਸ ਖਿੱਤੇ ਵਿੱਚ ਉਸ ਦੀ ਵੱਡੀ ਲੋੜ ਹੈ। ਅਮਰੀਕਾ ਲਈ ਸੰਸਾਰ ਪੱਧਰ ਉੱਤੇ 'ਬਰਿਕਸ' ਸੰਗਠਨ, ਜਿਸ ਵਿੱਚ ਬਰਾਜ਼ੀਲ, ਰੂਸ, ਭਾਰਤ, ਚੀਨ ਤੇ ਸਾਊਥ ਅਫਰੀਕਾ, ਸ਼ਾਮਲ ਹਨ, ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਟਰੰਪ ਭਾਰਤ ਰਾਹੀਂ ਇਸ ਸੰਗਠਨ ਵਿੱਚ ਸੰਨ੍ਹ ਲਾ ਕੇ ਉਸ ਦੇ ਹਮਲੇ ਨੂੰ ਖੁੰਢਾ ਕਰਨਾ ਚਾਹੁੰਦਾ ਹੈ। ਇਸ ਦੇ ਨਾਲ ਹੀ ਉਹ ਵਪਾਰ ਨੂੰ ਜੰਗ ਰੋਕਣ ਦਾ ਮੁੱਖ ਸੰਦ ਬਣਾ ਕੇ ਭਾਰਤ ਤੇ ਅਮਰੀਕਾ ਵਿਚਾਲੇ ਚਲ ਰਹੀ ਵਪਾਰ ਸਮਝੌਤੇ ਦੀ ਗੱਲਬਾਤ ਨੂੰ ਆਪਣੇ ਪੱਖ ਵਿੱਚ ਕਰਨ ਦਾ ਵੀ ਦਾਅ ਖੇਡ ਰਿਹਾ ਹੈ।*

*ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਟਰੰਪ ਬੇਹੱਦ ਅੰਤਰਮੁਖੀ ਮਾਨਸਿਕਤਾ ਦਾ ਵਿਅਕਤੀ ਹੈ। ਉਸ ਵੱਲੋਂ ਆਪਣੇ ਦਾਅਵਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨਾ ਸਧਾਰਨ ਗੱਲ ਹੈ, ਪਰ ਉਸ ਦੇ ਕਸ਼ਮੀਰ ਦੀ ਵਿਚੋਲਗੀ ਵਾਲੇ ਬਿਆਨ ਨੇ ਭਾਰਤੀ ਹਾਕਮਾਂ ਨੂੰ ਕੁੜਿੱਕੀ ਵਿੱਚ ਫਸਾ ਦਿੱਤਾ ਹੈ। ਭਾਰਤ ਦੀ ਲੰਮੇ ਸਮੇਂ ਤੋਂ ਰਣਨੀਤੀ ਰਹੀ ਹੈ ਕਿ ਕਸ਼ਮੀਰ ਦਾ ਮਸਲਾ ਦੋ ਦੇਸ਼ਾਂ ਦਾ ਮਸਲਾ ਹੈ ਤੇ ਤੀਜੀ ਧਿਰ ਉਸ ਨੂੰ ਕਦਾਚਿਤ ਪ੍ਰਵਾਨ ਨਹੀਂ ਹੈ। ਇਸ ਨੀਤੀ ਦੇ ਕਾਰਨ ਭਾਜਪਾਈ ਆਗੂ ਨਾ ਇਸ ਨੀਤੀ ਨੂੰ ਉਲੰਘ ਸਕਦੇ ਹਨ ਤੇ ਨਾ ਟਰੰਪ ਦੇ ਬਿਆਨਾਂ ਦਾ ਠੋਕਵਾਂ ਖੰਡਨ ਕਰਨ ਦੀ ਹਿੰਮਤ ਰੱਖਦੇ ਹਨ। ਇਸੇ ਕਾਰਨ ਹਾਕਮਾਂ ਨੇ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਜੰਗਬੰਦੀ ਸੰਬੰਧੀ ਪੁੱਛੇ ਗਏ ਸਭ ਸਵਾਲਾਂ, ਜੰਗਬੰਦੀ ਕਿਨ੍ਹਾਂ ਸ਼ਰਤਾਂ 'ਤੇ ਹੋਈ ਤੇ ਟਰੰਪ ਦੇ ਦਾਅਵੇ ਦੀ ਸਚਾਈ ਕੀ ਹੈ, ਆਦਿ ਬਾਰੇ ਇੱਕ ਚੁੱਪ ਸੌ ਸੁੱਖ ਵਾਲਾ ਫਾਰਮੂਲਾ ਅਪਣਾਇਆ ਹੋਇਆ ਹੈ।*

**-ਚੰਦ ਫਤਿਹਪੁਰੀ**

# ਜ਼ਿੰਦਗੀ ਦਾ ਸੁਨੇਹਾ ਹਨ ਮੌਨਸੂਨ ਪੌਣਾਂ



ਗੁਰਚਰਨ ਸਿੰਘ ਨੂਰਪੁਰ

ਇਹ ਬੜਾ ਹੈਰਾਨ ਕਰਨ ਵਾਲਾ ਤੱਥ ਹੈ ਕਿ ਸਾਡੀ ਭਾਰਤੀ ਲੋਕਾਂ ਦੀ ਖੁਸ਼ੀ ਅਤੇ ਖੁਸ਼ਹਾਲੀ ਮੌਨਸੂਨ ਪੌਣਾਂ ਨਾਲ ਜੁੜੀ ਹੋਈ ਹੈ। ਮੌਨਸੂਨ ਪੌਣਾਂ ਭਾਰਤ ਦੀ ਅਰਥਵਿਵਸਥਾ ਲਈ ਸਭ ਤੋਂ ਵੱਡਾ ਵਰਦਾਨ ਹਨ। ਮਈ-ਜੂਨ ਦੇ ਮਹੀਨਿਆਂ ਦੌਰਾਨ ਜਦੋਂ ਜੇਠ-ਹਾੜ੍ਹ ਦੀ ਖੁਸ਼ਕ ਗਰਮੀ ਪਿੰਡੇ ਝੁਲਸਦੀ ਹੈ, ਘਾਹ ਸੁੱਕ ਜਾਂਦਾ ਹੈ, ਫੁੱਲ, ਬੂਟੇ, ਬਿਰਖ ਤਿੱਖੀਆਂ ਧੁੱਪਾਂ ਵਿੱਚ ਨਾਲ ਹਾਲੋ-ਬੇਹਾਲ ਹੋ ਜਾਂਦੇ ਹਨ। ਹਰੇ ਕਚੂਰ ਪੱਤਿਆਂ ਦੀ ਰੌਣਕ ਗਵਾਚ ਜਾਂਦੀ ਹੈ। ਪਸ਼ੂ, ਪੰਛੀ, ਪਰਿੰਦੇ ਪਾਣੀ ਦੀ ਠੰਢਕ ਨੂੰ ਤਰਸ ਜਾਂਦੇ ਹਨ ਤਾਂ ਉਸ ਸਮੇਂ ਮੌਨਸੂਨ ਪੌਣਾਂ ਧਰਤੀ ਲਈ ਜ਼ਿੰਦਗੀ ਦਾ ਸੁਨੇਹਾ ਲੈ ਆਉਂਦੀਆਂ ਹਨ।

ਭੇਜਿਓ ਸੁਨੇਹਾ ਕੋਈ ਕਾਲੀਆਂ ਘਟਾਵਾਂ ਨੂੰ,
ਬਲਦੇ ਬਿਰਖ ਥੋਨੂੰ, ਯਾਦ ਬੜਾ ਕਰਦੇ।

ਜਾਣ-ਪਹਿਚਾਣ: ਹਰ ਸਾਲ ਜੂਨ ਮਹੀਨੇ ਦੇ ਅਖੀਰ ਅਤੇ ਜੁਲਾਈ ਦੇ ਸ਼ੁਰੂ ਹੋਣ ਸਾਰ ਮੌਨਸੂਨ ਪੌਣਾਂ ਦੀ ਆਮਦ ਨਾਲ ਉੱਤਰੀ ਭਾਰਤ ਵਿੱਚ ਪੈਂਦੀ ਖੁਸ਼ਕ ਗਰਮੀ ਤੋਂ ਲੋਕਾਂ ਨੂੰ ਨਿਜ਼ਾਤ ਮਿਲਦੀ ਹੈ ਅਤੇ ਮੌਸਮ ਵਿੱਚ ਸਿੱਲ ਹੋਣ ਲੱਗਦੀ ਹੈ। ਘਾਹ ਪੱਠਾ ਜੋ ਲੋਆਂ ਵਿੱਚ ਸੁੱਕ ਜਾਂਦਾ ਹੈ, ਤੇਜ਼ੀ ਨਾਲ ਆਪਣਾ ਵਿਕਾਸ ਕਰਨ ਲੱਗਦਾ ਹੈ। ਚਾਰਾ ਚਰਨ ਵਾਲੇ ਪਸ਼ੂਆਂ ਅਤੇ ਇਹਨਾਂ ਦੀਆਂ ਅਗਲੀਆਂ ਨਸਲਾਂ ਲਈ ਕੁਦਰਤ ਘਾਹ-ਪੱਠਾ ਪੈਦਾ ਕਰਦੀ ਹੈ। ਕੁਦਰਤ ਦਾ ਨਿਜ਼ਾਮ ਦੇਖੋ ਇਹਨਾਂ ਦਿਨਾਂ ਦੌਰਾਨ ਹੀ ਗਾਵਾਂ-ਮੱਝਾਂ ਨੂੰ ਸੂਆ ਪੈਂਦਾ ਹੈ। ਜ਼ਿਆਦਾਤਰ ਪੰਛੀ ਜੂਨ ਵਿੱਚ ਅੰਡੇ ਦਿੰਦੇ ਹਨ, ਇਸ ਤੋਂ ਕੁਝ ਦਿਨਾਂ ਮਗਰੋਂ ਹਵਾ ਵਿੱਚ ਸਿਲਣ ਹੁੰਦੀ ਹੈ ਅਤੇ ਜੀਵਾਣੂ ਤੇਜ਼ੀ ਨਾਲ ਪੈਦਾ ਹੋਣ ਲੱਗਦੇ ਹਨ-ਸੁੰਡੀਆਂ, ਭਮਟ, ਕੀੜੇ, ਮਕੌੜੇ ਜਿਹੜੇ ਪੰਛੀਆਂ ਦਾ ਖਾਜਾ ਬਣਦੇ ਹਨ, ਇਹਨਾਂ ਦੀ ਗਿਣਤੀ ਵਿੱਚ ਕੁਦਰਤ ਵਾਧਾ ਕਰਨ ਲੱਗਦੀ ਹੈ, ਕਿਉਂਕਿ ਨਵੇਂ ਜੀਆਂ ਲਈ ਹੋਰ ਖੁਰਾਕ ਦੀ ਲੋੜ ਹੁੰਦੀ ਹੈ। ਧਰਤੀ 'ਤੇ ਆਏ ਨਵੇਂ ਜੀਵਾਂ ਲਈ ਹੋਰ ਰੁੱਖਾਂ, ਦਰੱਖਤਾਂ, ਬਨਸਪਤੀਆਂ, ਘਾਹ ਪੱਠੇ ਦੀ ਵੱਧ ਲੋੜ ਹੁੰਦੀ ਹੈ। ਇਸ ਲਈ ਕੁਦਰਤ ਮੌਨਸੂਨ ਪੌਣਾਂ ਰਾਹੀਂ ਹਰ ਤਰ੍ਹਾਂ ਦੇ ਜੀਅ ਜੰਤ ਲਈ ਆਪਣੀ ਨਸਲ ਦਾ ਵਾਧਾ ਕਰਨ, ਉਹਨਾਂ ਨੂੰ ਵਿਗਸਣ-ਮੌਲਣ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। ਸਾਡੀ ਧਰਤੀ ਦਾ ਜੀਵਨ ਚੱਕਰ ਪੂਰੀ ਤਰ੍ਹਾਂ ਮੌਨਸੂਨ ਨਾਲ ਜੁੜਿਆ ਹੋਇਆ ਹੈ।

**ਮੌਨਸੂਨ ਪੌਣਾਂ ਕੀ ਹਨ:** ਮੌਨਸੂਨ ਸ਼ਬਦ ਬਾਰੇ ਕਿਹਾ ਜਾਂਦਾ ਹੈ 'ਮੌਨਸੂਨ' ਸ਼ਬਦ ਅਰਬੀ ਭਾਸ਼ਾ ਤੋਂ ਆਇਆ ਹੈ। ਅਰਬੀ ਭਾਸ਼ਾ ਦਾ ਇੱਕ ਸ਼ਬਦ ਹੈ ਮੌਸਿਨ, ਜਿਸ ਦਾ ਅਰਥ ਹੈ 'ਹਵਾਵਾਂ ਦੀ ਦਿਸ਼ਾ ਦਾ ਮੌਸਮ ਅਨੁਸਾਰ ਬਦਲ ਜਾਣਾ।' ਮੌਨਸੂਨ ਪੌਣਾਂ ਦੀ ਉਤਪਤੀ ਦਾ ਸਿੱਧਾ ਸੰਬੰਧ ਸੂਰਜ ਨਾਲ ਹੈ। ਮਈ ਜੂਨ ਦੇ ਮਹੀਨਿਆਂ ਦੌਰਾਨ ਜਦੋਂ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਸਿੱਧੀਆਂ ਪੈਂਦੀਆਂ ਹਨ। ਸੂਰਜ ਧਰਤੀ ਦੀ ਕਰਕ ਰੇਖਾ ਵੱਲ ਸੇਧਤ ਹੁੰਦਾ ਹੈ, ਇਸ ਲਈ ਉੱਤਰ ਪੱਛਮੀ ਭਾਗ ਵਿੱਚ ਭਿਆਨਕ ਗਰਮੀ ਪੈਣ ਲਗਦੀ ਹੈ। ਇਸ ਨਾਲ ਰਾਜਸਥਾਨ, ਹਰਿਆਣਾ, ਪੰਜਾਬ ਅਤੇ ਪਾਕਿਸਤਾਨ ਦੇ ਕੁਝ ਹਿੱਸਿਆਂ ਵਿੱਚ ਸਖਤ ਗਰਮੀ ਨਾਲ ਹਵਾ ਦਾ ਦਬਾਅ ਬਹੁਤ ਘੱਟ ਹੋ ਜਾਂਦਾ ਹੈ। ਭਾਰਤ ਦੇ ਕੁਝ ਹੋਰ ਖੇਤਰਾਂ ਤੋਂ ਇਲਾਵਾ ਤਿੱਬਤ ਵਿੱਚ ਇੱਕ ਖਾਸ ਕੇਂਦਰ 'ਤੇ ਹਵਾ ਦੇ ਘੱਟ ਦਬਾਅ ਦਾ ਇੱਕ ਖਾਸ ਕੇਂਦਰ ਬਣਦਾ ਹੈ, ਜੋ ਮੌਨਸੂਨੀ ਹਵਾਵਾਂ ਦੇ ਖਿੱਚ ਦਾ ਕੇਂਦਰ ਬਣਦਾ ਹੈ। ਦੂਜੇ ਪਾਸੇ ਇਸ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਹਿੰਦ ਮਹਾਂਸਾਗਰ ਅਤੇ ਅਰਬ ਸਾਗਰ ਦਾ ਤਾਪਮਾਨ ਇਹਨਾਂ ਦਿਨਾਂ ਦੌਰਾਨ ਘੱਟ ਹੁੰਦਾ ਹੈ, ਇਸ ਲਈ ਇਸ ਖੇਤਰ ਤੋਂ ਹਵਾਵਾਂ ਤੇਜ਼ੀ ਨਾਲ ਘੱਟ ਦਬਾਅ ਵਾਲੇ ਖੇਤਰਾਂ ਵੱਲ ਵਹਿਣ ਲੱਗਦੀਆਂ ਹਨ। ਇਹ ਹਵਾਵਾਂ ਹਜ਼ਾਰਾਂ ਕਿਲੋਮੀਟਰ ਸਮੁੰਦਰ 'ਤੇ ਤਲ ਤੋਂ ਹੋ ਕੇ ਗੁਜ਼ਰਦੀਆਂ ਹਨ, ਇਸ ਲਈ ਇਹ ਸਮੁੰਦਰ ਦੇ ਤਲ ਤੋਂ ਜਲ ਵਾਸ਼ਪ ਵੀ ਨਾਲ ਲੈ ਕੇ ਆਉਂਦੀਆਂ ਹਨ। ਦੱਖਣੀ, ਪੱਛਮੀ ਮੌਨਸੂਨ ਪੌਣਾਂ ਇੱਕ ਤੋਂ ਪੰਜ ਜੂਨ ਦੇ ਦਰਮਿਆਨ ਕੇਰਲਾ ਦੇ ਤੱਟ 'ਤੇ ਪਹੁੰਚਦੀਆਂ ਹਨ। ਇਹਨਾਂ ਪੌਣਾਂ ਦਾ ਦੂਜਾ ਵੇਗ ਬੰਬਈ ਤੋਂ ਹੋ ਕੇ ਗੁਜ਼ਰਦਾ ਹੈ ਅਤੇ ਉੱਤਰੀ ਭਾਰਤ ਵੱਲ ਵਧਦਾ ਹੈ। ਇਸੇ ਤਰ੍ਹਾਂ ਇਹਨਾਂ ਹਵਾਵਾਂ ਦਾ ਤੀਜਾ ਵੇਗ ਗੁਜਰਾਤ ਦੇ ਕੁਝ ਖੇਤਰਾਂ ਤੋਂ ਹੋ ਕੇ ਉੱਤਰੀ ਭਾਰਤ ਵੱਲ ਵਧਦਾ ਹੈ। ਇੱਥੇ ਵਿਲੱਖਣ ਗੱਲ ਇੱਕ ਹੋਰ ਹੈ, ਇਸ ਹੀ ਸਮੇਂ ਦੌਰਾਨ ਬੰਗਾਲ ਦੀ ਖਾੜੀ ਤੋਂ ਚੱਲੀਆਂ ਮੌਨਸੂਨੀ ਪੌਣਾਂ ਬੰਗਾਲ ਦੀ ਖਾੜੀ ਵੱਲੋਂ ਸਿੱਧੀਆਂ ਗੰਗਾ ਦੇ ਮੈਦਾਨ ਤੋਂ ਹੁੰਦੀਆਂ ਭਾਰਤ ਦੇ ਦਿੱਲੀ, ਹਰਿਆਣਾ, ਪੰਜਾਬ ਸਮੇਤ ਹੋਰ ਇਲਾਕਿਆਂ ਵੱਲ ਵਧਦੀਆਂ ਹਨ, ਇਸ ਤਰ੍ਹਾਂ ਜੁਲਾਈ ਦੇ ਮਹੀਨੇ ਦੌਰਾਨ ਇਹਨਾਂ ਇਲਾਕਿਆਂ ਵਿੱਚ ਵਰਖਾ ਹੋਣ ਲਗਦੀ ਹੈ। ਇਹ ਵਰਖਾ ਇਹਨਾਂ ਇਲਾਕਿਆਂ ਲਈ ਜ਼ਿੰਦਗੀ ਦਾ ਵਰਦਾਨ ਸਾਬਤ ਹੁੰਦੀ ਹੈ। ਪਾਣੀ ਨਾਲ ਲੱਦੀਆਂ ਹਵਾਵਾਂ ਦੇ ਵੇਗ ਨੂੰ ਹੀ ਮੌਨਸੂਨ ਕਿਹਾ ਜਾਂਦਾ ਹੈ। ਇਹਨਾਂ ਦਾ ਰੁਖ ਭਾਰਤ ਦੇ ਉੱਤਰ, ਪੱਛਮ ਦਿਸ਼ਾ ਵੱਲ ਹੋਣ ਲੱਗਦਾ ਹੈ। ਇਹ ਹਵਾਵਾਂ ਜੂਨ ਦੇ ਅਖੀਰ ਜਾਂ ਜੁਲਾਈ ਦੇ ਸ਼ੁਰੂ ਤੱਕ ਭਾਰਤ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਛਾ ਜਾਂਦੀਆਂ ਹਨ ਅਤੇ ਵਰਖਾ ਹੋਣ ਲੱਗਦੀ ਹੈ।

**ਪੰਜਾਬ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ 'ਤੇ ਪ੍ਰਭਾਵ:-** ਪੁਰਾਣਾਂ, ਗਰੰਥਾਂ, ਸ਼ਾਸ਼ਤਰਾਂ ਅਨੁਸਾਰ ਪੰਜਾਬ ਦੀ ਧਰਤੀ ਨੂੰ ਛੇ ਰੁੱਤਾਂ ਦਾ ਦੇਸ਼ ਕਿਹਾ ਗਿਆ ਹੈ। ਇਹ ਰੁੱਤਾਂ ਹਨ, ਗਰਮੀ, ਸਰਦੀ, ਪੱਤਝੜ, ਬਸੰਤ, ਵਰਖਾ ਤੇ ਸੀਤ ਰੁੱਤ। ਧਰਤੀ 'ਤੇ ਬਹੁਤ ਥੋੜ੍ਹੇ ਅਜਿਹੇ ਖਿੱਤੇ ਹਨ, ਜਿਹਨਾਂ 'ਤੇ ਹਰ ਦੋ ਮਹੀਨੇ ਬਾਅਦ ਰੁੱਤ ਬਦਲਦੀ ਹੈ। ਪੰਜਾਬ ਵਿੱਚ ਜੇਠ ਹਾੜ੍ਹ ਵਿੱਚ ਪਿੰਡੇ ਨੂੰ ਝੁਲਸ ਦੇਣ ਵਾਲੀ ਗਰਮੀ ਪੈਂਦੀ ਹੈ। 23 ਜੂਨ ਤੋਂ ਹਫਤਾ ਕੁ ਮਗਰੋਂ ਮੌਨਸੂਨੀ ਹਵਾਵਾਂ ਦਾ ਇਸ ਖਿੱਤੇ ਵਿੱਚ ਆਗਮਨ ਹੁੰਦਾ ਹੈ। ਗਰਮੀ ਦੀ ਰੁੱਤ ਕਰਵਟ ਬਦਲਦੀ ਹੈ। ਖੁਸ਼ਕ ਗਰਮੀ ਦੀ ਰੁੱਤ ਹੁਮਸ ਵਿੱਚ ਤਬਦੀਲ ਹੁੰਦੀ ਹੈ। ਹਵਾ ਵਿੱਚ ਸਿੱਲ੍ਹ ਵਧ ਜਾਂਦੀ ਹੈ। ਤਿੱਖੀ ਧੁੱਪ ਦੀ ਬਜਾਏ ਹੁਮਸ ਭਰੇ ਦਿਨਾਂ ਦੀ ਸ਼ੁਰੂਆਤ ਹੁੰਦੀ ਹੈ। ਜਿੱਥੇ ਮਈ-ਜੂਨ ਮਹੀਨਿਆਂ ਦੌਰਾਨ ਕਾਂ ਦੀ ਅੱਖ ਨਿਕਲਣ ਵਾਲੀ ਗਰਮੀ ਪੈ ਰਹੀ ਹੁੰਦੀ ਹੈ, ਉੱਥੇ ਜੂਨ ਮਹੀਨੇ ਦੇ ਖਤਮ ਹੁੰਦਿਆਂ ਹੀ ਅਸਮਾਨ 'ਤੇ ਕਾਲੇ ਬੱਦਲਾਂ ਦੀਆਂ ਘਟਾਵਾਂ ਇਸ ਖਿੱਤੇ ਦੀਆਂ ਫਸਲਾਂ, ਬਿਰਖਾਂ, ਪਸ਼ੂ-ਪੰਛੀਆਂ ਲਈ ਜ਼ਿੰਦਗੀ ਦਾ ਸੁਨੇਹਾ ਬਣ ਕੇ ਅੰਬਰਾਂ 'ਤੇ ਛਾ ਜਾਦੀਆਂ ਹਨ। ਅਸਮਾਨ 'ਤੇ ਕਾਲੇ ਬੱਦਲ ਗਰਜਦੇ ਹਨ, ਕਾਲੀਆਂ ਘਟਾਵਾਂ ਵਿੱਚ ਉੱਡਦੇ ਚਿੱਟੇ ਬਗਲੇ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਛੱਪੜ, ਟੋਭੇ, ਨਹਿਰਾਂ, ਕੱਸੀਆਂ, ਸੂਏ ਪਾਣੀ ਨਾਲ ਭਰ ਜਾਂਦੇ ਹਨ। ਸਾਵਣ ਦੇ ਕਾਲੇ ਬੱਦਲ ਗਰਜਦੇ ਤੇ ਬਰਸਦੇ ਹਨ। ਲੋਆਂ ਨਾਲ ਬੇਹਾਲ ਹੋਏ ਬਿਰਖਾਂ ਨੂੰ ਦੁਬਾਰਾ ਜ਼ਿੰਦਗੀ ਦਾ ਅਹਿਸਾਸ ਹੋਣ ਲੱਗਦਾ ਹੈ। ਸਾਵਣ ਦੀਆਂ ਠੰਢੀਆਂ ਹਵਾਵਾਂ ਮਨੁੱਖ ਸਮੇਤ ਜੀਵ-ਜੰਤੂਆਂ ਅਤੇ ਪਸ਼ੂ-ਪੰਛੀਆਂ ਨੂੰ ਠੰਢਕ ਬਖਸ਼ਦੀਆਂ ਹਨ। ਜੀਵਨ ਦਾ ਰੌਂਅ ਜੋ ਕੜਕਦੀਆਂ ਧੁੱਪਾਂ ਵਿੱਚ ਫਿੱਕਾ ਪੈਣ ਲੱਗਦਾ ਹੈ, ਵਿੱਚ ਦੁਬਾਰਾ ਰਵਾਨਗੀ ਦਾ ਸੰਚਾਰ ਹੁੰਦਾ ਹੈ।

**ਭਾਰਤ ਦੀ ਆਰਥਿਕਤਾ 'ਤੇ ਅਸਰ :** ਮੌਨਸੂਨ ਪੌਣਾਂ ਕੇਵਲ ਸਾਡੇ ਦੇਸ਼ ਦੇ ਵਾਤਾਵਰਣ 'ਤੇ ਹੀ ਬਹੁਤ ਵੱਡਾ ਪ੍ਰਭਾਵ ਨਹੀਂ ਪਾਉਂਦੀਆਂ, ਬਲਕਿ ਸਾਡੇ ਦੇਸ਼ ਦੀ ਆਰਥਿਕਤਾ ਵੀ ਇਸ ਨਾਲ ਜੁੜੀ ਹੋਈ ਹੈ। ਸਾਡੀ ਖੇਤੀ, ਖਾਣ-ਪੀਣ ਪਹਿਰਾਵਾ, ਖੁਸ਼ੀਆਂ-ਗਮੀਆਂ ਅਤੇ ਤਿਉਹਾਰ ਸਭ ਕੁਝ ਮੌਨਸੂਨ ਤੋਂ ਪ੍ਰਭਾਵਿਤ ਹੁੰਦਾ ਹੈ। ਕੁਦਰਤ ਦਾ ਤਾਣਾਬਾਣਾ ਸਾਡੇ ਜੀਵਨ ਲਈ ਕਿਵੇਂ ਸਹਿਯੋਗ ਕਰਦਾ ਹੈ, ਇਸ ਨੂੰ ਅਸੀਂ ਮੌਨਸੂਨ ਪੌਣਾਂ ਦੀ ਆਮਦ ਤੋਂ ਸਮਝ ਸਕਦੇ ਹਾਂ। ਸਮੁੰਦਰ ਵਿੱਚ ਸਾਡੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਹਵਾ ਦੇ ਵੱਧ ਦਬਾਅ ਕਾਰਨ ਘੱਟ ਦਬਾਅ ਵੱਲ ਨੂੰ ਹਵਾਵਾਂ ਦਾ ਪ੍ਰਸਾਰ ਸਾਡੀ ਜ਼ਿੰਦਗੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰਦਾ ਹੈ। ਸਾਡੀ ਖੁਸ਼ੀ ਅਤੇ ਖੁਸ਼ਹਾਲੀ ਮੌਨਸੂਨੀ ਪੌਣਾਂ ਨਾਲ ਜੁੜੀ ਹੋਈ ਹੈ। ਜੇਕਰ ਭਾਰਤ ਵਿੱਚ ਮੌਨਸੂਨ ਦੀ ਆਮਦ ਭਰਵੀਂ ਹੁੰਦੀ ਹੈ ਤਾਂ ਸਾਡੀਆਂ ਫਸਲਾਂ ਦੇ ਝਾੜ ਚੰਗੇ ਨਿਕਲਦੇ ਹਨ। ਜੇਕਰ ਕਿਸੇ ਸਾਲ ਮੌਨਸੂਨ ਕਮਜ਼ੋਰ ਪੈਂਦੀ ਹੈ ਤਾਂ ਇਸ ਦਾ ਸਿੱਧਾ ਨਾਕਾਰਾਤਮਿਕ ਅਸਰ ਸਾਡੇ ਦੇਸ਼ ਦੀ ਆਰਥਿਕ ਵਿਵਸਥਾ 'ਤੇ ਪੈਂਦਾ ਹੈ।

**ਪੰਜਾਬ ਦੇ ਜਲਵਾਯੂ 'ਤੇ ਅਸਰ:** ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਮੌਨਸੂਨੀ ਹਵਾਵਾਂ ਨਾਲ ਆਏ ਬੱਦਲ ਉਹਨਾਂ ਥਾਵਾਂ 'ਤੇ ਹੀ ਬਰਸਦੇ ਹਨ, ਜਿੱਥੇ ਹਵਾ ਦੇ ਘੱਟ ਦਬਾਅ ਦਾ ਖੇਤਰ ਬਣਦਾ ਹੈ। ਜਿਵੇਂ ਅਸੀਂ ਪਿਛਲੇ ਅਰਸੇ ਤੋਂ ਰੁੱਖਾਂ-ਵਣਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਹੈ, ਇਸ ਨਾਲ ਮੈਦਾਨੀ ਇਲਾਕਿਆਂ ਵਿੱਚ ਬਾਰਸ਼ਾਂ ਪੈਣੀਆਂ ਘੱਟ ਹੋ ਗਈਆਂ। ਦੂਜੇ ਪਾਸੇ ਪਹਾੜੀ ਖੇਤਰਾਂ ਵਿੱਚ ਇਸ ਨਾਲ ਬੱਦਲ ਫਟਣ ਦੀਆਂ ਘਟਨਾਵਾਂ ਵਧਣ ਲੱਗ ਪਈਆਂ ਹਨ। ਇਸ ਸਾਲ 2024 ਵਿੱਚ ਵਿੱਚ ਭਾਰਤ ਅਤੇ ਏਸ਼ੀਆ ਦੇ ਕੁਝ ਹੋਰ ਦੇਸ਼ਾਂ ਦੇ ਵਿਸ਼ਾਲ ਇਲਾਕਿਆਂ ਵਿੱਚ ਲੰਮਾ ਸਮਾਂ ਹੀਟ ਵੇਵ ਬਣੀ ਰਹੀ, ਇਹ ਜੀਵਨ ਲਈ ਬੇਹੱਦ ਖਤਰਨਾਕ ਸਥਿਤੀ ਹੈ। ਜੰਗਲਾਂ, ਰੁੱਖਾਂ ਦਾ ਵੱਡੀ ਤਾਦਾਦ ਵਿੱਚ ਖਾਤਮਾ ਹੋ ਜਾਣ ਕਰਕੇ ਮਨੁੱਖ ਸਮੇਤ ਸਭ ਤਰ੍ਹਾਂ ਦੇ ਜੀਵ-ਜੰਤੂਆਂ ਲਈ ਵੱਡੇ ਖਤਰੇ ਪੈਦਾ ਹੋਣ ਲੱਗੇ ਹਨ। ਇਸ ਸਾਲ ਕਣਕ ਦੀ ਵਾਢੀ ਮਗਰੋਂ ਅਸੀਂ ਪੂਰੇ ਪੰਜਾਬ ਦੀ ਧਰਤੀ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਕੋਈ ਸਮਾਂ ਸੀ ਜਦੋਂ ਪੰਜਾਬ ਦੇ ਖੇਤਾਂ ਵਿੱਚ ਵੀ ਪਿੱਪਲ, ਬੋਹੜ, ਨਿੰਮਾ, ਟਾਹਲੀਆਂ ਅਤੇ ਪਿਲਕਣਾਂ ਵਰਗੇ ਰੁੱਖ ਹੋਇਆ ਕਰਦੇ ਸਨ, ਪਰ ਹੁਣ ਪੰਜਾਬ ਦੇ ਖੇਤਾਂ ਵਿੱਚ ਰੁੱਖਾਂ ਦਾ ਲੱਗਭੱਗ ਸਫਾਇਆ ਹੀ ਹੋ ਗਿਆ ਹੈ, ਕੇਵਲ ਸੜਕਾਂ 'ਤੇ ਥੋੜ੍ਹੀ ਗਿਣਤੀ ਵਿੱਚ ਰੁੱਖ ਬਚੇ ਹਨ। ਇਸ ਵਾਰ ਜ਼ਿਆਦਾ ਹੀਟ ਵੇਵ ਹੋਣ ਕਰਕੇ ਵਿਆਪਕ ਲੱਗੀ ਅੱਗ ਨਾਲ ਸੜਕਾਂ 'ਤੇ ਖੜ੍ਹੇ ਹਰੇ-ਭਰੇ ਰੁੱਖ ਵੀ ਸੜ-ਭੁੱਜ ਗਏ। ਰੁੱਖਾਂ ਦੀ ਹੋਈ ਅੰਨ੍ਹੇਵਾਹ ਕਟਾਈ ਕਰਕੇ ਪੰਜਾਬ ਵਿੱਚ ਪਿਛਲੇ ਕੁਝ ਅਰਸੇ ਤੋਂ ਝੜੀਆਂ ਲੱਗਣੀਆਂ ਖਤਮ ਹੋ ਗਈਆਂ ਹਨ। ਮੈਦਾਨੀ ਇਲਾਕਿਆਂ ਵਿੱਚ ਮੌਨਸੂਨੀ ਹਵਾਵਾਂ ਦੇ ਕਾਲੇ ਬੱਦਲ ਆਉਂਦੇ ਹਨ, ਪਰ ਧਰਤੀ ਦੀ ਤਪਸ਼ ਕਾਰਨ ਬਿਨਾਂ ਵਰਸਿਆਂ ਹੀ ਅਗਾਂਹ ਲੰਘ ਜਾਂਦੇ ਹਨ। ਪਿਛਲੇ ਸਾਲ 2023 ਵਿੱਚ ਪੰਜਾਬ ਵਿੱਚ ਬੜੀ ਅਜੀਬੋ-ਗਰੀਬ ਸਥਿਤੀ ਬਣੀ। ਇਸ ਛੋਟੇ ਜਿਹੇ ਸੂਬੇ ਦੇ ਬਹੁਤ ਸਾਰੇ ਇਲਾਕੇ ਹੜ੍ਹ ਦੇ ਪਾਣੀ ਨਾਲ ਭਰੇ ਹੋਏ ਸਨ, ਪਰ ਦੂਜੇ ਪਾਸੇ ਮਾਲਵੇ ਦਾ ਇੱਕ ਵੱਡਾ ਇਲਾਕਾ ਔੜ ਨਾਲ ਜੂਝ ਰਿਹਾ ਸੀ। ਮੌਸਮਾਂ ਦੇ ਵੇਗ ਵਿੱਚ ਆਏ ਇਹਨਾਂ ਵਿਗਾੜਾਂ ਨਾਲ ਇਸ ਖਿੱਤੇ ਦਾ ਜਨਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਮੀਂਹਾਂ, ਝੜੀਆਂ ਨੂੰ ਬੁਲਾਵਾ ਦੇਣ ਵਾਲੇ ਰੁੱਖਾਂ ਨੂੰ ਅੱਗ ਦੇ ਹਵਾਲੇ ਕਰਕੇ ਅਸੀਂ ਪਤਾ ਨਹੀਂ ਕਿਹੜੇ ਮੁਨਾਫਿਆਂ ਦੀ ਭਾਲ ਵਿੱਚ ਹਾਂ। ਸਾਨੂੰ ਸੋਚਣਾ ਪਵੇਗਾ ਕਿ ਜੇਕਰ ਇਸ ਧਰਤੀ 'ਤੇ ਰੁੱਖ ਹੋਣਗੇ ਤਾਂ ਹੀ ਇਹ ਧਰਤੀ ਬਚੀ ਰਹੇਗੀ। ਜੇਕਰ ਇਹ ਧਰਤੀ ਬਚੇਗੀ ਤਾਂ ਜੀਵਨ ਬਚੇਗਾ, ਰੁੱਖ ਸਾਡੀ ਹੋਂਦ ਲਈ ਸਾਡੇ ਜੀਵਨ ਦਾ ਮੂਲ ਆਧਾਰ ਹਨ। ਅਗਲੇ ਦਿਨਾਂ ਦੌਰਾਨ ਪੰਜਾਬ ਦੇ ਹਰ ਪਿੰਡ, ਗੁਰਦਵਾਰੇ ਵਿੱਚ ਇਹ ਆਵਾਜ਼ ਆਉਣੀ ਚਾਹੀਦੀ ਹੈ ਕਿ ਅਸੀਂ ਪੰਜਾਬ ਨੂੰ ਅੱਗ ਦੇ ਹਵਾਲੇ ਨਹੀਂ ਕਰਾਂਗੇ, ਰੁੱਖ ਲਾਵਾਂਗੇ ਰੁੱਖਾਂ ਦੇ ਪਾਲਨਹਾਰ ਬਣਾਂਗੇ। ਪੰਜਾਬ ਦੀਆਂ ਸੜਕਾਂ ਨੂੰ ਹਰਾ-ਭਰਾ ਕਰਾਂਗੇ। ਰੁੱਖਾਂ ਦੀ ਭਰਮਾਰ ਹੋਵੇਗੀ ਤਾਂ ਇੱਥੇ ਮੌਨਸੂਨੀ ਬੱਦਲਾਂ ਨਾਲ ਸਾਵਣ ਦੀਆਂ ਝੜੀਆਂ ਲੱਗਣਗੀਆਂ। ਸਾਨੂੰ ਇਸ ਸਮੇਂ ਸੜਕਾਂ 'ਤੇ ਲੋਕਾਂ ਨੂੰ ਰੋਕ-ਰੋਕ ਠੰਢਾ ਪਾਣੀ ਪਿਊਣ ਦੀ ਓਨੀ ਲੋੜ ਨਹੀਂ, ਜਿੰਨੀ ਲੋੜ ਰੁੱਖ ਨੂੰ ਲਾਉਣ ਅਤੇ ਸੰਭਾਲਣ ਅਤੇ ਅੱਗ ਦੇ ਤਾਂਡਵ ਤੋਂ ਬਚਾਉਣ ਦੀ ਹੈ। ਆਓ ਆਪਾਂ ਭਗਤ ਪੂਰਨ ਸਿੰਘ ਦੇ ਕਹੇ ਅਨੁਸਾਰ ਪੰਜਾਬ ਦੀ ਧਰਤੀ ਨੂੰ ਇਸ ਸਾਲ ਰੁੱਖਾਂ ਨਾਲ ਭਰ ਦੇਈਏ ਤਾਂ ਕਿ ਮੌਨਸੂਨੀ ਬੱਦਲਾਂ ਦੀ ਆਮਦ ਬਣੀ ਰਹੇ।

**# ਸੰਪਰਕ : 98550-51099**

# ਅੱਜ ਸਭ ਤੋਂ ਅਮੀਰ ਇਨਸਾਨ ਕੌਣ

**ਸੰਦੀਪ ਕੁਮਾਰ**

ਅੱਜ ਦੇ ਯੁੱਗ ਵਿੱਚ ਜਿੱਥੇ ਪੈਸਾ, ਐਸ਼ੋ-ਅਰਾਮ ਅਤੇ ਵਾਹਵਾਹੀ ਨੂੰ ਹੀ ਅਸਲ ਅਮੀਰਤਾ ਦਾ ਮਾਪਦੰਡ ਮੰਨ ਲਿਆ ਗਿਆ ਹੈ, ਉੱਥੇ ਅਸਲ ਵਿੱਚ ਅਮੀਰ ਇਨਸਾਨ ਕੌਣ ਹੈ, ਇਹ ਗੱਲ ਸੋਚਣ ਯੋਗ ਹੈ। ਅਕਸਰ ਜਦੋਂ ਅਸੀਂ ਕਿਸੇ ਅਮੀਰ ਵਿਅਕਤੀ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਸ ਦੀ ਜਾਇਦਾਦ, ਬੈਂਕ ਬੈਲੈਂਸ, ਕਾਰਾਂ, ਕੋਠੀਆਂ ਜਾਂ ਵਪਾਰ ਦੀ ਗੱਲ ਕਰਦੇ ਹਾਂ, ਪਰ ਅਸੀਂ ਕਦੇ ਨਹੀਂ ਸੋਚਦੇ ਕਿ ਇਹ ਸਭ ਚੀਜ਼ਾਂ ਤਤਕਾਲੀ ਹਨ, ਇਹ ਸਦਾ ਨਾਲ ਨਹੀਂ ਰਹਿਣੀਆਂ। ਜਦੋਂ ਇਨਸਾਨ ਇਸ ਦੁਨੀਆ ਤੋਂ ਚਲਾ ਜਾਂਦਾ ਹੈ, ਤਾਂ ਇਹ ਸਭ ਕੁਝ ਇਥੇ ਹੀ ਰਹਿ ਜਾਂਦਾ ਹੈ, ਜਿਸ ਦਾ ਉਹ ਮਾਲਕ ਹੁੰਦਾ ਹੈ, ਉਹੀ ਇਹ ਸਭ ਛੱਡ ਕੇ ਖਾਲੀ ਹੱਥ ਜਾਂਦਾ ਹੈ। ਅਸਲ ਅਮੀਰਤਾ ਉਹ ਹੈ, ਜੋ ਇਨਸਾਨ ਨਾਲ ਉਸ ਦੇ ਅੰਤ ਤੱਕ ਰਹੇ। ਅਜਿਹਾ ਕੀ ਹੋ ਸਕਦਾ ਹੈ? ਸੰਸਕਾਰ, ਪਿਆਰ, ਇੱਜ਼ਤ, ਸਤਿਕਾਰ, ਅਤੇ ਸਭ ਤੋਂ ਵੱਡੀ ਗੱਲ ਆਪਣੇ ਪਰਵਾਰ ਦੀ ਖੁਸ਼ੀ ਹੈ, ਜਿਸ ਇਨਸਾਨ ਦੇ ਬੱਚੇ ਸੰਸਕਾਰੀ ਹਨ, ਉਹ ਇਨਸਾਨ ਅਸਲ ਵਿੱਚ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਹੈ।

ਅੱਜ ਦੇ ਸਮੇਂ ਵਿੱਚ ਅਸੀਂ ਦੇਖ ਰਹੇ ਹਾਂ ਕਿ ਟੈਕਨੋਲੋਜੀ ਦੀ ਤਰੱਕੀ ਨੇ ਇਨਸਾਨ ਨੂੰ ਕਈ ਖੇਤਰਾਂ 'ਚ ਅੱਗੇ ਵਧਾ ਦਿੱਤਾ ਹੈ, ਪਰ ਇਹ ਤਰੱਕੀ ਇੱਕ ਅਜਿਹਾ ਦਿਸ਼ਾ ਵੀ ਲੈ ਰਹੀ ਹੈ, ਜਿੱਥੇ ਰਿਸ਼ਤੇ, ਭਾਵਨਾ ਅਤੇ ਮਾਨਵਤਾ ਪਿੱਛੇ ਛੁੱਟ ਰਹੀ ਹੈ। ਬੱਚੇ ਜੋ ਪਹਿਲਾਂ ਮਾਂ-ਬਾਪ ਦੇ ਨਾਲ ਹਰ ਗੱਲ ਸਾਂਝੀ ਕਰਦੇ ਸਨ, ਹੁਣ ਉਹ ਆਪਣੇ ਮੋਬਾਇਲ, ਟੈਬਲੇਟ ਜਾਂ ਕੰਪਿਊਟਰ ਵਿੱਚ ਮਸਤ ਹਨ। ਸੋਸ਼ਲ ਮੀਡੀਆ ਨੇ ਉਹਨਾਂ ਨੂੰ ਅਜਿਹੀ ਦੁਨੀਆ ਵਿੱਚ ਧੱਕ ਦਿੱਤਾ ਹੈ, ਜਿੱਥੇ ਉਨ੍ਹਾਂ ਨੂੰ ਰਿਸ਼ਤਿਆਂ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਸ ਦੇ ਨਤੀਜੇ ਵਜੋਂ ਅਸੀਂ ਵੇਖਦੇ ਹਾਂ ਕਿ ਬਹੁਤ ਸਾਰੇ ਮਾਂ-ਬਾਪ ਅੱਜ ਆਪਣੇ ਬੁਢਾਪੇ ਵਿੱਚ ਇਕੱਲੇ ਹੋ ਚੁੱਕੇ ਹਨ। ਉਹਨਾਂ ਦੇ ਬੱਚੇ ਆਪਣੇ ਕਾਰੋਬਾਰ ਜਾਂ ਨੌਕਰੀਆਂ ਵਿੱਚ ਲੱਗੇ ਹੋਏ ਹਨ, ਪਰ ਉਹਨਾਂ ਕੋਲ ਆਪਣੇ ਮਾਂ-ਬਾਪ ਲਈ ਸਮਾਂ ਨਹੀਂ। ਮਾਂ-ਬਾਪ ਜਿਨ੍ਹਾਂ ਆਪਣੇ ਜ਼ਿੰਦਗੀ ਦੇ ਹਰੇਕ ਪਲ ਬੱਚਿਆਂ ਲਈ ਗੁਜ਼ਾਰ ਦਿੱਤੇ, ਅੱਜ ਉਹ ਉਨ੍ਹਾਂ ਦੀ ਇਕ ਝਲਕ ਨੂੰ ਤਰਸ ਰਹੇ ਹਨ।

ਰੇਮੰਡ ਕੰਪਨੀ ਦੇ ਮਾਲਕ ਵਿਜੇਪਤ ਸਿੰਘਾਨੀਆ ਦੀ ਕਹਾਣੀ ਇੱਕ ਦਿਲ ਦਹਿਲਾ ਦੇਣ ਵਾਲੀ ਸੱਚਾਈ ਹੈ। ਵਿਜੇਪਤ ਸਿੰਘਾਨੀਆ, ਜਿਨ੍ਹਾ ਨੇ ਆਪਣੀ ਪੂਰੀ ਉਮਰ ਰੇਮੰਡ ਇੰਡਸਟਰੀਜ਼ ਨੂੰ ਚਮਕਾਉਣ ਵਿੱਚ ਲਗਾ ਦਿੱਤੀ, ਜਦੋਂ ਉਮਰ ਦੇ ਅਖੀਰਲੇ ਪੜਾਅ 'ਚ ਪਹੁੰਚੇ ਤਾਂ ਆਪਣੇ ਹੀ ਪੁੱਤਰ ਗੌਤਮ ਸਿੰਘਾਨੀਆ ਨੇ ਉਨ੍ਹਾ ਤੋਂ ਕੰਪਨੀ ਦੀ ਮਾਲਕੀ ਲੈ ਲਈ ਅਤੇ ਉਨ੍ਹਾ ਨੂੰ ਘਰੋਂ ਵੀ ਕੱਢ ਦਿੱਤਾ। ਇਹ ਕਹਾਣੀ ਸਿਰਫ ਇਕ ਕਾਰਪੋਰੇਟ ਘਟਨਾ ਨਹੀਂ, ਬਲਕਿ ਇਹ ਸਮਾਜਕ ਅਤੇ ਨੈਤਿਕ ਸੰਸਕਾਰ ਨੂੰ ਝੰਜੋੜ ਦੇਣ ਵਾਲਾ ਮਾਮਲਾ ਹੈ। ਇਕ ਪਿਤਾ, ਜਿਸ ਨੇ ਆਪਣੀ ਔਲਾਦ ਦੀ ਖਾਤਰ ਆਪਣੇ ਪਰਿਵਾਰਕ ਅਤੇ ਵਿਅਕਤੀਗਤ ਸੁੱਖਾਂ ਦੀ ਕੁਰਬਾਨੀ ਦਿੱਤੀ, ਅੰਤ ਵਿੱਚ ਉਸੇ ਦੀ ਔਲਾਦ ਨੇ ਉਸ ਨੂੰ ਹੀ ਘਰੋਂ ਵੀ ਕੱਢ ਦਿੱਤਾ।

ਉਹ ਮਾਪੇ ਜੋ ਅਜੇ ਵੀ ਆਪਣੇ ਬੱਚਿਆਂ ਦੀ ਉੱਤਮ ਪਰਵਿਰਤੀ ਤੇ ਇੱਜ਼ਤ ਦੇ ਕਾਰਨ ਲੋਕਾਂ ਦੀਆਂ ਨਜ਼ਰਾਂ ਵਿੱਚ ਮਾਣ ਪਾਉਂਦੇ ਹਨ, ਉਹ ਅਸਲ ਵਿੱਚ ਅੱਜ ਦੇ ਸਮੇਂ ਦੇ ਸਭ ਤੋਂ ਅਮੀਰ ਇਨਸਾਨ ਹਨ। ਪੈਸਾ ਇਕ ਸੀਮਾ ਤੱਕ ਅਰਥਪੂਰਨ ਹੈ। ਇਹ ਰੋਟੀ, ਕੱਪੜਾ, ਰਹਿਣ ਦੀ ਥਾਂ ਤੇ ਬਹੁਤ ਕੁਝ ਦਿੰਦਾ ਹੈ, ਪਰ ਇਹ ਨਾ ਤਾਂ ਇੱਜ਼ਤ ਖਰੀਦ ਸਕਦਾ ਹੈ, ਨਾ ਪਿਆਰ ਅਤੇ ਨਾ ਹੀ ਅਸਲ ਖੁਸ਼ੀ ਖਰੀਦ ਸਕਦਾ ਹੈ। ਇਨਸਾਨ ਨੂੰ ਜਿਸ ਖੁਸ਼ੀ ਦੀ ਲੋੜ ਹੁੰਦੀ ਹੈ, ਉਹ ਖੁਸ਼ੀ ਉਸ ਦੇ ਘਰ ਤੋਂ ਪਰਵਾਰ ਤੋਂ, ਬੱਚਿਆਂ ਦੀ ਪ੍ਰਗਟ ਭਾਵਨਾ ਤੋਂ ਆਉਂਦੀ ਹੈ। ਜੇ ਇਕ ਮਾਂ-ਬਾਪ ਦੇ ਬੱਚੇ ਸੱਚੇ ਦਿਲੋਂ ਉਨ੍ਹਾਂ ਦੀ ਇੱਜ਼ਤ ਕਰਦੇ ਹਨ, ਉਨ੍ਹਾਂ ਦੀ ਪਰਵਾਹ ਕਰਦੇ ਹਨ, ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜੇ ਰਹਿੰਦੇ ਹਨ, ਤਾਂ ਉਹ ਮਾਪੇ ਦੁਨੀਆ ਦੇ ਕਿਸੇ ਵੀ ਅਮੀਰ ਵਿਅਕਤੀ ਨਾਲ ਤੁਲਨਾ ਕਰ ਸਕਦੇ ਹਨ।

ਅੱਜ ਦੀ ਜਵਾਨੀ ਜਿੱਥੇ ਪੈਸੇ ਪਿੱਛੇ ਭੱਜਣ ਵਿੱਚ ਮਾਣ ਮਹਿਸੂਸ ਕਰਦੀ ਹੈ, ਉੱਥੇ ਉਹ ਮਾਂ-ਬਾਪ ਦੇ ਸੰਸਕਾਰਾਂ ਨੂੰ ਭੁੱਲ ਜਾਂਦੀ ਹੈ। ਮਾਪਿਆਂ ਦੇ ਦਿੱਤੇ ਸੰਸਕਾਰਾਂ ਅਤੇ ਰਿਸ਼ਤਿਆਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੀ ਅਸਲ ਅਮੀਰਤਾ ਹੈ। ਜੇਕਰ ਇਕ ਇਨਸਾਨ ਕੋਲ ਕਰੋੜਾਂ ਦੀ ਜਾਇਦਾਦ ਹੋਵੇ, ਪਰ ਉਸ ਦੀ ਔਲਾਦ ਉਸ ਦੇ ਨਾਲ ਗੱਲ ਨਾ ਕਰਦੀ ਹੋਵੇ, ਉਸ ਦੀ ਪਰਵਾਹ ਨਾ ਕਰਦੀ ਹੋਵੇ, ਤਾਂ ਉਹ ਪੈਸਾ ਉਸ ਨੂੰ ਰਾਤ ਨੂੰ ਸੌਣ ਨਹੀਂ ਦੇਵੇਗਾ। ਕਈ ਵਾਰ ਅਸੀਂ ਅਜਿਹੇ ਲੋਕਾਂ ਨੂੰ ਵੇਖਦੇ ਹਾਂ, ਜੋ ਆਪਣੀ ਉਮਰ ਦੇ ਅਖੀਰਲੇ ਪੜਾਅ 'ਚ ਓਲਡ ਏਜ ਹੋਮ ਵਿੱਚ ਰਹਿ ਰਹੇ ਹੁੰਦੇ ਹਨ। ਉਹਨਾਂ ਦੇ ਬੱਚੇ ਵਿਦੇਸ਼ਾਂ ਵਿੱਚ ਵਸਦੇ ਹਨ, ਦਸ-ਦਸ ਸਾਲ ਮਿਲਦੇ ਵੀ ਨਹੀਂ ਹਨ। ਜਦੋਂ ਉਹਨਾਂ ਦੀ ਮੌਤ ਹੁੰਦੀ ਹੈ ਤਾਂ ਸਿਰਫ਼ ਕਾਗਜ਼ਾਂ ਅਤੇ ਰਸਮਾਂ ਲਈ ਹੀ ਉਨ੍ਹਾਂ ਦੇ ਬੱਚੇ ਆਉਂਦੇ ਹਨ। ਇਹ ਦਰਦਨਾਕ ਸੱਚਾਈ ਹੈ, ਜੋ ਅੱਜ ਦੇ ਸਮੇਂ ਦੀ ਅਸਲ ਤਸਵੀਰ ਪੇਸ਼ ਕਰਦੀ ਹੈ।

ਇਸ ਤਸਵੀਰ ਤੋਂ ਉਲਟ, ਉਹ ਮਾਪੇ, ਜੋ ਆਪਣੇ ਬੱਚਿਆਂ ਨਾਲ ਹਰ ਰੋਜ਼ ਖੁਸ਼ੀਆਂ ਵੰਡਦੇ ਹਨ, ਉਨ੍ਹਾਂ ਨੂੰ ਚੰਗੇ ਕੰਮਾਂ ਵਿੱਚ ਅੱਗੇ ਵਧਦੇ ਵੇਖਦੇ ਹਨ, ਉਨ੍ਹਾਂ ਦੀ ਮਿਹਨਤ ਦੇ ਨਤੀਜੇ ਵਜੋਂ ਸੰਸਕਾਰਪੂਰਨ ਜੀਵਨ ਜਿਉਂਦੇ ਹਨ, ਉਹ ਅਸਲ ਵਿੱਚ ਅੱਜ ਦੇ ਸਮੇਂ ਦੇ ਸਭ ਤੋਂ ਅਮੀਰ ਇਨਸਾਨ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅੱਜ ਸਭ ਤੋਂ ਅਮੀਰ ਇਨਸਾਨ ਉਹ ਨਹੀਂ, ਜਿਸ ਕੋਲ ਬੇਹਿਸਾਬ ਧਨ ਹੋਵੇ, ਬਲਕਿ ਉਹ ਇਨਸਾਨ ਹੈ, ਜਿਸ ਦੇ ਬੱਚੇ ਕੋਲ ਮਾਂ-ਬਾਪ ਦੇ ਦਿੱਤੇ ਅਨਮੋਲ ਸੰਸਕਾਰ ਹੋਣ। ਜਿਹੜਾ ਆਪਣੇ ਪਰਵਾਰ ਨੂੰ ਪਿਆਰ, ਸਤਿਕਾਰ ਅਤੇ ਇੱਜ਼ਤ ਦੇ ਰਾਹੀਂ ਜੋੜ ਕੇ ਰੱਖਦਾ ਹੈ, ਜੋ ਮਾਂ-ਬਾਪ ਦੇ ਦਿੱਤੇ ਸੰਸਕਾਰਾਂ ਅਤੇ ਰਿਸ਼ਤਿਆਂ ਨੂੰ ਲੈ ਕੇ ਆਪਣੀ ਜ਼ਿੰਦਗੀ ਵਿੱਚ ਤਰੱਕੀ ਕਰਦਾ ਹੈ, ਉਹੀ ਮਾਂ-ਬਾਪ ਅਸਲ ਅਮੀਰ ਹੈ, ਕਿਉਂਕਿ ਇਹ ਅਮੀਰਤਾ ਕਦੇ ਖਤਮ ਨਹੀਂ ਹੁੰਦੀ, ਇਹ ਸਦਾ ਨਾਲ ਰਹਿੰਦੀ ਹੈ। ਮਾਪਿਆਂ ਨੂੰ ਆਪਣੀ ਔਲਾਦ ਦੇ ਭਵਿੱਖ ਲਈ ਸਿਰਫ ਸੰਪਤੀ ਨਹੀਂ, ਸਗੋਂ ਸੰਸਕਾਰ ਅਤੇ ਚਰਿੱਤਰ ਦੀ ਵਿਰਾਸਤ ਛੱਡਣੀ ਚਾਹੀਦੀ ਹੈ। ਸਾਨੂੰ ਮਾਪਿਆਂ ਨੂੰ ਇਹ ਸਿੱਖਣ ਦੀ ਲੋੜ ਹੈ ਕਿ ਸਮਾਜ ਵਿੱਚ ਜਿਸ ਮਾਂ-ਬਾਪ ਦੇ ਬੱਚੇ ਸੰਸਕਾਰੀ ਅਤੇ ਰਿਸ਼ਤਿਆਂ ਵਿੱਚ ਵਿਸ਼ਵਾਸ ਰੱਖਦੇ ਹੋਏ ਆਪਣੀ ਤਰੱਕੀ ਨੂੰ ਪਾਉਣਾ ਜਾਣਦੇ ਹੋਣ, ਉਹ ਮਾਂ-ਬਾਪ ਅਸਲ ਵਿੱਚ ਅੱਜ ਦੇ ਸਮੇਂ ਦੇ ਸਭ ਤੋਂ ਅਮੀਰ ਇਨਸਾਨ ਹਨ।

**# ਸੰਪਰਕ : 70098-07121**

# ਮਾਊਂਟ ਐਵਰੈਸਟ ਸਰ ਕਰਨ ਵਾਲੀ ਪਹਿਲੀ ਭਾਰਤੀ ਔਰਤ ਬਛੇਂਦਰੀ ਪਾਲ

**ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਬਛੇਂਦਰੀ ਪਾਲ ਨੂੰ ਹਿਮਾਲੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਦੀ ਸਿਖਰ ਛੂਹਣ ਵਾਲੀ ਪਹਿਲੀ ਭਾਰਤੀ ਔਰਤ ਅਤੇ ਵਿਸ਼ਵ ਦੀ ਪੰਜਵੀਂ ਪਰਬਤਾਰੋਹੀ ਬਣਨ ਦਾ ਮਾਣ ਹਾਸਲ ਹੈ।ਉਸ ਨੂੰ ਭਾਰਤ ਸਰਕਾਰ ਵੱਲੋਂ ਪਦਮਸ੍ਰੀ ਅਤੇ ਪਦਮ ਭੂਸ਼ਨ ਵਰਗੇ ਵੱਕਾਰੀ ਪੁਰਸਕਾਰ ਵੀ ਮਿਲੇ ਹਨ।ਉਸ ਨੇ ਇਕ ਕਾਮਯਾਬ ਪੇਸ਼ਾਵਰ ਪਰਬਤਾਰੋਹੀ ਬਣ ਕੇ, ਪਰਬਤ 'ਤੇ ਚੜ੍ਹਾਈ ਕਰਨ ਵਿੱਚ ਰੁਚਿਤ ਨਵੀਆਂ ਕੁੜੀਆਂ ਲਈ ਇਕ ਨਵਾਂ ਰਾਹ ਸਿਰਜਿਆ ਹੈ।ਬਛੇਂਦਰੀ ਪਾਲ ਇਕ ਜ਼ਿਮੀਂਦਾਰ (ਭੋਗੀਆਂਦ) ਪਰਵਾਰ ਵਿੱਚੋਂ ਹੈ।ਉਸ ਦਾ ਜਨਮ 24 ਮਈ1954 ਨੂੰ ਉੱਤਰ ਕਾਸ਼ੀ ਦੇ ਨਾਕੁਰੀ ਪਿੰਡ ਵਿੱਚ ਹੋਇਆ।ਉਹ ਮਾਤਾ ਹੰਸਾ ਦੇਵੀ ਅਤੇ ਪਿਤਾ ਕਿਸ਼ਨ ਸਿੰਘ ਪਾਲ ਦੇ ਪੰਜ ਬੱਚਿਆਂ ਵਿੱਚੋਂ ਤੀਜੇ ਨੰਬਰ 'ਤੇ ਹੈ।ਉਸ ਦਾ ਪਿਤਾ ਭਾਰਤ ਤੋਂ ਤਿੱਬਤ ਸਰਹੱਦ 'ਤੇ ਘਰੇਲੂ ਸਾਮਾਨ ਜਿਵੇਂ ਆਟਾ, ਚਾਵਲ, ਦਾਲਾਂ ਆਦਿ ਦੀ ਸਪਲਾਈ ਕਰਨ ਦਾ ਕਾਰੋਬਾਰ ਕਰਦਾ ਸੀ।ਬਛੇਂਦਰੀ ਤੇਨ ਜ਼ਿੰਗ ਅਤੇ ਐਡਮੰਡ ਹਿਲੇਰੀ ਦੇ ਐਵਰੈਸਟ ਚੋਟੀ 'ਤੇ ਜਿੱਤ ਪ੍ਰਾਪਤ ਕਰਨ ਦੀ, ਪਹਿਲੀ ਸਾਲਗਿਰ੍ਹਾ ਤੋਂ ਪੰਜ ਦਿਨ ਪਹਿਲਾਂ ਜੰਮੀ ਸੀ।ਬਚਪਨ ਤੋਂ ਹੀ ਉਸ ਨੂੰ ਪਹਾੜਾਂ 'ਤੇ ਚੜ੍ਹਨ ਦਾ ਬੜਾ ਸ਼ੌਕ ਸੀ।ਉਸ ਨੇ ਦੇਹਰਾਦੂਨ ਦੇ ਡੀ.ਏ.ਵੀ ਕਾਲਜ ਤੋਂ ਐੱਮ.ਏ, ਬੀ ਐੱਡ ਪਾਸ ਕੀਤੀ।ਫਿਰ ਉਹ ਕਈ ਸਕੂਲਾਂ ਵਿੱਚ ਅਸਥਾਈ ਤੌਰ 'ਤੇ ਅਧਿਆਪਨ ਵੀ ਕਰਦੀ ਰਹੀ।

ਪਹਾੜਾਂ 'ਤੇ ਚੜ੍ਹਨ ਦਾ ਦੌਰ: ਉਸ ਨੇ 12 ਸਾਲ ਦੀ ਉਮਰ 'ਚ ਆਪਣੇ ਦੋਸਤਾਂ ਨਾਲ ਮਿਲ ਕੇ ਪਹਾੜਾਂ 'ਤੇ ਚੜ੍ਹਨਾ ਸ਼ੁਰੂ ਕੀਤਾ ਸੀ।ਸਕੂਲ ਵੱਲੋਂ ਆਯੋਜਿਤ ਇਕ ਮਿਸ਼ਨ ਦੌਰਾਨ ਉਸ ਨੇ 13123 ਫੁੱਟ (3999.9 ਮੀਟਰ) ਉੱਚੀ ਚੋਟੀ 'ਤੇ ਫਤਹਿ ਪਾ ਲਈ ਸੀ।ਫਿਰ ਉਸ ਨੂੰ ਨਹਿਰੂ ਇੰਸਟੀਚਿਊਟ ਆਫ ਮਾਊਨਟੇਨੀਅਰਿੰਗ ਵਿੱਚ ਉੱਚ ਸਿੱਖਿਆ ਲੈਣ ਲਈ ਭੇਜਿਆ ਗਿਆ।ਉੱਥੇ ਉਸ ਨੇ ਬ੍ਰਿਗੇਡੀਅਰ ਗਿਆਨ ਸਿੰਘ ਦੀ ਦੇਖ-ਰੇਖ ਵਿੱਚ ਪਹਾੜਾਂ 'ਤੇ ਚੜ੍ਹਨ ਦੀ ਸਿਖਲਾਈ ਹਾਸਲ ਕੀਤੀ।ਕੋਰਸ ਦੇ ਦੌਰਾਨ ਸੰਨ 1982 'ਚ ਉਹ ਮਾਊਂਟ ਗੰਗੋਤਰੀ ਦੀ 23 419 ਫੁੱਟ ਦੀ ਚੋਟੀ ਅਤੇ ਮਾਊਂਟ ਰੁਦਰਾਗਾਰੀਆ ਦੀ 19991 ਫੁੱਟ ਉੱਚੀ ਚੋਟੀ ਸਰ ਕਰਨ ਵਾਲੀ ਪਹਿਲੀ ਔਰਤ ਪਰਬਤਾਰੋਹੀ ਬਣੀ।ਇਸ ਉਪਰੰਤ ਉਹ ਨੈਸ਼ਨਲ ਅਡਵੈਂਚਰ ਫਾਊਂਡੇਸ਼ਨ ਦੇ ਔਰਤਾਂ ਨੂੰ ਪਰਬਤਾਰੋਹੀ ਦੀ ਸਿਖਲਾਈ ਦੇਣ ਵਾਲੇ ਸਕੂਲ ਵਿੱਚ, ਇੰਸਟਰਕਟਰ ਲੱਗ ਗਈ।ਪਰਬਤਾਰੋਹੀ ਨੂੰ ਪੇਸ਼ੇ ਦੇ ਤੌਰ 'ਤੇ ਅਪਨਾਉਣ ਕਰਕੇ ਉਸ ਦੇ ਘਰਦਿਆਂ ਅਤੇ ਰਿਸ਼ਤੇਦਾਰਾਂ ਨੇ ਕਰੜਾ ਵਿਰੋਧ ਕੀਤਾ। ਜਲਦੀ ਹੀ ਉਸ ਨੂੰ ਇਸ ਖੇਤਰ ਵਿੱਚ ਕਾਮਯਾਬੀ ਵੀ ਮਿਲਣ ਲੱਗੀ।

ਐਵਰੈਸਟ 'ਤੇ ਚੜ੍ਹਾਈ : ਸੰਨ 1984 ਵਿੱਚ ਐਵਰੈਸਟ 'ਤੇ ਭੇਜੀ ਜਾਣ ਵਾਲੀ ਮੁੰਡੇ-ਕੁੜੀਆਂ ਦੀ ਇਕ ਟੀਮ ਲਈ ਉਸ ਦੀ ਚੋਣ ਹੋ ਗਈ ਸੀ। ਉਸ ਦੀ ਟੋਲੀ ਵਿੱਚ ਛੇ ਭਾਰਤੀ ਔਰਤਾਂ ਸਨ ਅਤੇ ਗਿਆਰਾਂ ਮਰਦ। ਨੇਪਾਲ ਵਿੱਚ 'ਸਾਗਰ ਮੱਥਾ' ਤੋਂ ਚੜ੍ਹਾਈ ਸ਼ੁਰੂ ਕਰਨੀ ਸੀ।ਮਾਊਟ ਐਵਰੈਸਟ ਦੀ ਪਹਿਲੀ ਝਲਕ ਦੇਖ ਕੇ ਉਸ ਨੇ ਜੋ ਮਹਿਸੂਸ ਕੀਤਾ, ਉਸ ਬਾਰੇ ਉਹ ਆਪਣੀ ਸਵੈ ਜੀਵਨੀ ਵਿੱਚ ਲਿਖਦੀ ਹੈ: 'ਅਸੀਂ ਪਹਾੜਾਂ ਦੇ ਵਸ਼ਿੰਦੇ ਹਮੇਸ਼ਾ ਪਰਬਤਾਂ ਨੂੰ ਪੂਜਦੇ ਆਏ ਹਾਂ।ਮੇਰੀ ਇਸ ਵਿਲੱਖਣ ਪ੍ਰਾਪਤੀ ਨਾਲ ਜਜ਼ਬਾਤੀ ਸ਼ਰਧਾ ਵੀ ਜੁੜੀ ਹੋਈ ਸੀ।ਮਈ 1984 ਵਿੱਚ ਅਸੀਂ ਚੜ੍ਹਾਈ ਅਰੰਭੀ।ਸਾਡੀ ਟੀਮ ਨੂੰ ਕਈ ਆਫ਼ਤਾਂ ਦਾ ਸਾਹਮਣਾ ਕਰਨਾ ਪਿਆ।ਇਕ ਵਾਰ ਇਕ ਬਰਫ਼ੀਲਾ ਤੂਫ਼ਾਨ ਸਾਡੇ ਕੈਂਪ ਉੱਪਰ ਭਾਰੀ ਬਰਫ਼ ਸੁੱਟ ਗਿਆ ਸੀ।ਅਸੀਂ ਬਰਫ਼ ਥੱਲੇ ਦੱਬੇ ਗਏ ਸਾਂ।ਟੀਮ ਦੇ ਅੱਧੇ ਮੈਂਬਰ ਥਕਾਵਟ ਅਤੇ ਸੱਟਾਂ ਲੱਗਣ ਕਾਰਨ ਅੱਗੇ ਤੁਰਨੋਂ ਇਨਕਾਰੀ ਹੋ ਗਏ ਸਨ।ਮੈਂ ਅਤੇ ਬਾਕੀ ਹੋਰ ਮੈਂਬਰ ਇਸ ਮੁਹਿੰਮ ਦੇ ਅਗਾਂਹ ਵਧਣ 'ਤੇ ਜ਼ੋਰ ਪਾ ਰਹੇ ਸਨ।'




ਮਾਊਂਟ ਐਵਰੈਸਟ ਦੇ ਸਿਖਰ 'ਤੇ ਪਹੁੰਚੀ : ਬਛੇਂਦਰੀ ਪਾਲ ਇਕ ਘਟਨਾ ਦਾ ਜ਼ਿਕਰ ਕਰਦੀ ਹੈ - ਮੈਂ ਕੈਂਪ, ਤਿੰਨ ਵਿੱਚ ਆਪਣੀ ਟੀਮ ਦੇ ਸਾਥੀਆਂ ਸਮੇਤ 24000 ਫੁੱਟ ਦੀ ਉਚਾਈ 'ਤੇ ਇਕ ਤੰਬੂ ਵਿੱਚ ਸੁੱਤੀ ਪਈ ਸੀ, 15-16 ਮਈ ਦੀ ਅੱਧੀ ਰਾਤ ਨੂੰ ਮੈਂ ਇਕੋ ਝਟਕੇ ਉੱਠੀ। ਕਿਸੇ ਨੇ ਮੈਨੂੰ ਜ਼ੋਰ ਨਾਲ ਧੱਕਾ ਮਾਰਿਆ ਸੀ।ਮੈਂ ਕੋਈ ਅਜੀਬ ਜਿਹੀ ਆਵਾਜ਼ ਵੀ ਸੁਣੀ ਸੀ।ਥੋੜ੍ਹੀ ਦੇਰ ਪਿੱਛੋਂ ਮੈਨੂੰ ਯਖ਼ ਠੰਢੀ ਬਰਫ਼ ਨੇ ਲਪੇਟ ਲਿਆ ਸੀ।22 ਮਈ ਨੂੰ ਐਂਗ ਡੋਰਜੇ (ਸ਼ੇਰਪਾ) ਤੇ ਹੋਰ ਪਰਬਤਾਰੋਹੀ ਸਾਡੇ ਨਾਲ ਰਲ ਗਏ ਸਨ।ਅਸੀਂ ਐਵਰੈਸਟ 'ਤੇ ਚੜ੍ਹਾਈ ਲਈ ਅੱਗੇ ਤੁਰ ਪਏ।ਇਸ ਟੋਲੀ ਵਿੱਚ ਬਛੇਂਦਰੀ ਇਕੱਲੀ ਔਰਤ ਸੀ।ਉਹ 26000 ਫੁੱਟ ਦੀ ਉਚਾਈ 'ਤੇ 'ਸਾਊਥ ਕੋਲ' 'ਤੇ ਪੁੱਜ ਗਏ।ਉੱਥੇ ਕੈਂਪ-ਚਾਰ ਵਿੱਚ ਰਾਤ ਬਿਤਾਈ।23 ਮਈ ਨੂੰ ਸਵੇਰੇ ਫਿਰ ਚੜ੍ਹਾਈ ਸ਼ੁਰੂ ਕਰ ਦਿੱਤੀ ਗਈ।ਜੰਮੀ ਬਰਫ਼ ਦੀਆਂ ਉਤਾਂਹ ਵੱਲ ਸਿੱਧੀਆਂ ਖੜੀਆਂ ਸ਼ੀਟਾਂ ਸਨ।ਬਰਫ਼ ਲੱਦੀਆਂ ਹਵਾਵਾਂ 100 ਕਿ. ਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਵਗ ਰਹੀਆਂ ਸਨ।ਤਾਪਮਾਨ 30 ਤੋਂ 40 ਦਰਜੇ ਸੈਲਸੀਅਸ ਸੀ।ਮੈਂ 23 ਮਈ 1984 ਨੂੰ ਟੀਮ ਮਾਊਂਟ ਐਵਰੈਸਟ ਦੇ ਸਿਖਰ 'ਤੇ ਪੁੱਜ ਗਈ ਸਾਂ।ਇੰਜ ਬਛੇਂਦਰੀ ਪਾਲ ਨੇ ਇਤਿਹਾਸ ਦਾ ਇਕ ਨਵਾਂ ਪੰਨਾ ਲਿਖ ਦਿੱਤਾ ਸੀ।

ਬਾਅਦ ਵਿੱਚ ਗਤੀਵਿਧੀਆਂ: ਐਵਰੈਸਟ ਦੀ ਜਿੱਤ ਤੋਂ ਬਾਅਦ ਬਛੇਂਦਰੀ ਪਾਲ ਐਵਰੈਸਟ ਮੁਹਿੰਮਾਂ ਦੀ ਅਗਵਾਈ ਕਰਦੀ ਰਹੀ।ਉਸ ਦੀ ਅਗਵਾਈ ਵਿੱਚ ਇੰਡੋ-ਨਿਪਾਲੀ ਵੀਮਨ ਐਵਰੈਸਟ ਐਕਸਪੀਡੀਸ਼ਨ-1993, ਪਹਿਲੀ ਟਰਾਂਸ ਹਿਮਾਲੀਆ ਐਕਸਪੀਡੀਸ਼ਨ-1997, ਦ ਗਰੇਟ ਇੰਡੀਅਨ ਵੀਮਨਜ਼ ਰਾਫਟਿੰਗ ਵੋਏਜ- 1994 ਸਫ਼ਲਤਾ ਨਾਲ ਸੰਪੰਨ ਹੋਈਆਂ।

ਬਛੇਂਦਰੀ ਪਾਲ ਪ੍ਰੇਮ ਲਤਾ ਅਗਰਵਾਲ ਨਾਲ ਮਿਲ ਕੇ ਏਸ ਕਲਾਇੰਬਰਜ ਇਕ ਗਰੁੱਪ ਵਿੱਚ, ਉਤਰਕਾਸ਼ੀ ਵਿੱਚ ਆਏ ਹੜ੍ਹਾਂ ਸਮੇਂ, 'ਰਾਹਤ ਕੈਂਪ' ਅਤੇ 'ਜੀਵਨ ਬਚਾਓ ਕੈਂਪ', ਦੂਰ-ਦਰਾਜ ਪਿੰਡਾਂ ਵਿੱਚ ਜੱਥੇਬੰਦ ਕੀਤੇ ਸਨ।ਉਸ ਸਮੇਂ ਬੱਦਲ਼ ਫਟਣ ਕਰਕੇ ਅਤੇ ਭਾਰੀ ਮੀਂਹ ਕਾਰਨ ਪਹਾੜਾਂ ਦੇ ਟੁੱਟੇ ਮਲਬੇ ਨੇ ਆਵਾਜਾਈ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਸਨ।

ਇਨਾਮ ਸਨਮਾਨ: ਸੰਨ 1984 'ਚ ਉਸ ਨੂੰ ਮਾਊਂਟੇਨੀਅਰਿੰਗ ਫਾਊਂਡੇਸ਼ਨ ਵਿੱਚ ਪ੍ਰਤਿਭਾਵਾਨ ਹੋਣ ਕਰਕੇ ਸੋਨ ਤਮਗਾ ਮਿਲਿਆ।

ਇਸੇ ਸਾਲ ਭਾਰਤ ਸਰਕਾਰ ਵੱਲੋਂ ਇਕ ਵੱਕਾਰੀ ਸਿਵਲ ਐਵਾਰਡ 'ਪਦਮ ਦੇ ਕੇ ਸਨਮਾਨਿਆ।

ਸੰਨ 1985 ਵਿੱਚ ਉੱਤਰ ਪ੍ਰਦੇਸ਼ ਦੇ ਸਿੱਖਿਆ ਵਿਭਾਗ ਵੱਲੋਂ ਉਸ ਨੂੰ ਗੋਲਡ ਮੈਡਲ ਨਾਲ ਸਨਮਾਨਿਆ।ਸੰਨ 1986 'ਚ ਉਸ ਨੂੰ ਅਰਜਨ ਐਵਾਰਡ ਮਿਲਿਆ।ਇਸੇ ਸਾਲ ਕਲਕੱਤਾ ਲੇਡੀਜ਼ ਸਟੱਡੀ ਗਰੁੱਪ ਨੇ ਉਸਨੂੰ ਇਕ ਐਵਾਰਡ ਦਿੱਤਾ।ਉਸ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਲਈ ਲਿਸਟ ਵਿੱਚ ਸ਼ਾਮਲ ਕੀਤਾ ਗਿਆ।ਉਸ ਨੂੰ ਨੈਸ਼ਨਲ ਅਡਵੈਂਚਰ ਐਵਾਰਡ ਭਾਰਤ ਸਰਕਾਰ ਵੱਲੋਂ ਮਿਲਿਆ।ਸੰਨ 1995 'ਚ ਉੱਤਰ ਪ੍ਰਦੇਸ਼ ਸਰਕਾਰ ਨੇ ਉਸ ਨੂੰ ਯਸ਼ ਭਾਰਤੀ ਐਵਾਰਡ ਨਾਲ ਨਿਵਾਜਿਆ।ਸੰਨ 1997 'ਚ ਗੜ੍ਹਵਾਲ਼ ਯੂਨੀਵਰਸਿਟੀ ਵੱਲੋਂ ਉਸ ਨੂੰ ਮਾਣ ਵਜੋਂ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ।ਭਾਰਤ ਸਰਕਾਰ ਨੇ ਸੰਨ 2019 ਵਿੱਚ ਉਸ ਨੂੰ ਪਦਮ ਭੂਸ਼ਨ ਦੇ ਕੇ ਸਨਮਾਨਿਆ।

ਸੰਨ 2014 ਵਿੱਚ ਈਸਟ ਬੰਗਾਲ ਕਲੱਬ ਵੱਲੋਂ ਉਸ ਨੂੰ ਭਾਰਤ ਗੌਰਵ ਐਵਾਰਡ ਦਿੱਤਾ ਗਿਆ ਸੀ।

ਬਛੇਂਦਰੀ ਪਾਲ ਦੀ ਸਵੈ ਜੀਵਨੀ- ਮਾਈ ਜਰਨੀ ਟੂ ਟੌਪ ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।

# ਐੱਸ ਐੱਸ ਪੀ ਦਫਤਰ ਅੱਗੇ ਧਰਨਾ ਮੁੜ ਸ਼ੁਰੂ



**ਜੈਤੋ (ਸਤੀਸ਼ ਕੁਮਾਰ ਭੀਰੀ)** ਚੰਦਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਐੱਸ ਐੱਸ ਪੀ ਦਫਤਰ ਅੱਗੇ ਸੈਂਕੜੇ ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਨੇ ਮੁੜ ਲਗਾਤਾਰ ਧਰਨਾ ਸ਼ੁਰੂ ਕਰ ਦਿੱਤਾ ਹੈ। ਅੱਜ ਦੇ ਧਰਨੇ ਵਿੱਚ ਮਜ਼ਦੂਰਾਂ ਤੋਂ ਇਲਾਵਾ ਕਿਸਾਨਾਂ, ਸਾਬਕਾ ਸੈਨਿਕਾਂ, ਵਿਦਿਆਰਥੀਆਂ, ਪ੍ਰਵਾਸੀ ਮਜ਼ਦੂਰਾਂ ਤੇ ਸਫਾਈ ਕਰਮਚਾਰੀਆਂ ਨੇ ਵੀ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਐੱਸ ਐੱਸ ਪੀ ਫਰੀਦਕੋਟ ਵੱਲੋਂ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਦੇ ਸਿਆਸੀ ਦਬਾਅ ਕਾਰਨ ਐਕਸ਼ਨ ਕਮੇਟੀ ਨਾਲ 9 ਫਰਵਰੀ ਨੂੰ ਕੀਤਾ ਸਮਝੌਤਾ ਲਾਗੂ ਕਰਨ ਤੋਂ ਲਗਾਤਾਰ ਟਾਲ ਮਟੋਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਮਜ਼ਦੂਰਾਂ 'ਤੇ ਗੋਲੀਆਂ ਚਲਾਉਣ ਤੇ ਮਜ਼ਦੂਰਾਂ ਨੂੰ ਜਾਤੀ ਸੂਚਕ ਸ਼ਬਦ ਵਰਤ ਕੇ ਅਪਮਾਨਤ ਕਰਨ ਵਰਗੇ ਦੋਸ਼ਾਂ 'ਚ ਨਾਮਜ਼ਦ ਗਮਦੂਰ ਸਿੰਘ ਤੇ ਹਰਵਿੰਦਰ ਸਿੰਘ ਜੱਜੀ ਵੱਲੋਂ ਪੀੜਤ ਮਜ਼ਦੂਰਾਂ ਦੇ ਹੱਕ 'ਚ ਨਿੱਤਰੀ ਐਕਸ਼ਨ ਕਮੇਟੀ ਦੇ ਆਗੂ ਸਿਕੰਦਰ ਸਿੰਘ ਅਜਿੱਤ ਗਿੱਲ ਨੂੰ ਲਗਾਤਾਰ ਧਮਕਾਇਆ ਜਾ ਰਿਹਾ ਹੈ, ਪਰ ਪੁਲਸ ਅਧਿਕਾਰੀਆਂ ਨੂੰ ਵਾਰ ਵਾਰ ਦੱਸਣ ਦੇ ਬਾਵਜੂਦ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਬੁਲਾਰਿਆਂ ਨੇ ਕਿਹਾ ਕਿ ਜੇਕਰ ਕਿਸੇ ਵੀ ਮਜ਼ਦੂਰ ਆਗੂ ਜਾਂ ਮਜ਼ਦੂਰ ਦਾ ਨੁਕਸਾਨ ਹੁੰਦਾ ਹੈ ਤਾਂ ਉਹਦੇ ਲਈ ਗਮਦੂਰ ਸਿੰਘ ਤੇ ਹਰਵਿੰਦਰ ਸਿੰਘ ਜੱਜੀ ਤੋਂ ਇਲਾਵਾ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਬੁਲਾਰਿਆਂ ਨੇ ਆਖਿਆ ਕਿ 12 ਮਈ ਨੂੰ ਐੱਸ ਐੱਸ ਪੀ ਦਫਤਰ ਅੱਗੇ ਦਿੱਤੇ ਧਰਨੇ ਉਪਰੰਤ 13 ਮਈ ਨੂੰ ਡੀ ਆਈ ਜੀ ਫਰੀਦਕੋਟ ਵੱਲੋਂ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਕੇ ਜਲਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਹਫਤੇ ਤੋਂ ਉੱਪਰ ਸਮਾਂ ਬੀਤਣ ਦੇ ਬਾਵਜੂਦ ਇੱਕ ਵੀ ਮਸਲਾ ਹੱਲ ਨਹੀਂ ਕੀਤਾ ਗਿਆ। ਬੁਲਾਰਿਆਂ ਨੇ ਆਖਿਆ ਕਿ ਐਕਸ਼ਨ ਕਮੇਟੀ ਦੇ ਸੰਘਰਸ਼ ਦੀ ਬਦੌਲਤ ਭਾਵੇਂ ਐੱਸ ਐੱਸ ਪੀ ਫਰੀਦਕੋਟ ਨੂੰ 3 ਔਰਤਾਂ ਸਮੇਤ ਝੂਠੇ ਮਾਮਲੇ 'ਚ ਗ੍ਰਿਫਤਾਰ 41 ਮਜ਼ਦੂਰਾਂ ਨੂੰ ਰਿਹਾਅ ਕਰਨਾ ਪਿਆ ਤੇ ਮਜ਼ਦੂਰਾਂ 'ਤੇ ਗੋਲੀਆਂ ਚਲਾਉਣ ਤੇ ਜਾਤੀ ਸੂਚਕ ਸ਼ਬਦ ਵਰਤਣ ਵਾਲੇ ਸ਼ੈਲਰ ਮਾਲਕ ਗਮਦੂਰ ਸਿੰਘ ਪੱਪੂ ਤੇ ਹਰਵਿੰਦਰ ਸਿੰਘ ਜੱਜੀ ਤੇ ਇਰਾਦਾ ਕਤਲ ਤੇ ਐੱਸ ਸੀ ਐੱਸ ਟੀ ਐਕਟ ਤਹਿਤ ਕੇਸ ਦਰਜ ਕਰਨਾ ਪੈ ਗਿਆ, ਪਰ ਐੱਸ ਐੱਸ ਪੀ ਵੱਲੋਂ ਹਲਕਾ ਵਿਧਾਇਕ ਅਮੋਲਕ ਸਿੰਘ ਦੇ ਸਿਆਸੀ ਦਬਾਅ ਕਾਰਨ ਕੇਸ 'ਚ ਨਾਮਜ਼ਦ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਬਲਕਿ ਉਨ੍ਹਾਂ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ 'ਚੋਂ ਰਾਹਤ ਦੁਆਈ ਗਈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਸ਼ੀਆਂ ਉੱਪਰ ਵੀ ਪੀੜਤ ਮਜ਼ਦੂਰਾਂ ਦੇ ਬਿਆਨਾਂ 'ਤੇ ਪਰਚਾ ਦਰਜ ਕਰਨ ਦੀ ਥਾਂ ਪੁਲਸ ਮੁਲਾਜ਼ਮਾਂ ਦੇ ਬਿਆਨ 'ਤੇ ਹੀ ਕੇਸ ਦਰਜ ਕੀਤਾ ਗਿਆ। ਉਨ੍ਹਾਂ ਆਖਿਆ ਪੀੜਤ ਮਜ਼ਦੂਰਾਂ ਵੱਲੋਂ ਦਿੱਤੇ ਗਏ ਬਿਆਨਾਂ ਨੂੰ ਕਰੀਬ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਇਨ੍ਹਾਂ ਬਿਆਨਾਂ ਦੇ ਆਧਾਰ 'ਤੇ ਨਾ ਤਾਂ ਹੋਰਨਾਂ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ ਤੇ ਨਾ ਹੀ ਧਰਾਵਾਂ 'ਚ ਵਾਧਾ ਕੀਤਾ ਗਿਆ। ਉਨ੍ਹਾਂ ਆਖਿਆ ਕਿ ਪਿਛਲੇ ਸਾਰੇ ਸਮੇਂ ਦੌਰਾਨ ਐਕਸ਼ਨ ਕਮੇਟੀ ਨਾਲ ਵੱਖ ਵੱਖ ਪੁਲਸ ਤੇ ਸਿਵਲ ਅਧਿਕਾਰੀਆਂ ਵੱਲੋਂ ਕੀਤੀਆਂ ਮੀਟਿੰਗਾਂ ਦੌਰਾਨ ਉਨ੍ਹਾਂ 'ਤੇ ਹਲਕਾ ਵਿਧਾਇਕ ਅਮੋਲਕ ਸਿੰਘ ਦਾ ਦਬਾਅ ਸਪੱਸ਼ਟ ਦਿਖਾਈ ਦਿੰਦਾ ਰਿਹਾ ਅਤੇ ਉੱਚ ਪੁਲਸ ਅਧਿਕਾਰੀ ਕਾਰਵਾਈ ਦੀ ਥਾਂ ਸਮਝੌਤਾ ਕਰਨ ਦੀਆਂ ਦਲੀਲਾਂ ਦਿੰਦੇ ਰਹੇ ਹਨ। ਉਨ੍ਹਾਂ ਆਖਿਆ ਕਿ ਅਮੋਲਕ ਸਿੰਘ ਦੀ ਦੋਸ਼ੀਆਂ ਨਾਲ ਸਾਂਝ ਤਾਂ ਏਨੀ ਸਪੱਸ਼ਟ ਹੈ ਕਿ ਉਹ ਐਕਸ਼ਨ ਕਮੇਟੀ ਕੋਲ ਗਮਦੂਰ ਸਿੰਘ ਵਗੈਰਾ ਨੂੰ ਬਚਾਉਣ ਲਈ ਤਾਂ ਖੁਦ ਮੁਆਫੀ ਮੰਗਣ ਦੀਆਂ ਤਜਵੀਜ਼ਾਂ ਭੇਜਦੇ ਰਹੇ ਹਨ।

ਅੱਜ ਦੇ ਧਰਨੇ ਨੂੰ ਐਕਸ਼ਨ ਕਮੇਟੀ ਦੇ ਕਨਵੀਨਰ ਮੰਗਾ ਸਿੰਘ ਵੈਰੋਕੇ, ਗੁਰਤੇਜ ਸਿੰਘ ਹਰੀ ਨੌਂ, ਗੁਰਪਾਲ ਸਿੰਘ ਨੰਗਲ, ਨੌਨਿਹਾਲ ਸਿੰਘ ਦੀਪ ਸਿੰਘ ਵਾਲਾ, ਲਛਮਣ ਸਿੰਘ ਸੇਵੇਵਾਲਾ, ਗੋਰਾ ਸਿੰਘ ਪਿਪਲੀ, ਸਤਨਾਮ ਸਿੰਘ ਪੱਖੀ, ਸਿਕੰਦਰ ਸਿੰਘ ਅਜਿੱਤ ਗਿੱਲ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਬੀਕੇਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਨੰਗਲ, ਸਫਾਈ ਕਰਮਚਾਰੀ ਯੂਨੀਅਨ ਦੇ ਆਗੂ ਕੁਲਦੀਪ ਸ਼ਰਮਾ, ਕ੍ਰਾਂਤੀਕਾਰੀ ਸਾਬਕਾ ਸੈਨਿਕ ਯੂਨੀਅਨ ਦੇ ਆਗੂ ਅਰਜਨ ਸਿੰਘ, ਨੌਜਵਾਨ ਭਾਰਤ ਸਭਾ ਦੇ ਆਗੂ ਮੰਗਾ ਸਿੰਘ ਅਜਾਦ, ਪੀ ਐੱਸ ਯੂ ਦੇ ਆਗੂ ਸੁਖਪ੍ਰੀਤ ਕੌਰ, ਐਡਵੋਕੇਟ ਕਰਨ ਸਿੰਘ ਭੁੱਲਰ ਤੇ ਜ਼ਮੀਨ ਪ੍ਰਾਪਤੀ ਕਮੇਟੀ ਫਰੀਦਕੋਟ ਦੇ ਆਗੂ ਅਵਤਾਰ ਸਿੰਘ ਸਹੋਤਾ ਨੇ ਸੰਬੋਧਨ ਕੀਤਾ। ਇਸ ਮੌਕੇ ਸੰਗਰੂਰ ਜ਼ਿਲ੍ਹੇ 'ਚ ਜ਼ਮੀਨੀ ਸੰਘਰਸ਼ ਲੜ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਮਜ਼ਦੂਰ ਮਰਦ ਔਰਤਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ 'ਚ ਡੱਕਣ ਦੀ ਨਿਖੇਧੀ ਕਰਦਿਆਂ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ।

# ਇੱਕ ਲੱਖ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ ਐੱਨ ਟੀ ਐੱਫ ਦਾ ਏ ਐੱਸ ਆਈ ਤੇ ਡਰਾਈਵਰ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਗਈ ਜ਼ੀਰੋ ਸਹਿਣਸ਼ੀਲਤਾ ਨੀਤੀ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐੱਨ.ਟੀ.ਐੱਫ.) ਬਠਿੰਡਾ ਰੇਂਜ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਮੰਗਲ ਸਿੰਘ ਤੇ ਉਸ ਦੇ ਨਿੱਜੀ ਡਰਾਈਵਰ ਰਾਮ ਸਿੰਘ ਨੂੰ ਇੱਕ ਲੱਖ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਮਾਨਸਾ ਜ਼ਿਲ੍ਹੇ ਦੀ ਤਹਿਸੀਲ ਸਰਦੂਲਗੜ੍ਹ ਦੇ ਪਿੰਡ ਰਾਏਪੁਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਏ.ਐੱਨ.ਟੀ.ਐੱਫ. ਮਾਨਸਾ ਦੀ ਟੀਮ ਨੇ ਉਸ ਦੇ ਪੁੱਤਰ ਤੇ ਹੋਰਨਾਂ ਵਿਰੁੱਧ ਮੋਹਾਲੀ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਕੇਸ ਦਰਜ ਕੀਤਾ ਸੀ। ਇਸ ਮਾਮਲੇ ਦੀ ਜਾਂਚ ਦੌਰਾਨ ਏ.ਐੱਸ.ਆਈ. ਮੰਗਲ ਸਿੰਘ ਉਸ ਦੀ ਦੁਕਾਨ 'ਤੇ ਆਇਆ ਤੇ ਉਸ ਨੂੰ ਕਿਹਾ ਕਿ ਉਹ ਉਸ ਦੇ ਪੁੱਤਰ ਦੀ ਗ੍ਰਿਫ਼ਤਾਰੀ ਦੌਰਾਨ ਉਸ ਦੀ ਤਲਾਸ਼ੀ ਸਮੇਂ ਪੁਲਸ ਕੋਲ ਮੌਜੂਦ ਸੋਨਾ ਛੱਡ ਦੇਵੇਗਾ ਤੇ ਇਸ ਕੰਮ ਦੇ ਬਦਲੇ ਉਸ ਨੇ 2 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਰਿਸ਼ਵਤ ਦੀ ਰਕਮ ਘੱਟ ਕਰਨ ਦੀ ਬੇਨਤੀ ਕਰਨ 'ਤੇ ਉਕਤ ਡਰਾਈਵਰ ਰਾਮ ਸਿੰਘ ਨੇ ਆਪਣੇ ਲਈ 5,000 ਰੁਪਏ ਤੇ ਏ.ਐੱਸ.ਆਈ. ਲਈ ਡੇਢ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਮੁਲਜ਼ਮ ਵੱਲੋਂ ਰਿਸ਼ਵਤ ਮੰਗਣ ਦੌਰਾਨ ਹੋਈ ਗੱਲਬਾਤ ਨੂੰ ਰਿਕਾਰਡ ਕਰ ਲਿਆ ਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਕੋਲ ਪੇਸ਼ ਕੀਤਾ। ਬਿਊਰੋ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਤੇ ਉਕਤ ਏ.ਐੱਸ.ਆਈ. ਮੰਗਲ ਸਿੰਘ ਤੇ ਉਸ ਦੇ ਨਿੱਜੀ ਡਰਾਈਵਰ ਰਾਮ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 1,05,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਇਸ ਸਬੰਧੀ ਦੋਵਾਂ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪਿੰਡਾਂ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਇਆ ਜਾਵੇਗਾ : ਮੁੱਖ ਮੰਤਰੀ



**ਧੂਰੀ (ਮਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਤੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਘਨੌਰੀ ਕਲਾਂ, ਘਨੌਰ ਖੁਰਦ, ਕਾਤਰੋਂ ਤੇ ਚੰਗਾਲੀ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਤੋਂ ਬਾਅਦ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਸਰਕਾਰੀ ਵਿਭਾਗ ਇੱਕ-ਜੁੱਟ ਹੋ ਕੇ ਲੋਕਾਂ ਨਾਲ ਮਿਲ ਕੇ ਪੇਂਡੂ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੇ ਹਨ। ਉਨ੍ਹਾਂ ਦੁਹਰਾਇਆ ਕਿ ਪੰਜਾਬ ਪਿੰਡਾਂ ਵਿੱਚ ਵਸਦਾ ਹੈ ਤੇ 'ਰੰਗਲੇ ਪੰਜਾਬ' ਦਾ ਸੁਪਨਾ ਤਦ ਹੀ ਸਾਕਾਰ ਹੋ ਸਕਦਾ ਹੈ, ਜਦੋਂ ਪਿੰਡ ਸਾਫ-ਸੁਥਰੇ ਅਤੇ ਹਰੇ-ਭਰੇ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਇਸ ਖੇਤਰ ਵੱਲ ਪਹਿਲਾਂ ਤੋਂ ਹੀ ਵਿਸ਼ੇਸ਼ ਧਿਆਨ ਦੇ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਧੂਰੀ ਨੂੰ ਸਰਬਪੱਖੀ ਵਿਕਾਸ ਰਾਹੀਂ ਮਾਡਲ ਸ਼ਹਿਰ ਵਜੋਂ ਤਿਆਰ ਕੀਤਾ ਜਾਵੇਗਾ ਤੇ ਇਸ ਲਈ ਉਚਿਤ ਫੰਡ ਮੁਹੱਈਆ ਕਰਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਵਿੱਚ ਜਲਦ ਹੀ ਵਿਸ਼ਵ-ਪੱਧਰੀ ਸਿਹਤ ਤੇ ਸਿੱਖਿਆ ਸਹੂਲਤਾਂ, ਚੌੜੀਆਂ ਸੜਕਾਂ, ਸਾਫ਼ ਤਲਾਬ ਤੇ ਨਹਿਰਾਂ ਰਾਹੀਂ ਸਿੰਚਾਈ ਦੀ ਸਹੂਲਤ ਹੋਵੇਗੀ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਸੰਪੂਰਨ ਵਿਕਾਸ ਲਈ ਵੱਡੇ ਪੈਮਾਨੇ 'ਤੇ ਯਤਨ ਕੀਤੇ ਗਏ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਵਿਕਾਸ ਲਈ ਪੈਸਿਆਂ ਦੀ ਕੋਈ ਘਾਟ ਨਹੀਂ ਹੈ ਤੇ ਸੂਬਾ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਹਰੇਕ ਸੰਭਵ ਕੋਸ਼ਿਸ਼ ਕਰ ਰਹੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ਹਿਰੀ ਤੇ ਪੇਂਡੂ, ਦੋਵਾਂ ਖੇਤਰਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਵਿਸਥਾਰਤ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਸੂਬੇ ਨੂੰ ਲੀਹ 'ਤੇ ਪਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਫ਼ਾਇਦਾ ਹੋ ਸਕੇ। ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਇਨ੍ਹਾਂ ਪੰਚਾਇਤਾਂ ਵਿੱਚ 129 ਵਿਕਾਸ ਕਾਰਜਾਂ ਲਈ ਕੁੱਲ 13.98 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 93 ਕਾਰਜ 8.67 ਕਰੋੜ ਰੁਪਏ ਦੀ ਲਾਗਤ ਨਾਲ ਪੂਰੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ 36 ਕਾਰਜ 5.31 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਹਨ ਤੇ ਜਲਦ ਪੂਰੇ ਹੋ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਪੰਜ ਪਿੰਡ ਪੰਚਾਇਤਾਂ ਦੀ ਲੋੜ ਦੇ ਆਧਾਰ 'ਤੇ ਹੋਰ 32 ਵਿਕਾਸ ਕਾਰਜਾਂ ਲਈ 12.19 ਕਰੋੜ ਰੁਪਏ ਦੀ ਵਾਧੂ ਗ੍ਰਾਂਟ ਵੀ ਜਾਰੀ ਕੀਤੀ ਗਈ।

## ਕਾਤਰਾਂ

### ਨਾਬਾਲਗ ਲੜਕੇ ਦੀ ਸੜਕ ਹਾਦਸੇ 'ਚ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ ਟੀ ਪੁਆਇੰਟ 'ਤੇ ਵਾਪਰੇ ਸੜਕ ਹਾਦਸੇ ਵਿੱਚ ਨਾਬਾਲਗ ਲੜਕੇ ਮਨੂ (16) ਵਾਸੀ ਗੜ੍ਹੀ ਤਰਖਾਣਾ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਗੜ੍ਹੀ ਤਰਖਾਣਾ ਦਾ ਵਾਸੀ ਅਵੀਦੇਸ਼ ਸਾਹਨੀ ਜੋ ਕਿ ਮਜ਼ਦੂਰੀ ਦਾ ਕੰਮ ਕਰਦਾ ਹੈ ਤੇ ਉਸ ਦਾ ਲੜਕਾ ਮਨੂ ਵੀ ਪਿਤਾ ਨਾਲ ਕੰਮ ਕਰਦਾ ਸੀ। ਮਨੂ ਆਪਣੇ ਦੋਸਤ ਕਰਨ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਾਛੀਵਾੜਾ ਸਾਹਿਬ ਤੋਂ ਗੜ੍ਹੀ ਤਰਖਾਣਾ ਨੂੰ ਜਾ ਰਿਹਾ ਸੀ ਕਿ ਕ੍ਰਿਪਾਨ ਭੇਟ ਸਾਹਿਬ ਟੀ ਪੁਆਇੰਟ ਨੇੜੇ ਇੱਕ ਕਾਰ ਨੇ ਇਨ੍ਹਾਂ ਦੇ ਮੋਟਰਸਾਈਕਲ ਵਿੱਚ ਟੱਕਰ ਮਾਰੀ। ਇਸ ਹਾਦਸੇ ਵਿੱਚ ਮਨੂ ਤੇ ਕਰਨ ਦੇ ਕਾਫ਼ੀ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ। ਪੀ.ਜੀ.ਆਈ. ਵਿਖੇ ਇਲਾਜ ਦੌਰਾਨ ਮਨੂ ਦੀ ਮੌਤ ਹੋ ਗਈ। ਮਾਛੀਵਾੜਾ ਪੁਲਸ ਵੱਲੋਂ ਅਣਪਛਾਤੇ ਕਾਰ ਚਾਲਕ ਖਿਲਾਫ਼ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਗੁਰਦੁਆਰਾ ਬੇਰੋਆਣਾ ਸਾਹਿਬ ਘੁਮਾਣ 'ਚ ਵਾਟਰ ਕੂਲਰ ਦਾਨ

**ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)**-ਜਿਥੇ ਸਰਕਾਰਾਂ ਰੁੱਖ ਲਾਉਣ, ਆਰੀ ਆਲ੍ਹਣੇ ਸਥਾਪਿਤ ਕਰਨ ਲਈ, ਪੰਛੀਆਂ ਲਈ ਪਾਣੀ ਰੱਖਣ ਦੀਆਂ ਗੱਲਾਂ ਕਰਦੀਆਂ ਹਨ, ਪਰ ਆਪ ਕੋਈ ਠੋਸ ਕਦਮ ਨਹੀਂ ਚੁੱਕਦੀਆਂ, ਉਥੇ ਦਾਨੀ ਸੱਜਣ ਦਾਨ ਰਾਹੀਂ ਘਾਟੇ ਪੂਰੇ ਕਰਦੇ ਹਨ। ਕਿਸੇ ਐਨ.ਆਰ.ਆਈ ਵੀਰ ਨੇ ਗੁਰਦੁਆਰਾ ਬੇਰੋਆਣਾ ਕੈਬ ਸਾਹਿਬ ਘੁਮਾਣ (ਲੁਧਿਆਣਾ) ਵਿਖੇ ਵਾਟਰ ਕੂਲਰ ਦਾਨ ਦਿੱਤਾ ਤੇ ਵਿਸੇਸ਼ਤਾ ਇਹ ਰਹੀ ਕਿ ਇਹ ਗੁਪਤ ਦਾਨ ਕੀਤਾ ਗਿਆ। ਇਸ ਮੌਕੇ ਜਗਤਾਰ ਸਿੰਘ ਫੌਜੀ (ਸੇਵਾ ਸ਼ਮਸ਼ਾਨਘਾਟ) ਬਾਬਾ ਜੀਤ ਸਿੰਘ ਸੇਵਾਦਾਰ ਗੁਰੂ ਘਰ, ਪਵਿੱਤਰ ਸਿੰਘ ਫੌਜੀ ਸੇਵਾਦਾਰ ਗੁਰੂ ਘਰ ਜਗਰੂਪ ਸਿੰਘ ਜੂਪਾ, ਇੰਦਰਜੀਤ ਸਿੰਘ ਨਿਕਰੂ ਸੇਵਾਦਾਰ ਗੁਰੂ ਘਰ ਤੇ ਸੇਵਾਦਾਰ ਬੀਬੀਆਂ ਨੇ ਗਰਮੀ ਦੇ ਮੌਸਮ ਵਿੱਚ ਕੀਤੀ ਸੇਵਾ ਲਈ ਧੰਨਵਾਦ ਕਰਦਿਆਂ ਹਾਜ਼ਰੀ ਲਵਾਈ।

### ਸਕੂਲ 'ਚੋਂ ਚੋਰੀ ਕਰਨ ਵਾਲਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਪਾਲੀਵਾਲਾ ਵਿੱਚੋਂ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਭਗਵਾਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੂਰਤਾ ਸਿੰਘ ਮੁੱਖ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਪਾਲੀਵਾਲਾ ਵੱਲੋਂ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਏ ਗਏ ਹਨ ਕਿ 19 ਮਈ 2025 ਨੂੰ ਅਣਪਛਾਤੇ ਵਿਅਕਤੀਆਂ ਨੇ ਸਕੂਲ ਦਾ ਤਾਲਾ ਤੋੜ ਕੇ ਸਕੂਲ ਵਿੱਚੋਂ ਇਕ ਇਨਵੈਰਟਰ, ਬੈਟਰੀ, ਸੀ.ਸੀ.ਟੀ.ਵੀ. ਦਾ ਐੱਨ.ਵੀ.ਆਰ ਪੂਰਸੈਂਟ, ਐੱਲ.ਈ.ਡੀ. ਟੀ ਵੀ, ਪ੍ਰੋਜੈਕਟਰ, ਸਾਊਂਡ ਸੈੱਟ, ਹੈੱਡ ਫੋਨਜ਼, ਕੰਪਿਊਟਰ ਮਨੀਟਰ, ਬਲਿਊਟੁੱਥ, ਪ੍ਰਿੰਟਰ ਆਦਿ ਸਾਮਾਨ ਚੋਰੀ ਕਰ ਲਿਆ ਹੈ। ਇਸ ਦਰਖਾਸਤ ਦੇ ਅਧਾਰ 'ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ।

# ਹਜ਼ਾਰਾਂ ਨਮ ਅੱਖਾਂ ਵੱਲੋਂ ਕਾਮਰੇਡ ਪ੍ਰਵੀਨ ਧਵਨ ਨੂੰ ਅੰਤਿਮ ਵਿਦਾਇਗੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੁਸ਼ੀਲ ਕੁਮਾਰ ਧਵਨ, ਅਮਿਤ ਧਵਨ ਤੇ ਰਾਜੀਵ ਧਵਨ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਕਾਮਰੇਡ ਪ੍ਰਵੀਨ ਧਵਨ 21 ਮਈ ਨੂੰ ਦਿਲ ਦਾ ਦੌਰਾ ਪੈਣ ਕਰਕੇ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਸੀ.ਪੀ.ਆਈ.ਐੱਮ. ਦੇ ਸੂਬਾ ਕਮੇਟੀ ਮੈਂਬਰ ਸੁਰਜੀਤ ਸਿੰਘ ਗਗੜਾ, ਜ਼ਿਲ੍ਹਾ ਸਕੱਤਰ ਮੋਗਾ ਸਚਿਨ ਵਡੇਰਾ, ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਚੀਮਾ, ਕਰਨੈਲ ਸਿੰਘ ਭਵਰਾ ਮੈਂਬਰ ਸੀ.ਪੀ.ਆਈ.ਐੱਮ. ਵੱਲੋਂ ਕਾਮਰੇਡ ਪ੍ਰਵੀਨ ਧਵਨ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਝੰਡਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਉਨ੍ਹਾਂ ਦਾ ਅੰਤਿਮ ਸੰਸਕਾਰ ਗਾਂਧੀ ਰੋਡ ਸਵਰਗ ਆਸ਼ਰਮ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਕਾਮਰੇਡ ਪ੍ਰਵੀਨ ਧਵਨ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸੁਸ਼ੀਲ ਧਵਨ, ਅਮਿਤ ਧਵਨ ਤੇ ਰਾਜੀਵ ਧਵਨ ਵੱਲੋਂ ਦਿਖਾਈ ਗਈ। ਇਸ ਮੌਕੇ ਸੀ.ਪੀ.ਆਈ.ਐੱਮ. ਵੱਲੋਂ ਕਾਮਰੇਡ ਪ੍ਰਵੀਨ ਧਵਨ ਦੇ ਸਪੁੱਤਰ ਅਮਿਤ ਧਵਨ ਨੂੰ ਸੀ.ਪੀ.ਆਈ.ਐੱਮ. ਦੇ ਸੂਬਾ ਕਮੇਟੀ ਮੈਂਬਰ ਸੁਰਜੀਤ ਸਿੰਘ ਗਗੜਾ ਨੇ ਪਾਰਟੀ ਦਾ ਝੰਡਾ ਸੌਂਪਿਆ ਤੇ ਅਪੀਲ ਕੀਤੀ ਕਿ ਉਹ ਆਪਣੇ ਪਿਤਾ ਵਾਂਗ ਪਾਰਟੀ ਨਾਲ ਜੁੜ ਕੇ ਸੀ.ਪੀ.ਆਈ.ਐੱਮ. ਵਿੱਚ ਸੇਵਾਵਾਂ ਨਿਭਾਉਣ। ਇਸ ਮੌਕੇ ਨਗਰ ਨਿਗਮ ਮੋਗਾ ਦੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਪੀਨਾ, ਮਜ਼ਦੂਰ ਆਗੂ ਐਡਵੋਕੇਟ ਵਿਜੇ ਧੀਰ, ਕ੍ਰਿਸ਼ਨ ਸੂਦ, ਰਾਕੇਸ਼ ਸਿਤਾਰਾ, ਅਜੈ ਸ਼ਰਮਾ, ਅਮਰਜੀਤ ਅੰਬੀ, ਸੋਨੂੰ ਧਮੀਜਾ, ਗੌਰਵ ਸਨੂਜਾ ਮਿਕੰਲ, ਰਾਹੁਲ ਸੂਦ, ਤਰਸੇਮ ਲਾਲ ਮੈਂਗੀ, ਲਲਿਤ ਧਵਨ, ਦੀਪਕ ਧਵਨ, ਪੱਤਰਕਾਰ ਸਤੀਸ਼ ਸਾਹਨੀ, ਬਲਜੀਤ ਸਿੰਘ, ਰਾਜੀਵ ਸ਼ਰਮਾ, ਸੋਨੂੰ ਮੈਂਗੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਮੌਜੂਦ ਸਨ।

# ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਅੱਗੇ ਅੱਜ ਦਿੱਤਾ ਜਾਵੇਗਾ ਧਰਨਾ : ਜਗਸੀਰ ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਦੇ ਹੱਲ ਲਈ ਸੂਬਾ ਕਮੇਟੀ ਦੇ ਸੱਦੇ 'ਤੇ 23 ਮਈ ਨੂੰ ਨਰੇਗਾ ਕੋਆਰਡੀਨੇਟਰ-ਕਮ-ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਵਿਖੇ ਧਰਨਾ ਦਿੱਤਾ ਜਾਵੇਗਾ। ਇਹ ਜਾਣਕਾਰੀ ਪ੍ਰੈੱਸ ਦੇ ਨਾਂ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ ਜ਼ਿਲ੍ਹਾ ਸਲਾਹਕਾਰ ਕੁਲਦੀਪ ਸਿੰਘ ਭੋਲਾ ਤੇ ਜ਼ਿਲ੍ਹਾ ਕਨਵੀਨਰ ਸ਼ੇਰ ਸਿੰਘ ਦੌਲਤਪੁਰਾ ਨੇ ਦੱਸਿਆ ਕਿ ਜਿੱਥੇ ਕੇਂਦਰ ਦੀ ਭਾਜਪਾ ਸਰਕਾਰ ਨਰੇਗਾ ਨੂੰ ਬੰਦ ਕਰਨ ਲਈ ਤਰਲੋ ਮੱਛੀ ਹੋ ਰਹੀ, ਉੱਥੇ ਪੰਜਾਬ ਸਰਕਾਰ ਵੀ ਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਤੋਂ ਟਾਲਾ ਵੱਟ ਰਹੀ ਹੈ। ਉਨ੍ਹਾਂ ਦੱਸਿਆ ਕਿ ਬਲਾਕ ਮੋਗਾ-2 ਵਿੱਚ ਜਸਵੰਤ ਸਿੰਘ, ਸੁੱਖਾ ਪੇਂਟਰ, ਦਰਸ਼ਨ ਕੌਰ ਦੌਲਤਪੁਰਾ ਤੇ ਅਮਰੀਕ ਸਿੰਘ ਖੁਖਰਾਣਾ ਬਲਾਕ ਮੋਗਾ-1 ਵਿੱਚ ਸਵਰਾਜ ਸਿੰਘ ਢੁੱਡੀਕੇ ਤੇ ਬੋਹੜ ਸਿੰਘ ਬੁੱਟਰ ਬਲਾਕ ਕੋਟ ਈਸੇ ਖਾਂ ਵਿੱਚ ਬਿੰਦਰ ਕੌਰ ਗਲੋਟੀ ਤੇ ਕਮਲੇਸ਼ ਸਿੰਘ ਤੇ ਬਲਾਕ ਬਾਘਾ ਪੁਰਾਣਾ ਵਿੱਚ ਵੀਰਪਾਲ ਕੌਰ ਠੱਠੀ ਭਾਈ, ਸਰਬਜੀਤ ਕੌਰ ਬੁੱਧ ਸਿੰਘ ਵਾਲਾ ਤੇ ਸਤਨਾਮ ਸਿੰਘ ਆਦਿ ਆਗੂ ਤਿਆਰੀ ਵਿੱਚ ਜੁਟੇ ਹੋਏ ਹਨ। ਆਗੂਆਂ ਨੇ ਆਖਿਆ ਕਿ ਨਰੇਗਾ ਮਜ਼ਦੂਰਾਂ ਨੂੰ 100 ਦਿਨ ਦੀ ਕੰਮ ਗਾਰੰਟੀ ਲੈਣ ਲਈ ਕੰਮ ਮੰਗ ਦੀ ਅਰਜ਼ੀ ਦੀਆਂ ਰਸੀਦਾਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ, ਪਰ ਨਰੇਗਾ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਨੂੰ ਰਸੀਦਾਂ ਦੇਣ ਤੋਂ ਆਨਾ-ਕਾਨੀ ਕੀਤੀ ਜਾਂਦੀ ਹੈ, ਜਿਸ ਕਾਰਨ ਮਜ਼ਦੂਰਾਂ ਨੂੰ ਸਿਰਫ਼ ਤੀਜਾ ਕੁ ਹਿੱਸਾ ਹੀ ਕੰਮ ਮਿਲ ਰਿਹਾ ਹੈ, ਜਿਸ ਲਈ ਸਿੱਧੇ ਤੌਰ 'ਤੇ ਨਰੇਗਾ ਪ੍ਰਸ਼ਾਸਨ ਤੇ ਸਰਕਾਰ ਜ਼ਿੰਮੇਵਾਰ ਹੈ। ਨਰੇਗਾ ਮੇਟਾਂ ਨੂੰ ਹਦਾਇਤਾਂ ਅਨੁਸਾਰ ਅਰਧ ਸਿੱਖਿਅਤ ਵਾਲੀ ਦਿਹਾੜੀ (ਤਕਰੀਬਨ 500 ਰੁਪਏ) ਦੇਣੇ ਬਣਦੇ ਹਨ, ਪਰ ਉਨ੍ਹਾਂ ਨੂੰ ਵੀ ਲੇਬਰ ਵਾਲੀ ਦਿਹਾੜੀ ਹੀ ਦਿੱਤੀ ਜਾਂਦੀ ਹੈ, ਜੋ ਕਿ ਨਿਯਮਾਂ ਦੀ ਸ਼ਰੇਆਮ ਉਲੰਘਣਾ ਹੈ। ਇਸ ਤੋਂ ਇਲਾਵਾ ਕੰਮ ਵਾਲੀ ਥਾਂ 'ਤੇ ਫਸਟ ਏਡ ਬਾਕਸ, ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਤੇ ਕੰਮ ਵਾਲੀ ਥਾਂ 'ਤੇ 5 ਤੋਂ ਵਧੇਰੇ ਹੋਣ ਤੇ ਬੱਚਿਆਂ ਨੂੰ ਸਾਂਭਣ ਲਈ ਬਾਲਵਾੜੀ ਦੀਆਂ ਸਹੂਲਤਾਂ ਜ਼ਰੂਰੀ ਹਨ, ਪਰ ਬਹੁਤੇ ਥਾਈਂ ਮਜ਼ਦੂਰਾਂ ਨੂੰ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਬੇਨਿਯਮੀਆਂ ਖਿਲਾਫ ਤੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਬਣਦਾ ਪੂਰਾ ਹੱਕ ਦਿਵਾਉਣ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਹਮੇਸ਼ਾ ਮੈਦਾਨ ਵਿੱਚ ਰਹੇਗੀ।

# ਭੋਗਲਾਂ 'ਚ ਪਾਣੀ ਦੀ ਟੂਟੀ ਨੂੰ ਲੈ ਕੇ ਚੱਲੀਆਂ ਗੋਲੀਆਂ, 1 ਦੀ ਮੌਤ, 3 ਦੀ ਹਾਲਤ ਨਾਜ਼ੁਕ

**ਰਾਜਪੁਰਾ/ਪਟਿਆਲਾ (ਰਮੇਸ਼ ਕਟਾਰੀਆ/ਰਾਜਿੰਦਰ ਸਿੰਘ ਥਿੰਦ)**



ਰਾਜਪੁਰਾ ਨੇੜਲੇ ਪਿੰਡ ਭੋਗਲਾਂ ਵਿੱਚ ਗੁਆਂਢੀ ਪਰਵਾਰਾਂ ਵਿਚਕਾਰ ਪਾਣੀ ਦੀ ਟੂਟੀ ਨੂੰ ਲੈ ਕੇ ਝਗੜਾ ਹੋ ਗਿਆ। ਝਗੜਾ ਇਸ ਹੱਦ ਤੱਕ ਵਧ ਗਿਆ ਕਿ ਇੱਕ ਧਿਰ ਨੇ 12 ਬੋਰ ਦੀ ਬੰਦੂਕ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ। ਇਸ ਘਟਨਾ ਕਾਰਨ ਪੂਰੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ। ਮ੍ਰਿਤਕ ਦੀ ਪਛਾਣ 45 ਸਾਲਾ ਅਮਰਜੀਤ ਸਿੰਘ ਵਜੋਂ ਹੋਈ ਹੈ। ਗੋਲੀਆਂ ਲੱਗਣ ਨਾਲ ਜਗਦੀਪ ਸਿੰਘ, ਜੋਤੀ ਤੇ ਖੁਸ਼ਵੰਤ ਕੌਰ ਜ਼ਖਮੀ ਹੋ ਗਏ। ਮੁੱਢਲੀ ਸਹਾਇਤਾ ਤੋਂ ਬਾਅਦ ਜ਼ਖਮੀਆਂ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮ੍ਰਿਤਕ ਦੇ ਰਿਸ਼ਤੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਗੁਆਂਢੀਆਂ ਵਿਚਕਾਰ ਟੂਟੀ ਦੇ ਪਾਣੀ ਨੂੰ ਲੈ ਕੇ ਹੋਏ ਮਾਮੂਲੀ ਝਗੜੇ ਦੌਰਾਨ ਗੋਲੀਬਾਰੀ ਹੋਈ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਉਨ੍ਹਾਂ ਦੇ ਪਰਿਵਾਰ ਦੀਆਂ ਦੋ ਔਰਤਾਂ ਤੇ ਇੱਕ ਆਦਮੀ ਵੀ ਗੰਭੀਰ ਜ਼ਖਮੀ ਹੋਏ ਹਨ। ਪੁਲਸ ਅਧਿਕਾਰੀ ਸੁਖਵੰਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਅਜੇ ਫਰਾਰ ਹੈ ਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਸਰਕਾਰੀ ਹਸਪਤਾਲ ਰਾਜਪੁਰਾ ਦੀ ਐੱਸ ਐੱਮ ਓ ਸੋਨੀਆ ਜੰਗਵਾਲ ਨੇ ਦੱਸਿਆ ਕਿ ਫੋਰੈਂਸਿਕ ਮਾਹਰ ਦੀ ਘਾਟ ਕਾਰਨ ਮ੍ਰਿਤਕ ਅਮਰਜੀਤ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਭੇਜਿਆ ਹੈ।

# ਬੱਕਰੀ ਪਾਲਕਾਂ ਨੇ ਕੋਟ ਕਲਾਂ ਮੀਟਿੰਗ 'ਚ ਸਰਕਾਰ ਅੱਗੇ ਰੱਖੇ ਦੁੱਖੜੇ

## ਨੁਕਸਾਨ ਦਾ ਸਰਕਾਰ ਜਲਦ ਮੁਆਵਜ਼ਾ ਦੇਵੇ : ਗਦਾਈਆ



**ਨਾਭਾ (ਵਰਿੰਦਰ ਵਰਮਾ)**-ਨਾਭਾ ਤਹਿਸੀਲ ਦੇ ਨੇੜਲੇ ਪਿੰਡਾਂ ਦੇ ਬੱਕਰੀ ਪਾਲਕਾਂ ਨੇ ਅੱਜ ਪਿੰਡ ਕੋਟ ਕਲਾਂ ਵਿਖੇ ਮਾਤਾ ਦੇ ਮੇਲੇ 'ਤੇ ਬੱਕਰੀਆਂ ਦੇ ਇੱਜੜ ਲਿਆ ਕੇ ਮਾਤਾ ਦੇ ਮੇਲੇ 'ਤੇ ਆਪ ਤੇ ਆਪਣੇ ਪਸ਼ੂਆਂ ਦੀ ਤੰਦਰੁਸਤੀ ਲਈ ਮਾਤਾ ਅੱਗੇ ਮੱਥਾ ਟੇਕਿਆ ਤੇ ਬੱਕਰੀ ਪਾਲਕਾਂ ਨੇ ਆਪ ਇੱਕ ਵਿਸ਼ਾਲ ਮੀਟਿੰਗ ਕਰਕੇ ਬੱਕਰੀ ਪਾਲਕਾਂ ਨੂੰ ਆ ਰਹੀਆਂ ਮੁਸ਼ਕਲਾਂ ਸਰਕਾਰ ਅੱਗੇ ਰੱਖੀਆਂ। ਜਸਵੀਰ ਸਿੰਘ ਜੱਸੀ ਰੋਹਟਾ ਵੱਲੋਂ ਕੀਤੀ ਗਈ ਇਸ ਮੀਟਿੰਗ ਵਿੱਚ ਨਰੇਗਾ ਕਾਮਿਆਂ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਕ੍ਰਾਂਤੀ ਦਲਿਤਾਂ ਦੇ ਆਗੂ ਸੁਖਵਿੰਦਰ ਸਿੰਘ ਗਦਾਈਆ ਨੇ ਬੱਕਰੀ ਪਾਲਕਾਂ ਨੂੰ ਇਸ ਧੰਦੇ ਵਿੱਚ ਆ ਰਹੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ। ਮੀਟਿੰਗ ਵਿੱਚ ਵੱਡੀ ਗਿਣਤੀ ਬੱਕਰੀ ਪਾਲਕਾਂ ਨੇ ਆਪਣੇ ਦੁੱਖੜੇ ਸਾਂਝੇ ਕਰਦਿਆਂ ਕਿਹਾ ਕਿ ਸਾਡੇ ਪਸ਼ੂ ਕੁਦਰਤੀ ਆਫ਼ਤਾਂ ਦੇ ਸ਼ਿਕਾਰ ਹੋ ਜਾਂਦੇ ਹਨ, ਬਹੁਤ ਸਾਰੀਆਂ ਅਜਿਹੀਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ, ਜਿਵੇਂ ਕਿ ਦਿੜ੍ਹਬਾ ਲਾਗੇ ਰਾਜੂ ਨਾਮ ਦੇ ਵਿਅਕਤੀ ਦੀ ਦੋ ਦਰਜਨ ਭੇਡਾਂ ਮਰ ਗਈਆਂ ਸਨ, ਉਸ ਗਰੀਬ ਨੂੰ ਸਰਕਾਰ ਵੱਲੋਂ ਕੋਈ ਮੁਆਵਜ਼ਾ ਨਹੀਂ ਮਿਲਿਆ। ਇਸ ਤਰ੍ਹਾਂ ਨਾਭਾ ਨੇੜਲੇ ਪਿੰਡ ਬਨੇਰਾ ਪਿੰਡ ਵਿਖੇ ਰੁਲਦੂ ਗੁੱਜਰ ਦੀਆਂ 15 ਦੇ ਲਗਪਗ ਬੱਕਰੀਆਂ ਮਰ ਗਈਆਂ ਸਨ, ਉਸ ਗਰੀਬ ਨੂੰ ਇੱਕ ਧੇਲਾ ਵੀ ਮੁਆਵਜ਼ੇ ਦੇ ਰੂਪ ਵਿੱਚ ਨਹੀਂ ਮਿਲਿਆ, ਉਹ ਪੀੜਤ ਆਪਣਾਂ ਕੰਮ ਅੱਗੇ ਨਹੀਂ ਚਲਾ ਸਕਿਆ, ਬੱਕਰੀ ਪਾਲਕਾਂ ਨੇ ਕਿਹਾ ਸਾਡੇ ਪਸ਼ੂਆਂ ਲਈ ਮੁਫ਼ਤ ਇਲਾਜ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਕਿਉਂਕਿ ਬੀਮਾਰ ਪਸ਼ੂਆਂ ਦਾ ਇਲਾਜ ਕਰਵਾਉਣਾ ਸਾਡੇ ਵੱਸ ਦੀ ਗੱਲ਼ ਨਹੀਂ ਹੈ, ਇਸ ਲਈ ਸਾਡੀ ਮੰਗ ਹੈ ਕਿ ਨੇੜਲੀਆਂ ਪਸ਼ੂ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾਵੇ ਤੇ ਜੋ ਬੱਕਰੀ ਪਾਲਕਾਂ ਦਾ ਨੁਕਸਾਨ ਹੋਇਆ ਹੈ, ਉਸ ਦਾ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇ।

# ਸੜਕ ਹਾਦਸੇ 'ਚ ਮਾਰੇ ਗਏ ਬੱਚਿਆਂ ਦੇ ਮਾਪੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਤੋਂ ਨਾ-ਖੁਸ਼

- ਟਿੱਪਰ ਮਾਲਕ ਰਣਧੀਰ ਸਿੰਘ ਦੀ ਅਗਾਊਂ ਜਮਾਨਤ ਦੀ ਦਰਖਾਸਤ ਖਾਰਜ
- ਦੋਸ਼ੀਆਂ ਨੂੰ ਫੜਨ ਲਈ ਛਾਪੇਮਾਰੀ ਜਾਰੀ, ਦੋਸ਼ੀਆਂ ਦੇ ਕਈ ਰਿਸ਼ਤੇਦਾਰ ਕੀਤੇ ਗ੍ਰਿਫਤਾਰ : ਡੀ ਐੱਸ ਪੀ



ਮ੍ਰਿਤਕ ਬੱਚਿਆਂ ਦੇ ਮਾਪੇ ਪ੍ਰੈੱਸ ਕਾਨਫਰੰਸ ਕਰਦੇ ਹੋਏ (ਇਨਸੈੱਟ) ਡੀ ਐੱਸ ਪੀ ਜਾਣਕਾਰੀ ਦਿੰਦੇ ਹੋਏ।

**ਸਮਾਣਾ (ਇਕਬਾਲ ਸਿੰਘ ਬੱਲ)**-ਬੀਤੀ 7 ਮਈ ਨੂੰ ਸਮਾਣਾ-ਪਟਿਆਲਾ ਸੜਕ 'ਤੇ ਪੈਂਦੇ ਪਿੰਡ ਨੱਸੂਪੁਰ ਨੇੜੇ ਟਿੱਪਰ ਤੇ ਸਕੂਲੀ ਵੈਨ ਦੀ ਹੋਈ ਟੱਕਰ ਵਿੱਚ 7 ਬੱਚਿਆਂ ਸਮੇਤ ਡਰਾਈਵਰ ਦੀ ਦਰਦਨਾਕ ਮੌਤ ਹੋ ਗਈ ਸੀ। ਪੁਲਸ ਪ੍ਰਸ਼ਾਸਨ ਵੱਲੋਂ ਡਰਾਈਵਰ ਤੇ ਟਿੱਪਰ ਮਾਲਕ ਖਿਲਾਫ ਮੁਕੱਦਮਾ ਦਰਜ ਕਰ ਲਿਆ ਸੀ, ਪ੍ਰੰਤੂ ਟਿੱਪਰ ਮਾਲਕਾਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ, ਜਦੋਂ ਕਿ ਇੱਕ ਟਿੱਪਰ ਮਾਲਕ ਰਣਧੀਰ ਸਿੰਘ ਦੀ ਅਗਾਊਂ ਜਮਾਨਤ ਦੀ ਦਰਖਾਸਤ ਪਟਿਆਲਾ ਦੀ ਮਾਨਯੋਗ ਅਦਾਲਤ ਨੇ ਖਾਰਜ ਕਰ ਦਿੱਤੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਟਿੱਪਰ ਮਾਲਕਾਂ ਨੂੰ ਅਜੇ ਤੱਕ ਗ੍ਰਿਫਤਾਰ ਨਾ ਕੀਤੇ ਜਾਣ ਕਰਕੇ ਮ੍ਰਿਤਕ ਬੱਚਿਆਂ ਦੇ ਪਰਵਾਰਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ, ਜਿਨ੍ਹਾਂ ਨੇ ਅੱਜ ਇਸ ਸਬੰਧੀ ਡੀ ਐੱਸ ਪੀ ਸਮਾਣਾ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਨੂੰ ਜਲਦੀ ਫੜਨ ਲਈ ਬੇਨਤੀ ਕੀਤੀ, ਜਿਸ 'ਤੇ ਡੀ ਐੱਸ ਪੀ ਸਮਾਣਾ ਨੇ ਵਿਸ਼ਵਾਸ ਦਿਵਾਇਆ ਕਿ ਸਮਾਣਾ ਪੁਲਸ ਜਲਦ ਹੀ ਦੋਸ਼ੀਆਂ ਨੂੰ ਫੜ ਲਵੇਗੀ। ਪੀੜਤ ਪਰਵਾਰਾਂ ਦੀ ਅਗਵਾਈ ਕਰਦਿਆਂ ਸਚਿਨ ਲੂੰਬਾ ਨੇ ਦੱਸਿਆ ਕਿ ਡੀ ਐੱਸ ਪੀ ਸਾਹਿਬ ਨੇ ਦੋ ਦਿਨ ਦਾ ਟਾਈਮ ਦੋਸ਼ੀਆਂ ਨੂੰ ਫੜਨ ਲਈ ਲਿਆ ਹੈ, ਜੇਕਰ ਐਤਵਾਰ ਤੱਕ ਦੋਸ਼ੀ ਫੜੇ ਨਹੀਂ ਜਾਂਦੇ ਤਾਂ ਉਹ ਸੋਮਵਾਰ ਨੂੰ ਸ਼ਹਿਰ ਦੀਆਂ ਸਮੂਹ ਜਥੇਬੰਦੀਆਂ ਤੇ ਸ਼ਹਿਰ ਵਾਸੀਆਂ ਦਾ ਸਹਿਯੋਗ ਲੈ ਕੇ ਸ਼ਹਿਰ ਨੂੰ ਬੰਦ ਕਰਾਉਣ ਲਈ ਅਗਲਾ ਪ੍ਰੋਗਰਾਮ ਉਲੀਕ ਸਕਦੇ ਹਨ। ਮ੍ਰਿਤਕ ਬੱਚਿਆਂ ਦੇ ਪਰਵਾਰਾਂ ਨੇ ਇੱਕ ਪ੍ਰੈੱਸ ਕਾਨਫਰਸ ਕਰਕੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਸਿਵਲ ਜਾਂ ਪੁਲਸ ਪ੍ਰਸ਼ਾਸਨ ਦਾ ਕੋਈ ਵੀ ਉੱਚ ਅਧਿਕਾਰੀ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਅਫਸੋਸ ਪ੍ਰਗਟ ਕਰਨ ਲਈ ਨਹੀਂ ਪਹੁੰਚਿਆ, ਜਦੋਂ ਕਿ ਸ਼ਰਾਬ ਕਾਂਡ ਵਿੱਚ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਖੁਦ ਮੁੱਖ ਮੰਤਰੀ ਭਗਵੰਤ ਮਾਨ, ਡਿਪਟੀ ਕਮਿਸ਼ਨਰ, ਐੱਸ ਐੱਸ ਪੀ ਤੇ ਹੋਰ ਉਸ ਅਧਿਕਾਰੀ ਉਥੇ ਪਹੁੰਚੇ ਸਨ ਅਤੇ ਦਸ ਦਸ ਲੱਖ ਰੁਪਏ ਦਾ ਮੁਆਵਜ਼ਾ ਤੇ ਪਰਵਾਰ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕਰਕੇ ਆਏ, ਪ੍ਰੰਤੂ ਸਮਾਣਾ ਵਿਖੇ ਐੱਸ ਐੱਸ ਪੀ, ਡਿਪਟੀ ਕਮਿਸ਼ਨਰ, ਮੰਤਰੀ ਜਾਂ ਕੋਈ ਹੋਰ ਉੱਚ ਅਧਿਕਾਰੀ ਉਨ੍ਹਾਂ ਦੇ ਪਰਵਾਰਾਂ ਨਾਲ ਨਿੱਜੀ ਤੌਰ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਨਹੀਂ ਪਹੁੰਚੇ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕੇ ਪ੍ਰਸ਼ਾਸਨ ਨੂੰ ਮ੍ਰਿਤਕ ਬੱਚਿਆਂ ਦੇ ਆਧਾਰ ਕਾਰਡ ਦਿੱਤੇ ਗਏ ਸਨ, ਪ੍ਰੰਤੂ ਕੁਝ ਬੱਚਿਆਂ ਦੇ ਨਾਮ ਐੱਫ ਆਈ ਆਰ ਵਿੱਚ ਫਿਰ ਵੀ ਗਲਤ ਲਿਖੇ ਗਏ ਹਨ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਟਿੱਪਰ ਦੇ ਤਿੰਨ ਮਾਲਕ ਹਨ, ਪ੍ਰੰਤੂ ਐੱਫ ਆਈ ਆਰ ਵਿੱਚ ਟਿੱਪਰ ਦੇ ਦੋ ਹੀ ਮਾਲਕ ਦਿਖਾਏ ਗਏ ਹਨ, ਜਿਨਾਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ, ਜੋ ਬਾਹਰੋ ਬਾਹਰ ਆਪਣੀਆਂ ਅਗਾਊਂ ਜਮਾਨਤਾਂ ਕਰਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ, ਜਿਨ੍ਹਾਂ ਵਿੱਚੋਂ ਰਣਧੀਰ ਸਿੰਘ ਦੀ ਅਗਾਊਂ ਜਮਾਨਤ ਪਟਿਆਲਾ ਦੀ ਮਾਣਯੋਗ ਅਦਾਲਤ ਨੇ ਖਾਰਜ ਕਰ ਦਿੱਤੀ ਹੈ।

ਜਦੋਂ ਇਸ ਸਬੰਧੀ ਡੀ ਐੱਸ ਪੀ ਗੁਰਇਕਬਾਲ ਸਿੰਘ ਸਿਕੰਦ ਪਾਸੋਂ ਜਾਣਕਾਰੀ ਪ੍ਰਾਪਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮ੍ਰਿਤਕ ਬੱਚਿਆਂ ਦੇ ਪਰਵਾਰਾਂ ਨਾਲ ਉਨ੍ਹਾਂ ਦੀ ਦਿਲੋਂ ਹਮਦਰਦੀ ਹੈ ਤੇ ਉਹ ਇਸ ਕੇਸ ਵਿੱਚ ਖੁਦ ਨਿਗਰਾਨੀ ਕਰ ਰਹੇ ਹਨ। ਦੋਸ਼ੀਆਂ ਨੂੰ ਫੜਨ ਲਈ ਉਨ੍ਹਾਂ ਨੇ ਥਾਣਾ ਸਿਟੀ ਸਮਾਣਾ, ਥਾਣਾ ਸਦਰ ਸਮਾਣਾ ਤੇ ਸੀ ਆਈ ਏ ਸਟਾਫ ਸਮਾਣਾ ਦੀਆਂ ਪੁਲਸ ਪਾਰਟੀਆਂ ਨੂੰ ਵੱਖ ਵੱਖ ਲੋਕੇਸ਼ਨਾਂ ਤੇ ਦੋਸ਼ੀਆਂ ਨੂੰ ਫੜਨ ਲਈ ਭੇਜਿਆ ਹੋਇਆ ਹੈ। ਜਲਦੀ ਹੀ ਦੋਸ਼ੀਆਂ ਨੂੰ ਫੜ ਲਿਆ ਜਾਵੇਗਾ। ਡੀ ਐੱਸ ਪੀ ਨੇ ਮ੍ਰਿਤਕ ਬੱਚਿਆਂ ਦੇ ਪਰਵਾਰਾਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਦੋਸ਼ੀਆਂ ਨੂੰ ਫੜਨ ਲਈ ਸਮਾਣਾ ਪੁਲਸ ਪੂਰੀ ਮੁਸਤੈਦੀ ਵਰਤ ਰਹੀ ਹੈ।

# ਆਈ ਡੀ ਪੀ ਡੀ ਵੱਲੋਂ ਗਾਜ਼ਾ 'ਚ ਨਸਲਕੁਸ਼ੀ ਦੀ ਨਿੰਦਾ



**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਇਸ ਖ਼ਬਰ ਦਾ ਗੰਭੀਰ ਨੋਟਿਸ ਲੈਂਦੀ ਹੈ ਕਿ ਇਜ਼ਰਾਈਲੀ ਸਰਕਾਰ ਦੁਆਰਾ ਮਨੁੱਖੀ ਸਹਾਇਤਾ ਦੀ ਨਾਕਾਬੰਦੀ ਕਾਰਨ ਗਾਜ਼ਾ ਵਿੱਚ ਭੁੱਖਮਰੀ ਕਾਰਨ 14000 ਨਵਜੰਮੇ ਬੱਚੇ ਮੌਤ ਦੇ ਕੰਢੇ 'ਤੇ ਹਨ। ਬਿਆਨ ਵਿੱਚ ਆਈ ਡੀ ਪੀ ਡੀ ਦੇ ਸਰਪ੍ਰਸਤ ਡਾ. ਐੱਸ ਐੱਸ ਸੂਦਨ, ਪ੍ਰਧਾਨ ਡਾ. ਅਰੁਣ ਮਿੱਤਰਾ ਤੇ ਜਨਰਲ ਸਕੱਤਰ ਡਾ. ਸ਼ਕੀਲ ਉਰ ਰਹਿਮਾਨ ਨੇ ਕਿਹਾ ਕਿ ਇਹ ਸਾਡੇ ਪਹਿਲੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਾ ਹੈ ਕਿ ਇਜ਼ਰਾਈਲ ਦੇ ਜ਼ਾਇਓਨਿਸਟ ਸ਼ਾਸਨ ਨੂੰ ਹਮਾਸ ਦੁਆਰਾ ਰੱਖੇ ਗਏ ਬੰਧਕਾਂ ਦੀ ਰਿਹਾਈ ਵਿੱਚ ਬਹੁਤ ਘੱਟ ਦਿਲਚਸਪੀ ਸੀ। ਸਾਰੇ ਬੰਧਕਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ, ਪਰ ਇਜ਼ਰਾਈਲੀ ਰੱਖਿਆ ਬਲਾਂ ਦੁਆਰਾ ਨਾਗਰਿਕਾਂ 'ਤੇ ਹਮਲੇ ਹੋਰ ਜ਼ੋਰ ਨਾਲ ਜਾਰੀ ਹਨ। ਉਹ ਗਾਜ਼ਾ ਵਿੱਚ ਫਲਸਤੀਨੀਆਂ ਦੇ ਸਮੂਹਕ ਕਤਲੇਆਮ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਇਸ ਸਮੇਂ ਭੋਜਨ, ਪਾਣੀ ਤੇ ਦਵਾਈਆਂ ਦੀ ਪੂਰੀ ਘਾਟ ਹੈ। ਹਸਪਤਾਲ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਇਹ ਮੰਦਭਾਗਾ ਹੈ ਕਿ ਦੁਨੀਆ ਇਸ ਨਸਲਕੁਸ਼ੀ ਵਿਰੁੱਧ ਸਖ਼ਤ ਪ੍ਰਤੀਕਿਰਿਆ ਕੀਤੇ ਬਿਨਾਂ ਤੇ ਗਾਜ਼ਾ ਵਿੱਚ ਮਨੁੱਖੀ ਸਹਾਇਤਾ ਨੂੰ ਯਕੀਨੀ ਬਣਾਏ ਬਿਨਾਂ ਸਾਰੀ ਸਥਿਤੀ ਨੂੰ ਦੇਖ ਰਹੀ ਹੈ। ਇਨ੍ਹਾਂ ਘਟਨਾਵਾਂ ਨੇ ਮੌਜੂਦਾ ਯੁੱਗ ਵਿੱਚ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ, ਜਦੋਂ ਤਕਨੀਕੀ ਵਿਕਾਸ ਕਾਰਨ ਸਭ ਕੁਝ ਪਾਰਦਰਸ਼ੀ ਹੈ। ਅਸੀਂ ਇਜ਼ਰਾਈਲ ਦਾ ਪੱਖ ਲੈਣ ਲਈ ਭਾਰਤ ਸਰਕਾਰ ਦੀ ਵੀ ਆਲੋਚਨਾ ਕਰਦੇ ਹਾਂ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਭਾਰਤ ਸਰਕਾਰ ਇਸ ਮਨੁੱਖੀ ਸੰਕਟ ਨਾਲ ਨਜਿੱਠਣ ਲਈ ਆਪਣੇ ਸਰੋਤਾਂ ਦੀ ਵਰਤੋਂ ਕਰੇ।

# ਅਕਾਲੀ ਸਰਕਾਰ ਸਮੇਂ ਤਕੀਪੁਰ ਸਕੂਲ ਦੇ ਨਿਰਮਾਣ ਕਾਰਜਾਂ ਦੇ ਰੱਖੇ ਨੀਂਹ ਪੱਥਰ ਪੁੱਟੇ

- ਸਾਡੇ ਕੀਤੇ ਕੰਮਾਂ ਨੂੰ ਆਪ ਪਾਰਟੀ ਦੇ ਮੰਤਰੀ ਕਦੇ ਧੋ ਨਹੀਂ ਸਕਦੇ : ਪਰਮਿੰਦਰ ਢੀਂਡਸਾ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਨੇੜਲੇ ਪਿੰਡ ਤਕੀਪੁਰ ਸਰਕਾਰੀ ਸਕੂਲ ਦੇ ਨੀਂਹ ਪੱਥਰ ਪੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸਾਲ 2015 ਵਿੱਚ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਸਰਕਾਰੀ ਹਾਈ ਸਕੂਲ ਤਕੀਪੁਰ ਤੇ ਵਿਕਾਸ ਕਾਰਜ ਦੇ ਨੀਂਹ ਪੱਥਰ ਸਕੂਲ ਦੇ ਮੁੱਖ ਗੇਟ ਦੇ ਬਿਲਕੁਲ ਨਾਲ ਕੰਧ ਵਿੱਚ ਫਿੱਟ ਕੀਤੇ ਹੋਏ ਸਨ, ਜਿਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਪਿਛਲੇ ਮਹੀਨੇ 7 ਅਪ੍ਰੈਲ 2025 ਨੂੰ ਇੱਕ ਕਮਰੇ ਦੀ ਉਸਾਰੀ ਦਾ ਨੀਂਹ ਪੱਥਰ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਰੱਖਿਆ ਨੀਂਹ ਪੱਥਰ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਵੱਲੋਂ ਆਪਣੇ ਦਫਤਰ ਦੇ ਕੋਲ ਬੜੀ ਹਿਫਾਜ਼ਤ ਨਾਲ ਸਾਂਭਿਆ ਹੋਇਆ ਹੈ, ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਇਹ ਸਭ ਮੁੱਖ ਅਧਿਆਪਕਾ ਦੀ ਮਿਲੀਭੁਗਤ ਨਾਲ ਹੋਇਆ ਹੈ, ਉਸ ਸਮੇਂ ਦੀ ਸਰਕਾਰ ਨੇ ਹਲਕਾ ਸੁਨਾਮ ਤੇ ਲੌਂਗੋਵਾਲ ਸਰਕਲ ਅਧੀਨ ਆਉਂਦੇ ਪਿੰਡ ਢੱਡਰੀਆਂ, ਸਾਹੋਕੇ, ਤਕੀਪੁਰ, ਲੋਹਾਖੇੜਾ, ਰੱਤੋਕੇ ਆਦਿ ਸਕੂਲਾਂ ਨੂੰ ਅੱਪਗ੍ਰੇਡ ਕੀਤਾ ਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਗਿਆ ਸੀ।

ਜਦੋਂ ਇਸ ਸਬੰਧੀ ਸਕੂਲ ਦੀ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਨਾਲ ਨੀਂਹ ਪੱਥਰ ਪੁੱਟੇ ਜਾਣ ਦੀ ਗੱਲਬਾਤ ਕੀਤੀ ਗਈ ਤਾਂ ਉਹ ਇਸ ਗੱਲ ਤੋਂ ਸਾਫ ਮੁੱਕਰ ਗਏ ਕਿ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ।

ਜਦੋਂ ਇਸ ਸਬੰਧੀ ਸਾਬਕਾ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਭਗਵੰਤ ਮਾਨ ਸਰਕਾਰ ਦੇ ਮੰਤਰੀ ਅਮਨ ਅਰੋੜਾ 'ਤੇ ਵਰ੍ਹਦਿਆਂ ਕਿਹਾ ਕਿ ਉਹ ਅਕਾਲੀ ਸਰਕਾਰ ਸਮੇਂ ਹੋਏ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਉਤਰਵਾਉਣ ਤੇ ਆਪਣੇ ਨੀਂਹ ਪੱਥਰ ਲਗਵਾਉਣ ਦੀ ਘਟੀਆ ਸਿਆਸਤ ਕਰ ਰਹੇ ਹਨ। ਢੀਂਡਸਾ ਨੇ ਕਿਹਾ ਕਿ ਸਾਡੀ ਸਰਕਾਰ ਸਮੇਂ ਸਾਡੇ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਨੂੰ ਆਪ ਪਾਰਟੀ ਦੇ ਮੰਤਰੀ ਕਦੇ ਵੀ ਧੋ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਸਾਨੂੰ ਸਪਸ਼ਟੀਕਰਨ ਦੇਣ ਦੀ ਲੋੜ ਨਹੀਂ ਸਾਡੇ ਵੱਲੋਂ ਕੀਤੇ ਗਏ ਕੰਮ ਬੋਲਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ ਅਤੇ ਆਪ ਦੇ ਮੰਤਰੀ ਬਦਲੇ ਦੀ ਭਾਵਨਾ ਰੱਖ ਕੇ ਰਾਜਨੀਤੀ ਕਰਦੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕ ਇਹੋ ਜਿਹੇ ਲੀਡਰਾਂ ਨੂੰ ਮੂੰਹ ਨਹੀਂ ਲਗਾਉਣਗੇ।

# ਈ ਟੀ ਟੀ ਟੀਚਰਜ਼ ਯੂਨੀਅਨ ਵੱਲੋਂ ਵਿਧਾਇਕ ਗੋਲਡੀ ਨਾਲ ਮੀਟਿੰਗ

- ਅਧਿਆਪਕ ਮੰਗਾਂ ਦੇ ਹੱਲ ਲਈ ਦਿੱਤਾ ਮੰਗ ਪੱਤਰ



**ਜਲਾਲਾਬਾਦ (ਜੀਤ ਕੁਮਾਰ)**-ਈ.ਟੀ.ਟੀ. ਟੀਚਰਜ਼ ਯੂਨੀਅਨ ਦੀ ਜ਼ਰੂਰੀ ਮੀਟਿੰਗ ਨਗਰ ਕੌਂਸਲ ਦਫਤਰ ਜਲਾਲਾਬਾਦ ਵਿੱਚ ਸੂਬਾ ਪ੍ਰਧਾਨ ਜਗਸੀਰ ਸਿੰਘ ਸਹੋਤਾ, ਰਣਜੀਤ ਸਿੰਘ ਬਰਾੜ ਭਲਾਈਆਣਾ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਅਮਰਜੀਤ ਸਿੰਘ ਬਿੱਟੂ ਸੀਨੀਅਰ ਮੀਤ ਪ੍ਰਧਾਨ ਮਾਲਵਾ ਜ਼ੋਨ ਪੰਜਾਬ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਵਿਧਾਇਕ ਜਗਦੀਪ ਕੰਬੋਜ ਗੋਲਡੀ ਵਿਸ਼ੇਸ਼ ਤੌਰ 'ਤੇ ਮੰਗ-ਪੱਤਰ ਲੈਣ ਲਈ ਪਹੁੰਚੇ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਯੂਨੀਅਨ ਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਕੁਝ ਸਮੱਸਿਆਵਾਂ ਮੌਕੇ 'ਤੇ ਹੀ ਹੱਲ ਕੀਤਾ ਗਿਆ। ਇਸ ਮੀਟਿੰਗ 'ਚ ਸਮੁੱਚੀ ਸਟੇਟ ਪੱਧਰੀ ਲੀਡਰਸ਼ਿਪ, ਜ਼ਿਲ੍ਹਾ ਫਾਜ਼ਿਲਕਾ ਤੇ ਬਲਾਕ ਜਲਾਲਾਬਾਦ ਦੇ ਅਧਿਆਪਕ ਸਾਥੀ ਹਾਜ਼ਰ ਹੋਏ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਜਗਸੀਰ ਸਿੰਘ ਸਹੋਤਾ, ਰਣਜੀਤ ਸਿੰਘ ਭਲਾਈਆਣਾ, ਗੁਰਮੀਤ ਸਿੰਘ ਢਾਬਾਂ ਨੇ ਯੂਨੀਅਨ ਦੀਆਂ ਮੰਗਾਂ ਸਬੰਧੀ ਵਿਸਥਾਰ ਨਾਲ ਵਿਧਾਇਕ ਗੋਲਡੀ ਦੇ ਧਿਆਨ ਵਿੱਚ ਲਿਆਂਦਾ ਗਿਆ। ਇਸ ਤੋਂ ਇਲਾਵਾ ਅਮਰਜੀਤ ਸਿੰਘ ਬਿੱਟੂ, ਸ਼ਗਨ ਸਿੰਘ, ਸੰਦੀਪ ਕੁਮਾਰ ਕਾਲੜਾ, ਸ਼ਿੰਦਰ ਸਿੰਘ, ਸੁਨੀਲ ਕੁਮਾਰ ਗਾਬਾ ਸੋਨੂੰ ਕਪੂਰ, ਅੰਗਰੇਜ਼ ਸਿੰਘ ਮਹਾਲਮ, ਜਗਮੀਤ ਸਿੰਘ ਢਾਬਾਂ, ਜੋਗਿੰਦਰ ਸਿੰਘ ਲਮੋਚੜ, ਅਮਨ ਕੁਮਾਰ ਛਾਬੜਾ, ਗੁਰਪ੍ਰੀਤ ਸਿੰਘ ਸੰਧੂ, ਜਗਜੀਤ ਸਿੰਘ, ਕਰਨ ਨਾਗਪਾਲ ਆਦਿ ਨੇ ਸੰਬੋਧਨ ਕੀਤਾ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਸਿੱਖਿਆ ਸਕੱਤਰ, ਡੀ.ਪੀ.ਆਈ. ਤੇ ਸਿੱਖਿਆ ਮੰਤਰੀ ਨਾਲ ਅਗਲੇ ਹਫਤੇ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਨਾਲ ਕੀਤਾ ਵਾਅਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜ਼ਰੂਰ ਪੂਰਾ ਕੀਤਾ ਜਾਵੇਗਾ। ਪੈਂਡਿੰਗ ਡੀ. ਏ. ਦੀਆਂ ਕਿਸ਼ਤਾਂ ਜਾਰੀ ਕਰਨ ਸਬੰਧੀ, ਪੇ ਕਮਿਸ਼ਨ ਦੀ ਦੂਜੀ ਰਿਪੋਰਟ ਤਹਿਤ ਏਸੀਪੀ, ਬਾਰਡਰ ਏਰੀਆ ਤੇ ਪੇਂਡੂ ਭੱਤਾ ਬਹਾਲ ਕਰਵਾਉਣ, ਐਸੋਸੀਏਟ ਅਧਿਆਪਕਾਂ ਨੂੰ ਸੀ.ਐੱਸ.ਆਰ. ਰੂਲ ਲਾਗੂ ਕਰਨ, ਮੈਡੀਕਲ ਰਿਬਰਸਮੈਂਟ ਦੀਆਂ ਫਾਇਲਾਂ ਕਲੀਅਰ ਕਰਵਾਉਣ ਤੇ ਫੰਡ ਜਾਰੀ ਕਰਨ ਸਬੰਧੀ ਗੱਲਬਾਤ ਕੀਤੀ ਗਈ। ਤਹਿਸੀਲ ਪੱਧਰ 'ਤੇ ਕੇਵਲ ਪ੍ਰਾਇਮਰੀ ਕੇਡਰ ਤੋਂ ਹੀ ਇਲੈਕਸ਼ਨ ਡਿਊਟੀਆਂ, ਫਲੱਡ ਕੰਟਰੋਲ, ਮਰਦਮਸ਼ੁਮਾਰੀ ਅਤੇ ਹੋਰ ਡਿਊਟੀਆਂ ਲਗਾਏ ਜਾਣ ਸਬੰਧੀ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਮੌਕੇ 'ਤੇ ਹੀ ਐੱਸ.ਡੀ.ਐੱਮ. ਤੇ ਤਹਿਸੀਲ ਜਲਾਲਾਬਾਦ ਨਾਲ ਫੋਨ 'ਤੇ ਗੱਲ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਸਮੂਹ ਵਿਭਾਗਾਂ ਵਿੱਚੋਂ ਬਰਾਬਰ ਵੰਡ ਕਰਕੇ ਹੀ ਡਿਊਟੀਆਂ ਲਗਾਈਆਂ ਜਾਣਗੀਆਂ, ਜਿਸ 'ਤੇ ਐੱਸ.ਡੀ.ਐੱਮ. ਨੇ ਕਿਹਾ ਕਿ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਕੁਝ ਅਧਿਆਪਕਾਂ ਦੇ ਨਿੱਜੀ ਤੇ ਸਕੂਲਾਂ ਨਾਲ ਸਬੰਧਤ ਮਸਲੇ ਸਨ, ਜੋ ਵਿਧਾਇਕ ਵੱਲੋਂ ਮੌਕੇ 'ਤੇ ਹੱਲ ਕੀਤੇ ਗਏ। ਮਦਰ ਹੈਲਪ ਸੈਲਫ਼ ਗਰੁੱਪ ਤੇ ਪਹਿਲ ਸੰਸਥਾ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾ ਰਹੀਆਂ ਵਰਦੀਆਂ ਸਬੰਧੀ ਏ.ਡੀ.ਸੀ. ਫਾਜ਼ਿਲਕਾ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਮੀਟਿੰਗ ਲਈ ਸੱਦਾ ਦਿੱਤਾ ਗਿਆ, ਜਿਸ ਵਿੱਚ ਐੱਮ.ਐੱਲ.ਏ. ਮੀਟਿੰਗ ਵਿੱਚ ਹਾਜ਼ਰ ਰਹਿਣਗੇ।

# ਸਤਪਾਲ ਭੀਖੀ ਦੀ ਅਨੁਵਾਦਕ ਪੁਸਤਕ ਕੁਰੂਕਸ਼ੇਤਰਾ ਯੂਨੀਵਰਸਿਟੀ ਦੇ ਸਿਲੇਬਸ 'ਚ ਸ਼ਾਮਲ



**ਭੀਖੀ (ਗੁਰਿੰਦਰ ਸਿੰਘ ਔਲਖ)** ਪੰਜਾਬੀ ਸ਼ਾਇਰ ਤੇ ਤ੍ਰੈ-ਮਾਸਕ ਮੈਗਜ਼ੀਨ 'ਤਾਸਮਨ' ਦੇ ਸੰਪਾਦਕ ਸਤਪਾਲ ਭੀਖੀ ਦੁਆਰਾ ਅਨੁਵਾਦ ਤੇ ਸੰਪਾਦਤ ਕੀਤੀ ਪੁਸਤਕ 'ਚੋਣਵੀਆਂ ਵਿਸ਼ਵ ਕਹਾਣੀਆਂ' ਨੂੰ ਕੁਰੂਕਸ਼ੇਤਰਾ ਯੂਨੀਵਰਸਿਟੀ ਦੇ ਐੱਮ ਏ ਦੂਜਾ ਸਮੈਸਟਰ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਤੋ ਪਹਿਲਾਂ ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐੱਮ ਏ ਪੰਜਾਬੀ ਦੇ ਤੀਜੇ ਸਮੈਸਟਰ ਵਿੱਚ ਸ਼ਾਮਲ ਹੋਈ। ਨਵਯੁਗ ਸਾਹਿਤ ਕਲਾ ਮੰਚ ਭੀਖੀ ਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਭੀਖੀ ਦੇ ਸਮੂਹ ਮੈਂਬਰਾਂ ਨੇ ਇੱਕ ਮੀਟਿੰਗ ਦੌਰਾਨ ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸ ਤੋਂ ਪਹਿਲਾਂ ਵੀ ਸਤਪਾਲ ਭੀਖੀ ਦੀ ਆਪਣੇ ਸਹਿ-ਕਰਮੀ ਲੇਖਕ ਮਿੱਤਰਾਂ ਨਾਲ ਮਿਲ ਕੇ 24 ਭਾਰਤੀ ਭਾਸ਼ਾਵਾਂ ਦੀ ਅਨੁਵਾਦ ਕੀਤੀ ਕਾਵਿ ਕਿਤਾਬ 'ਕਾਵਿ ਦਿਸ਼ਾਵਾਂ' ਦਿੱਲੀ ਯੂਨੀਵਰਸਿਟੀ ਦੇ ਬੀ ਏ ਦੇ ਸਿਲੇਬਸ ਵਿੱਚ ਸ਼ਾਮਲ ਹੋਈ ਸੀ।

ਇਸ ਪੁਸਤਕ ਵਿੱਚ 'ਚੋਣਵੀਆਂ ਵਿਸ਼ਵ ਕਹਾਣੀਆਂ' ਵਿੱਚ ਦੁਨੀਆ ਦੀਆਂ ਚਰਚਿਤ 18 ਕਹਾਣੀਆਂ ਸ਼ਾਮਲ ਹਨ। 216 ਪੰਨਿਆਂ ਦੀ ਇਸ ਕਿਤਾਬ ਨੂੰ ਸੰਗਮ ਪਬਲੀਕੇਸ਼ਨ ਸਮਾਣਾ ਨੇ ਛਾਪਿਆ ਸੀ। ਇਸ ਸੰਗ੍ਰਹਿ ਵਿੱਚ ਵਿਸ਼ਵ ਪ੍ਰਸਿੱਧ ਕਹਾਣੀਕਾਰਾਂ ਬਾਲਜਾਕ, ਕ੍ਰਿਸਚਨ ਐਂਡਰਸਨ, ਦੋਸਤੋਵਸਕੀ, ਆਸਕਰ ਵਾਇਲਡ, ਰਵਿੰਦਰ ਨਾਥ ਟੈਗੋਰ, ਚੈਖਵ, ਪਿਰਾਨਦੇਲੋ ਮੈਕਸਿਮ ਗੋਰਕੀ, ਜੈਕਬ ਵਾਸਰਮੈਨ, ਸਮਰਸੈਟ ਮਾਮ ਮੁਨਸ਼ੀ ਪ੍ਰੇਮ ਚੰਦ, ਜੇਮਸ ਜੁਆਇਸ, ਖਲੀਲ ਜਿਬਰਾਨ, ਕੈਥਰੀਨ ਮੇਨਸਫੀਲਡ, ਅਰਨਸਟ ਹੈਮਿੰਗਵੇ, ਜੂਲੀਅਸ ਫੂਚਿਕ ਤੇ ਅਕਰਮ ਹਾਨੀਏ ਦੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫ਼ੌਜੀ, ਸਕੱਤਰ ਅਮਰੀਕ ਭੀਖੀ, ਮਨਜੀਤ ਸਿੰਘ ਮੰਨਣ, ਬੂਟਾ ਸਿੰਘ, ਇੰਜ. ਲੱਖਾ ਸਿੰਘ, ਬਲਦੇਵ ਸਿੰਘ ਸਿੱਧੂ, ਗੁਰਿੰਦਰ ਔਲਖ, ਕਾ. ਗੁਰਨਾਮ ਭੀਖੀ, ਦਰਸ਼ਨ ਟੇਲਰ, ਡੀ ਪੀ ਜਿੰਦਲ, ਰਾਜਿੰਦਰ ਜਾਫ਼ਰੀ, ਹਰਵਿੰਦਰ ਭੀਖੀ, ਵਿਨੋਦ ਕੁਮਾਰ, ਮਾਸਟਰ ਪ੍ਰੇਮ ਨਾਥ, ਮਾ. ਮੱਖਣ ਸਿੰਘ, ਜਸਪਾਲ ਅਤਲਾ, ਭਰਭੂਰ ਮੰਨਣ, ਹਰਮੇਸ਼ ਭੋਲਾ ਮੱਤੀ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

# ਪੁਲਸ ਵੱਲੋਂ 4 ਕਿਲੋ ਚੂਰਾ ਪੋਸਤ ਸਮੇਤ ਨੌਜਵਾਨ ਗ੍ਰਿਫ਼ਤਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਨੇ ਨਾਕੇਬੰਦੀ ਦੌਰਾਨ ਇੱਕ ਨੌਜਵਾਨ ਨੂੰ ਚਾਰ ਕਿਲੋ ਚੂਰਾ ਪੋਸਤ ਸਮੇਤ ਗ੍ਰਿਫ਼ਤਾਰ ਕਰਨ ਦਾ ਪਤਾ ਲੱਗਾ ਹੈ। ਪੁਲਸ ਸਬ ਡਵੀਜ਼ਨ ਦੇ ਡੀ.ਐਸ.ਪੀ. ਸੁਬੇਗ ਸਿੰਘ ਅਤੇ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਕੁਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਗੁਰਸਿਮਰਨਜੀਤ ਸਿੰਘ ਦੀ ਦੇਖ-ਰੇਖ ਹੇਠ ਪੁਲਸ ਪਾਰਟੀ ਰੌਸ਼ਨ ਖੇੜਾ ਨੇੜੇ ਰਜਵਾਹੇ ਦੇ ਪੁਲ 'ਤੇ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਪਿੰਡ ਧਨੇਰ ਲਿੰਕ ਸੜਕ ਤੋਂ ਇੱਕ ਨੌਜਵਾਨ ਮਹਿਲ ਕਲਾਂ ਵੱਲ ਤੁਰਿਆ ਆਉਂਦਾ ਦੇਖਿਆ ਗਿਆ। ਇਕਦਮ ਉਹ ਪੁਲਸ ਨੂੰ ਵੇਖਦੇ ਹੀ ਘਬਰਾ ਕੇ ਭੱਜਣ ਦੀ ਕੋਸ਼ਿਸ਼ ਕਰਦਾ ਹੋਇਆ ਪੁਲਸ ਪਾਰਟੀ ਵੱਲੋਂ ਫੜਿਆ ਗਿਆ। ਉਸ ਦੀ ਤਲਾਸ਼ੀ ਲੈਣ 'ਤੇ ਚਾਰ ਕਿਲੋ ਚੂਰਾ ਪੋਸਤ ਬਰਾਮਦ ਕੀਤਾ, ਜਿਸ ਦੀ ਪਛਾਣ ਸੰਜੇ ਵਾਸੀ ਮਹਿਲ ਕਲਾਂ ਵਜੋਂ ਹੋਈ ਹੈ। ਉਸ ਵਿਰੁੱਧ ਥਾਣਾ ਮਹਿਲ ਕਲਾਂ ਵਿਖੇ ਐਨ.ਡੀ.ਪੀ.ਐਸ. ਐਕਟ ਦੀਆਂ ਲਾਗੂ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਵਧੀਆ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ




ਪੱਟੀ (ਬਲਦੇਵ ਸਿੰਘ ਸੰਧੂ)-ਸੰਤ ਸਿਪਾਹੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਘਰਿਆਲਾ ਦਾ ਨਤੀਜਾ ਇਸ ਸਾਲ ਵੀ ਸ਼ਾਨਦਾਰ ਰਿਹਾ। ਇਸ ਸਾਲ ਵੀ ਬੱਚਿਆਂ ਨੂੰ ਮਾਸਟਰ ਸਰਦਾਰ ਨਿਹਾਲ ਸਿੰਘ ਸਰਟੀਫਿਕੇਟ ਅਤੇ ਕੈਸ਼ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਜਿਸ ਵਿੱਚ ਪਹਿਲੇ ਸਥਾਨ ਵਾਲੇ ਨੂੰ 3100, ਦੂਜੇ ਵਾਲੇ ਨੂੰ 2100 ਅਤੇ ਤੀਸਰੇ ਸਥਾਨ ਵਾਲੇ ਨੂੰ 2100 ਨਕਦ ਕੈਸ਼ ਦੇ ਕੇ ਸਨਮਾਨਤ ਕੀਤਾ ਗਿਆ। ਸੈਸ਼ਨ 2024-25 ਦੌਰਾਨ ਕੁੱਲ 65 ਵਿਦਿਆਰਥੀ ਪ੍ਰੀਖਿਆ ਵਿੱਚ ਅਪੀਅਰ ਹੋਏ ਅਤੇ ਸਾਰੇ ਵਿਦਿਆਰਥੀ 60% ਤੋਂ ਵੱਧ ਅੰਕ ਲੈ ਕੇ ਸਫਲ ਹੋਏ। ਕਾਮਰਸ ਸਟਰੀਮ ਵਿੱਚ ਸੁਖਬੀਰ ਕੌਰ 95%, ਗਮਨਦੀਪ ਕੌਰ 93% ਅਤੇ ਜਸ਼ਨਦੀਪ ਕੌਰ 92% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਸਿਮਰਨਪ੍ਰੀਤ ਕੌਰ, ਮਹਿਕਦੀਪ ਕੌਰ, ਨਵਦੀਪ ਕੌਰ, ਕਿਰਨਦੀਪ ਕੌਰ, ਹਰਪ੍ਰੀਤ ਕੌਰ, ਕੋਮਲਪ੍ਰੀਤ ਕੌਰ,ਪਵਨਦੀਪ ਕੌਰ, ਮਨਪ੍ਰੀਤ ਕੌਰ ਹਰਪ੍ਰੀਤ ਕੌਰ, ਕੋਮਲਦੀਪ ਕੌਰ, ਪਵਨਦੀਪ ਕੌਰ, ਕਵਲਜੀਤ ਕੌਰ, ਜਸਵਿੰਦਰ ਕੌਰ ਅਤੇ ਪ੍ਰਭਜੋਤ ਕੌਰ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਮੌਕੇ ਐਮ ਡੀ ਸੁਖਦੀਪ ਸਿੰਘ ਭੁੱਲਰ ਨੇ ਸਟਾਫ਼, ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਇਹ ਨਤੀਜਾ ਵਿਦਿਆਰਥੀਆਂ ਅਤੇ ਸਟਾਫ਼ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ।

## COURT NOTICE

(U/o 5 Rule 20 CPC)
In The Court of
**Sh. Rajinder Singh Nagpal**
Civil Judge (Senior Division), Mansa
CNR No. PBMN02-000594-2024
Next Date:- 14-07-2025
Sunil Jindal Vs. Rajiv Goyal
Suit for Grant of decree of recovery of Rs. Alongwith interest as Prayed for
Publication Issued To:
1. Rajiv Goyal Prop, Of R.G. Infra, Office # 4239, Phase-11, Urban State, Patiala (Northern) M. No. 99140-41034
2. R.G. Infra, Office # 4239, Phase -11, Urban State, Patiala (Northern) its prop. Rajiv Goyal Now at R.G. Infra S. Co. 16 Sector 82 JLPL Mohali Mobile No. 99140-41034

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 14-07-2025 at 10:00 a.m.

For details logon to https://highcourtchd.gov.in/?mod=district_notice&district=mansa

Civil Judge (Senior Division), Mansa
Dated, this day of 14-05-2025

## ਅਦਾਲਤੀ ਇਸ਼ਤਿਹਾਰ

ਨੋਟਿਸ ਬਨਾਮ ਆਮ ਜਨਤਾ

ਵਿਸ਼ਾ: ਫਰਦ ਜਮ੍ਹਾਂਬੰਦੀ ਵਾਕਿਆ ਪਿੰਡ ਭਰੇਡਾ/587 ਅਤੇ ਕਟੋਲੀ/619 ਦੇ ਖਾਨਾ ਮਾਲਕੀ ਵਿੱਚ ਨਾਮ ਦੀ ਦਰੁਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਅਸ਼ੋਕ ਕੁਮਾਰ ਪੁੱਤਰ ਸ੍ਰੀ ਬਸੰਤ ਰਾਮ ਵਾਸੀ ਪਿੰਡ ਦਲਗਿਰੀਆਂ, ਤਹਿਸੀਲ ਇੰਦੌਰਾ, ਜ਼ਿਲ੍ਹਾ ਕਾਂਗੜਾ (ਐੱਚ.ਪੀ.) ਨੇ ਦਰਖਾਸਤ ਪੇਸ਼ ਕੀਤੀ ਕਿ ਵਿਰਾਸਤ ਮਾਲ ਵਾਕਿਆ ਰਕਬਾ ਪਿੰਡ ਭਰੇਡਾ/587 ਅਤੇ ਕਟੋਲੀ/619 ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ [illegible]

ਅੱਜ ਮਿਤੀ 22.05.2025 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਰੈਵਨਿਊ ਅਫਸਰ ਤਲਵਾੜਾ

## COURT NOTICE

(U/o 5 Rule 20 CPC)
In The Court of
**Sh. Jaspreet Singh**
Civil Judge (Junior Division), Jalandhar
CNR No. PBJL02-003912-2024
Next Date:- 07-07-2025
Nirmal Kaur Vs. M/S J.D.J Foods and Others
Suit for grant of decree of declaration as prayed for, Suit for grant of decree of Permanent Injunction as prayed for
Publication Issued To:
1. M/S J.D.J. Foods Address Dashmesh Nagar, Vill. Ladhewali, Adjoining to Punjab and Sind Bank, Jalandhar through its Partner, 4. Deepak Khosla S/o Sunil Khosla Partner M/S J.D.J. Foods R/o H.No. 28, Ward No.42, Raja Garden Extn. Basti Peer Dad, District Jalandhar.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 07-07-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division), Jalandhar
Dated, this day of 19-05-2025

## COURT NOTICE

(U/o 5 Rule 20 CPC)
In The Court of
**Garima Gupta**
Civil Judge (Junior Division), Amritsar
CS/3376/2023 DECL P INJ
CNR No. PBAS02-005246-2023
Next Date:- 25-07-2025
Kuldeep Singh S/O Tarlok Singh R/O Patti Baaj Ki, Bundala, Tehsil And Distt. Amritsar.
Vs.
Satnam Singh & Ors.
Publication Issued To:
Paramjit Kaur
Spouse : Kuldeep Singh
Patti Baj Ki, Bundala Tehsil And Distt. Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 25-07-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 22-05-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀਮਤੀ ਸਲੋਚਨਾ ਦੇਵੀ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜੰਡਿਆਲਾ (ਜਲੰਧਰ)

[illegible]

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ

## ਅਦਾਲਤੀ ਇਸ਼ਤਿਹਾਰ

ਬਾ- ਅਦਾਲਤ ਸ੍ਰੀਮਤੀ ਡਿਪਟੀ ਡਾਇਰੈਕਟਰ ਤੇ ਰਿਵਾਰਡ-ਕਮ-ਬੰਦੋਬਸਤ ਅਫਸਰ, ਚੱਕਬੰਦੀ ਪੰਜਾਬ, ਕਪੂਰਥਲਾ ਰੋਡ, ਜਲੰਧਰ

ਈਸਟ ਪੰਜਾਬ ਹੋਲਡਿੰਗਜ਼, 1948 ਐਕਟ (ਕੰਸੋਲੀਡੇਸ਼ਨ ਐਂਡ ਪ੍ਰੀਵੈਨਸ਼ਨ ਆਫ ਫਰੈਗਮੈਂਟੇਸ਼ਨ) ਦੀ ਧਾਰਾ (3) 21 ਦੀਆਂ ਧਾਰਾਵਾਂ ਤਹਿਤ ਮੁਕੱਦਮਾ ਨੰਬਰ 08/2023 ਤਾਰੀਖ ਫੈਸਲਾ 19.07.2023

[illegible]

ਇਸ ਕੇਸ ਦੀ ਤਾਰੀਖ ਪੇਸ਼ੀ ਮਿਤੀ 28/05/2025 ਨਿਸ਼ਚਤ ਹੋਈ ਹੈ।

[illegible]

ਅੱਜ ਮਿਤੀ 23.04.2025 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਸ਼ਤਿਹਾਰ ਜਾਰੀ ਹੋਇਆ।

ਸਹੀ/-ਡਿਪਟੀ ਡਾਇਰੈਕਟਰ ਤੇ ਰਿਵਾਰਡ-ਕਮ-ਬੰਦੋਬਸਤ ਅਫਸਰ ਚੱਕਬੰਦੀ, ਪੰਜਾਬ, ਜਲੰਧਰ

ਨੰਬਰ ਪੇਸ਼ੀ ਬਾਰ/121 ਮਿਤੀ : 24/04/25

## COURT NOTICE

(U/o 5 Rule 20 CPC)
In The Court of
**Sh. Divanshu Aggarwal**
Civil Judge Junior Division - 13, Patiala
CNR No. PBPT02-001464-2023
Next Date:- 01-07-2025
State Bank Of India
Vs.
Shallu Sharma
Publication Issued To:
Shallu Sharma
Spouse: Dr. S.K. Sharma
Resident Patiala of House No. 572, Street No. 5, Guru Nanak Nagar, Patiala, Punjab-147001

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-07-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 13 Patiala
Dated, this day of 21-05-2025


## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

**ਵਿਸ਼ਾ : ਵਿਆਹ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : ਕਮਲਾ ਰਾਣੀ ਪਿਤਾ/ਪਤੀ ਦਾ ਨਾਮ : ਜ਼ਿੰਦਾ ਰਾਮ
ਪਤਾ: Village Bir Pind Tehsil Nakodar Jalandhar, Village - Bir Pind / Tehsil - Nakodar/District -Jalandhar, Punjab

[illegible]

ਨਾਮ : ਅਮਨਦੀਪ ਧਾਰਕ ਪੱਕਾ ਪਤਾ: Village Bir Pind Tehsil Nakodar Jalandhar, Bir Pind, Nakodar, Jalandhar, Punjab ਵਿਦੇਸ਼ੀ ਪਤਾ : Perama Milopotamos Rethmeno Crete Greece 74052



[illegible] ਜੇਕਰ ਕਿਸੇ ਨੂੰ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 16.05.2025 ਨੂੰ ਜਾਰੀ ਹੋਇਆ।

ਨੰਬਰ 41/ਨੰਬਰ/ਰੀਡਰ | ਮਿਤੀ 16-05-2025 | ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## COURT NOTICE

(U/o 5 Rule 20 CPC)
(Under Guardian And Ward Act)
In The Court of
**Parminder Kaur Bains**
Civil Judge (Senior Division), Amritsar
CNR No. PBAS02-001860-2025
Next Date:- 29-05-2025
Manpreet Kaur Wd/o Manmeet Singh, Aged About 38 Yrs, R/O 41-Guru Hargobind Avenue, Sher Shah Suri Road, Chheharte, Amritsar
Vs.
General Public
Notice To:
General Public
To Whom May It Concern

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 29-05-2025 at 10:00 a.m.

For details logon to https://highcourtchd.gov.in/?trs-district_notice&district=Amritsar

Civil Judge (Senior Division) Amritsar
Dated, this day of 21-05-2025

## Capital Small Finance Bank

H.O: MIDAS Corporate Park, 3rd Floor, 37 G.T. Road, Jalandhar City

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਿਟਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 30.12.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਗਿਆਨ ਸਿੰਘ ਉਰਫ ਗਿਆਨ ਚੰਦ ਪੁੱਤਰ ਸ੍ਰੀ ਵੀਰ ਸਿੰਘ, ਵਾਸੀ 509 ਰਾਹੀਂ ਉਸ ਦੇ ਕਾਨੂੰਨੀ ਵਾਰਸਾਂ (ਏ) ਸ੍ਰੀ ਗੁਰਮੀਤ ਪੁੱਤਰ ਸ੍ਰੀ ਗਿਆਨ ਸਿੰਘ ਉਰਫ ਗਿਆਨ ਚੰਦ, ਵਾਸੀ 509, ਮੁਹੱਲਾ ਸ਼ਕਤੀ ਨਗਰ, ਅੰਗੂਰਾਂ ਵਾਲਾ ਬਾਗ, ਪਠਾਨਕੋਟ ਪੰਜਾਬ-145001 (ਬੀ) ਸੰਦੀਪ ਸਿੰਘ ਪੁੱਤਰ ਗਿਆਨ ਸਿੰਘ ਉਰਫ ਗਿਆਨ ਚੰਦ ਵਾਸੀ 509, ਮੁਹੱਲਾ ਸ਼ਕਤੀ ਨਗਰ, ਅੰਗੂਰਾਂ ਵਾਲਾ ਬਾਗ ਪਠਾਨਕੋਟ, ਪੰਜਾਬ-145001 (ਸੀ) ਮਾਇਆ ਪਤਨੀ ਗਿਆਨ ਸਿੰਘ ਉਰਫ ਗਿਆਨ ਚੰਦ ਵਾਸੀ 509 ਮੁਹੱਲਾ ਸ਼ਕਤੀ ਨਗਰ, ਅੰਗੂਰਾਂ ਵਾਲਾ ਬਾਗ, ਪਠਾਨਕੋਟ ਪੰਜਾਬ-145001 (2) ਸ੍ਰੀ ਗੁਰਮੀਤ ਪੁੱਤਰ ਸ੍ਰੀ ਗਿਆਨ ਸਿੰਘ ਉਰਫ ਗਿਆਨ ਚੰਦ ਵਾਸੀ 509, ਮੁਹੱਲਾ ਸ਼ਕਤੀ ਨਗਰ, ਅੰਗੂਰਾਂ ਵਾਲਾ ਬਾਗ, ਪਠਾਨਕੋਟ ਪੰਜਾਬ-145001 (ਬਾਅਦ ਵਿੱਚ ਕਰਜ਼ਦਾਰਾਂ ਵੱਲੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (3) ਸ੍ਰੀ ਕ੍ਰਿਤੇ ਮਹਾਜਨ ਪੁੱਤਰ ਸ੍ਰੀ ਰਾਜ ਕੁਮਾਰ ਵਾਸੀ ਲੇਨ ਨੰ: 1, ਪਟੇਲ ਨਗਰ, ਪਠਾਨਕੋਟ ਪੰਜਾਬ-145001 (ਬਾਅਦ ਵਿੱਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਐੱਲ ਏ ਪੀ/098602000063 ਵਿੱਚ ਨੋਟਿਸ ਦੀ ਮਿਤੀ 'ਤੇ ਬਕਾਇਆ ਨਿਕਲਦੀ ਰਾਸ਼ੀ ਰੁਪਏ 4,61,890.22 ਨੋਟਿਸ ਮਿਲਣ ਦੀ ਮਿਤੀ 60 ਦਿਨਾਂ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਡ ਵੱਲੋਂ ਐੱਲ ਏ ਪੀ/098602000063 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 4,61,890.22 ਮਿਤੀ 01.12.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ : ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ: 2170 ਮਿਤੀ 24.07.2000 ਅਨੁਸਾਰ ਸ੍ਰੀ ਗਿਆਨ ਸਿੰਘ ਉਰਫ ਗਿਆਨ ਚੰਦ ਪੁੱਤਰ ਸ੍ਰੀ ਵੀਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 2.50 ਮਰਲੇ, ਸੇਲੀ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਨਾਲ ਸੰਬੰਧਤ ਸਭ ਕੁੱਝ।

ਸਥਾਨ : ਪਠਾਨਕੋਟ | ਮਿਤੀ : 21.05.2025 | ਸਹੀ/- ਅਧਿਕਾਰਤ ਅਫਸਰ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀ.ਮੰਡਲ ਵਿਯੁਤ ਇੰਜੀਨੀਅਰ/ਸਾਮਨਯ, ਉੱਤਰ ਰੇਲਵੇ ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਆਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251- ਵਿਯੁਤ T-04-2025-26 | ਡੀਆਰਐਮ ਦਫਤਰ ਕਮਰਾ ਫ਼ਿਰੋਜ਼ਪੁਰ ਦੇ ਨਿਯੰਤਰਣ ਦਫਤਰ ਦੇ ਨਵੀਕਰਣ ਦੇ ਨਾਲ-ਨਾਲ ਨਿਯੰਤਰਣ ਦਫਤਰ ਤੋਂ ਸਬੰਧਿਤ ਵਿਵਿਧ ਕੰਮ ਅਤੇ ਮੰਡਲ ਦਫਤਰ ਫ਼ਿਰੋਜ਼ਪੁਰ ਵਿਚ ਡਰਾਇੰਗ ਬਰਾਂਚ ਅਤੇ ਟ੍ਰੈਕ ਪਲਾਨਿੰਗ ਸੇਲ ਦਾ ਨਵੀਕਰਣ ਅਤੇ ਫ਼ਿਰੋਜ਼ਪੁਰ ਵਿਚ 02 ਨਵੇ ਟਾਇਪ IV ਵਿਸ਼ੇਸ਼ ਕਵਾਟਰਾਂ ਦਾ ਨਿਰਮਾਣ ਦੇ ਸਬੰਧ ਵਿਚ ਵਿਯੁਤ ਕੰਮ। | Rs. 47,73,798.35p | Rs, 95,500.00p | 06 ਮਹੀਨੇ | 12.06.2025 15:00 ਵਜੇ ਦੇ ਬਾਦ | www.ireps.gov.in |

ਨੰ: 251-ਵਿਯੁਤ-ਟੈਂਡਰ ਨੋਟਿਸ ਨੰ: 04-ਵਿਯੁਤ/2025-26 ਮਿਤੀ : 22.05.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1502/25

# ਕਲਾਸੀਫਾਈਡ ਇਸ਼ਤਿਹਾਰ

## Change of Name

I, Kanta Rani W/O Ashwani Kumar R/o H.No 74, Edgah Mohalla, Garha, Jalandhar -144022 (Punjab) have Changed my Name Kanta Rani to Suman. All concerned please note.

I, Sagar S/o Jaswinder Singh R/o Village Drawan, PO. Salala, District Jalandhar, Punjab that I have changed my name from Sagar to Sagar Katnoria.

I, Shubam S/o Daljit Singh R/o V.P.O. Dhol Baha Tehsil and Distt. Hoshiarpur Punjab have changed my name from Shubam to Shubam Thakur. Concerned note.

I Pooja Kumari D/o Tarshem Lal R/o B/s Abhi palace new mahajan colony, Baltana, Have Changed my name from Pooja to Pooja Kumari. Concerned Note.

I, Gurpreet Singh S/o Pargat Singh R/o VPO Chabhal Kham, Tarn Taran, Punjab have changed my name from Gurpreet Singh to Singh is my surname and Gurpreet is my given name.

I, Sheetal D/o Sardari Lal W/o Amit Mahajan R/o 1354, Gali Dabgran, I/s Mahan Singh Gate, Amritsar, Punjab have changed my name after marriage from Sheetal to Monica Mahajan.

I, Kamaljeet Kaur W/o Kartar Singh R/o 1281-B, Gali No. 4, New Partap Nagar, Amritsar, Punjab have changed my name from Kamaljeet Kaur to Kamaljit Kaur.

I, Iqbal Singh S/o Kartar Singh R/o H.No. 124, Basant Avenue, Amritsar, Punjab have changed my name from Iqbal Singh to Iqbal Singh Sandhu.

I, Jagdeep Singh Sandhu S/o Ranbir Singh Sandhu R/o VPO Bhana, Tehsil Dasuya, Distt. Hoshiarpur declare that I have changed the name of my minor daughter from Savreen Kaur to Savreen Kaur Sandhu be treated in all documents.

I, Harish Thakur S/o Kundan Lal Thakur R/o H.No. W.F. 137, Ali Mohalla, Jalandhar, Punjab-144001 have changed my name from Harish Thakur to Harish Kumar. All concerned please note.

I, Rajni Arora W/o Sanjay Arora R/o H.No. 684, J.P. Nagar, Jalandhar have changed my name from Rajni Bala to Rajni Arora. All concerned please note.

I, Praminder Kaur W/o Lalit Mohan R/o Sant Vihar Colony, Lidhran, Jalandhar , Punjab, have changed my name from Praminder Kaur to Parminder Kaur. All concerned please note.

I, Gurmandeep Singh S/o Swinder Singh, R/o VPO Makowal, Tehsil Ajnala, Distt. Amritsar, State Punjab,Declare that I have changed my name from Sajanpreet Singh to Gurmandeep Singh (All Concerned Note Please).

I, Kewal Singh S/o Sadha Singh R/o VPO Chogawan Sadhpur Tehsil and Distt. Amritsar have changed my name from Kewal Singh to Given name Kewal Surname Singh.

I, Balwinder Kaur W/o Kewal Singh R/o VPO Chogawan Sadhpur Tehsil and Distt. Amritsar have changed my name from Balwinder Kaur to Given name Balwinder Surname Kaur.

I, Varun Khanna S/o Kishore Kumar Khanna R/o 2 Khanna Street, Opp Medical College, Circular Road, Amritsar-143001 have changed my minor daughter's name from Syna to Syna Khanna.

I, Parmjit Singh S/o Swaran Singh R/o VPO Chatiwind Tehsil and District Amritsar have changed my name from Parmjit Singh to Paramjit Singh.

I, Paramjit Singh S/o Swaran Singh R/o VPO Chatiwind Tehsil and District Amritsar have declare that my father was known by two names Swaran Singh and Sawran Singh. One and same person.

I, Om Parkash S/o Babu Ram R/o H.No 255 Gali No 1 Gobind Nagar Sultanwind Road Amritsar have changed my name to Om Parkash Gupta. Please Note It.

I, Sudesh W/o Devinder nath R/o H.No.114/12, Court Road, Opposite Sub Jail Patti District Tarn Taran have changed my name from Sudesh to Sudesh Sharma.

I, Sandeep Kaur Dhillon D/o Charanjit Singh R/o H.No 531, Bhullar Medical Store, Hargobindpura, Wadali Road Chheharta Amritsar 143105 have changed my name from Sandeep Kaur Dhillon to Sandeep.

I, Mehnga Singh S/o Darshan singh R/o VPO Udhanwal District Gurdaspur have changed my name from Mehnga Singh to Mahinga Singh.

I, Manjit Kaur W/o Mahinga Singh R/o VPO Udhanwal District Gurdaspur have changed my name from Manjit Kaur to Manjeet Kaur.

I, Muskan Mehra W/o Sahib Singh D/o Sanjiv Mehra R/o 1702/1, Gali Jalfa Devi, Near Bus Stand Ram Bagh Amritsar have changed my name from Muskan Mehra to Muskan Kaur.

I, Darshan Singh S/o Naib Singh R/o H.No.243, Patti Kothe Maluka, Golewala, Distt-Faridkot have changed my name as Darshan Brar, All Please Note It.

I, Kulwinder Singh S/o Tarsem Singh resident of Village Terhi, P.O. Bhoewali Tehsil Ajnala District Amritsar have declared that Singh is my surname and Kulwinder is my given name.

Savshan S/o Jaspal Singh R/o Vill Kahlwan Distt Jalandhar Declare That I Have Changed my name from Savshan to Savshan Gill .

I, Hardeep w/o Rajan Mal r/o St. No. 5, New Model Colony Garhshankar Road, Po.Banga Distt.Shaheed Bhagat Singh Nagar-144505, Punjab have changed my name to Hardeep Kaur. All Please Note.

I, Gurdev Kaur w/o Gurdip Singh r/o VPO. Patara, Distt. Jalandhar declare that Gurdev Kaur and Kulwinder Kaur are one and the same person. All Please Note.

I, Rajwinder Singh s/o Harjinder Singh r/o Street No. 06/D, Near Pathankot Byepass Chowk Sarabha Nagar, Po. Reru, Jalandhar have changed my minor son name from Arnav to Arnav Rajwinder Singh. All Please Note.

## Change of Name

I, Kapil s/o Rakesh Kumar r/o W.M-112, Basti Guzan, Jalandhar-144002, Punjab have changed my name from Kapil to Kapil Grover. All Please Note.

I, Hardip Singh s/o Darshan Singh R/o Vill. Chogawan, Distt. Jalandhar have changed my name from Hardip Singh to Hardeep Singh. All Please Note.

I, Rekha d/o Resham Lal r/o Tehsil Phagwara, VPO. Khalwara, Po.Pandori, Distt. Kapurthala have changed my name from Rekha to Rekha Rani. All Please Note.

I, Hukma s/o Kartar Singh r/o Village Sikri, Po Rawalpindi Gulab Shah, Tehsil Phagwara, Distt. Kapurthala-144407, Punjab have changed my name as Hukam Singh. All Please Note.

I, Meenakshi W/o Munish Kumar R/o H.No.15/15, Bhagat Singh Street, Kapurthala have changed my name from Meenakshi to Meenakshi Verma. All Please Note.

I, Sukhjit Singh Sooch S/o Hardev Singh R/o VPO. Soos, Distt.Hoshiarpur, Punjab-144105, have changed the name of my minor daughter Marlin Sooch, aged 13 years and she shall hereafter be known as Marlin Kaur Sooch.

I, Sonia D/o Ashwani Kumar R/o H.No.278, Garha, Jalandhar Punjab-144022 have changed my name from Sonia to Sonia Kumari. (Kumari as Surname)

I, Veena Mehandru Wd/o Roshan Lal R/o H.No.182, Mithapur Road, New Raja Garden, Jalandhar have changed my name from Veena Mehandru to Veena Mahindru. All Please Note.

I, Sakshi Arora W/o Gaurav Kamal R/o H.No. 865, Urban Estate, Phase- 1, Jalandhar, Punjab- 144022 have changed the name of my minor daughter Khanija aged 13 years and she shall hereafter be known as Khanija Arora.

I, Kuldeep S/o Mohinder Singh R/o Mansoorpur, Badala, Po. Salala, Distt. Jalandhar have changed my name from Kuldeep to Kuldeep Mahey. All Please Note.

I, Renu W/o Bhajan Lal R/o H.No. 3554/12, Mohalla Ghazipur, Po. Adampur Doaba, Distt. Jalandhar, Punjab have changed my name from Renu to Renu Bala (Surname as Bala) All Please Note.

I, Abhishek Vashisht S/o Vijay Kumar R/o Po. Fatehpur, Mukerian, Chak Mir Pur, Hoshiarpur, Punjab-144222 declare that Given name as Abhishek & Surname as Vashisht. All Please Note.

I Anu w/o Surjit Lal R/o vill Singha PO Kang Sabhu distt Jalandhar have changed my name Anu to Anu Sandhu.

I, Albax s/o Surjit Lal R/o Viill Singha PO. Kang Sahbu Distt. Jalandhar have changed my name Albax to Albax Sandhu.

I, Harvinder Singh S/o Amrik Singh R/o Vill. Babri Jiwanwal, Distt. Gurdaspur-143520, Punjab have changed my name from Harvinder Singh to Harwinder Singh.

## PUBLIC NOTICE

I, Krish Devgotra S/o Narinder Kumar R/o A39 ward No. 5, Near U.B.D.C. Canal, Pandit Ram Sharan Das Enclave Dhariwal, Tehsil/Distt. Gurdaspur, Punjab. Delare that my given name as Krish and my Surname as Devgotra.

## ਆਮ ਸੂਚਨਾ

ਮੈਂ, ਪਿਆਰਾ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਪੰਡੋਰੀ ਜਗੀਰ, ਤਹਿਸੀਲ ਫਿਲੌਰ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰਾ ਨਾਂਅ ਪਿਆਰਾ ਸਿੰਘ ਉਰਫ ਮਾਸਾ ਹੈ। ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ।

ਮੈਂ, ਰਾਜਿੰਦਰ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਵਾਸੀ ਪਿੰਡ ਸਿਕੰਦਰਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਦਾ ਨਾਮ ਰਮਨਜੀਤ ਕੌਰ ਹੈ। ਇਹ ਕਿ ਬਲਵੀਰ ਕੌਰ ਮੈਨੂੰ ਆਪਣਾ ਪਤੀ ਦੱਸ ਰਹੀ ਹੈ। ਜਦੋਂ ਕਿ ਮੈਂ ਇਸ ਨੂੰ ਜਾਣਦਾ ਵੀ ਨਹੀਂ ਹਾਂ। ਬਲਵੀਰ ਕੌਰ ਵਲੋਂ ਕੀਤੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਤੇ ਕੋਈ ਅਮਲ ਨਾ ਕੀਤਾ ਜਾਵੇ। ਸੰਬੰਧਿਤ ਨੋਟ ਕਰਨ।

ਖਾਤਾ ਨੰ-ਏ.ਪੀ 23/0172 (3004522059) ਟਿਊਬਵੈੱਲ ਕੁਨੈਕਸ਼ਨ ਜੋ ਕਿ ਮੱਖਣ ਸਿੰਘ ਪੁੱਤਰ ਬਿਸ਼ਨ ਸਿੰਘ ਦੇ ਨਾਂਅ ਉੱਪਰ ਰਕਬਾ ਕੰਨੀਆਂ ਕਲਾਂ ਅਧੀਨ PSPCL ਉੱਪ ਮੰਡਲ ਸ਼ਾਹਕੋਟ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਮੱਖਣ ਸਿੰਘ ਦੇ ਵਾਰਸਾਂ ਵੱਲੋਂ ਸਮੇਤ ਜ਼ਮੀਨ ਆਤਮਾ ਸਿੰਘ ਪੁੱਤਰ ਬਲਵੰਤ ਸਿੰਘ ਅਤੇ ਆਤਮਾ ਸਿੰਘ ਵੱਲੋਂ ਮਹਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਨੂੰ ਵੇਚਿਆ ਗਿਆ ਸੀ। ਮਹਿੰਦਰ ਕੌਰ ਵੱਲੋਂ ਇਹ ਕੁਨੈਕਸ਼ਨ ਹਰਭਜਨ ਕੌਰ ਅਤੇ ਹਰਭਜਨ ਕੌਰ ਵੱਲੋਂ ਇਹ ਕੁਨੈਕਸ਼ਨ ਸਮੇਤ ਜ਼ਮੀਨ ਸਰਬਜੀਤ ਕੌਰ ਪੁੱਤਰੀ ਦਿਲਬਾਗ ਸਿੰਘ ਨੂੰ ਵੇਚ ਦਿੱਤਾ ਗਿਆ ਹੈ। ਹੁਣ ਇਹ ਕੁਨੈਕਸ਼ਨ ਸਰਬਜੀਤ ਕੌਰ ਪੁੱਤਰੀ ਦਿਲਬਾਗ ਸਿੰਘ ਦੇ ਨਾਂਅ ਤਬਦੀਲ ਕੀਤਾ ਜਾਣਾ ਹੈ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਸ਼ਾਹਕੋਟ ਉੱਪ ਮੰਡਲ ਵਿਖੇ 15 ਦਿਨਾਂ ਦੇ ਵਿੱਚ ਪੇਸ਼ ਕਰ ਸਕਦਾ ਹੈ। ਉਪਰੰਤ CON ਕਰ ਦਿੱਤਾ ਜਾਵੇਗਾ।

ਸ਼ੀਸਾ ਸਿੰਘ ਪੁੱਤਰ ਗੋਪਾਲ ਸਿੰਘ, ਵਾਸੀ ਸ਼ੇਰਪੁਰ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਐਸ-2408 ਏ.ਪੀ (20 ਹਾਰਸਪਾਵਰ) ਨੂੰ ਲਖਵੰਤ ਸਿੰਘ ਪੁੱਤਰ ਸ਼ੀਸਾ ਸਿੰਘ, ਵਾਸੀ ਸ਼ੇਰਪੁਰ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਸ਼ੇਰਪੁਰ-1 ਦੇ ਇਤਰਾਜ ਪੇਸ਼ ਕਰੇ।

ਇਸ ਦਫਤਰ ਅਧੀਨ ਪ੍ਰੀਤਮ ਸਿੰਘ ਪੁੱਤਰ ਨੰਦ ਸਿੰਘ ਵਾਸੀ ਪਿੰਡ ਮੰਢਾਲੀ , ਤਹਿ ਬੁਢਲਾਡਾ, ਜਿਲਾ ਮਾਨਸਾ ਦੇ ਨਾਮ ਤੇ ਰਕਬਾ ਮੰਢਾਲੀ ਵਿਖੇ ਵਿਖੇ ਟਿਊਬਵੈਲ ਕੁਨੈਕਸ਼ਨ ਚਲ ਰਿਹਾ ਹੈ। ਜਿਸ ਦਾ ਖਾਤਾ ਨੰਬਰ AP20/7 ਹੈ। ਜਿਸ ਨੂੰ ਅਜੈਬ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਮੰਢਾਲੀ, ਤਹਿਸੀਲ ਬੁਢਲਾਡਾ ਜਿਲਾ ਮਾਨਸਾ ਆਪਣੇ ਨਾਮ ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਸਹਾਇਕ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਬੋਹਾ ਦਫਤਰ ਵਿਖੇ ਇਤਰਾਜ ਕਰ ਸਕਦਾ ਹੈ।

ਟਿਊਬਵੈਲ ਕੁਨੈਕਸ਼ਨ ਨੰਬਰ AP270037-L ਜੋਕਿ ਸਾਧੂ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਪਾਹੜਾ ਦੇ ਨਾਮ ਤੇ ਚੱਲ ਰਿਹਾ ਹੈ , ਨੂੰ ਹਰਵੰਤ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਾਹੜਾ ਦੇ ਨਾਮ ਤਬਦੀਲ ਕਰਨ ਦੀ ਦਰਖਾਸਤ ਪ੍ਰਾਪਤ ਹੋਈ ਹੈ । ਇਸ ਸੰਬੰਧੀ ਜੇ ਕਿਸੇ ਨੂੰ ਇਤਰਾਜ ਹੋਵੇ ਤਾਂ ਉਹ ਪਾਵਰਕਾਮ ਤਿੱਬੜ ਕੋਲ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ । 15 ਦਿਨਾਂ ਤੋਂ ਬਾਦ ਕੋਈ ਵੀ ਗੌਰ ਨਹੀਂ ਕੀਤਾ ਜਾਵੇਗਾ

ਇਸ ਦਫਤਰ ਅਧੀਨ ਜੰਟਾ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਰਾਮਪੁਰ ਮੰਡੇਰ , ਤਹਿ ਬੁਢਲਾਡਾ, ਜਿਲਾ ਮਾਨਸਾ ਦੇ ਨਾਮ ਤੇ ਰਕਬਾ ਰਾਮਪੁਰ ਮੰਡੇਰ ਵਿਖੇ ਇੱਕ ਟਿਊਬਵੈਲ ਕੁਨੈਕਸ਼ਨ ਚਲ ਰਿਹਾ ਹੈ। ਜਿਸ ਦਾ ਖਾਤਾ ਨੰਬਰ AP25/15 ਹੈ। ਜਿਸ ਨੂੰ ਬਾਬੂ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਰਾਮਪੁਰ ਮੰਡੇਰ, ਤਹਿਸੀਲ ਬੁਢਲਾਡਾ ਜਿਲਾ ਮਾਨਸਾ ਆਪਣੇ ਨਾਮ ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਸਹਾਇਕ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਬੋਹਾ ਦਫਤਰ ਵਿਖੇ ਇਤਰਾਜ ਕਰ ਸਕਦਾ ਹੈ।

## ਨਾਂਅ ਦੀ ਬਦਲੀ

ਮੈਂ, ਦਿਵਾਂਸ਼ੂ ਸਪੁੱਤਰ ਸ੍ਰੀ ਚਰਨ ਲਾਲ ਪਿੰਡ ਸਰਮਸਤਪੁਰ ਡਾਕਖਾਨਾ ਬੱਲ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੰਜਾਬ) ਨੇ ਆਪਣਾ ਨਾਂਅ ਦਿਵਾਂਸ਼ੂ ਤੋਂ ਬਦਲ ਕੇ ਦਿਵਾਂਸ਼ੂ ਮਡਾਰ ਰੱਖ ਲਿਆ ਹੈ। ਸਾਰੇ ਸੰਬੰਧਤ ਨੋਟ ਕਰਨ।

ਮੈਂ ਅਜੈਬ ਟੁਰਨਾ ਪੁੱਤਰ ਦਿਆਲ ਸਿੰਘ ਵਾਸੀ ਪਿੰਡ ਬਣਵਾਲਾ ਤਹਿਸੀਲ ਪਾਤੜਾਂ (ਪਟਿਆਲਾ) ਨੇ ਆਪਣਾ ਨਾਂ ਬਦਲ ਕੇ ਅਜੈਬ ਸਿੰਘ ਟੁਰਨਾ ਰੱਖ ਲਿਆ ਹੈ।

ਮੈਂ, ਮੀਨਾ ਕੁਮਾਰੀ ਪਤਨੀ ਕੁਲਵਿੰਦਰ ਸਿੰਘ ਵਾਸੀ ਗਲੀ ਨੰ. 6, ਮੁਹੱਲਾ ਸ਼ਿਵਪੁਰੀ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਪੰਜਾਬ, ਭਾਰਤ ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਮੁਸਕਾਨ ਤੋਂ ਬਦਲ ਕੇ ਮੁਸਕਾਨ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਮੇਲਾ ਰਾਮ ਵਾਸੀ ਗੰਗਾ ਚੱਕ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ। ਮੇਰਾ ਨਾਂਅ ਜਮ੍ਹਾਂਬੰਦੀ ਵਿਚ ਦੇਵ ਰਾਜ ਚੱਲ ਰਿਹਾ ਹੈ। ਹੁਣ ਮੈਂ ਆਪਣਾ ਨਾਂਅ ਬਲਦੇਵ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜ਼ੋਗਿੰਦਰ ਕੌਰ ਪਤਨੀ ਸ੍ਰੀ ਮਦਨ ਲਾਲ ਵਾਸੀ ਪਿੰਡ ਤੇ ਡਾ: ਭੀਖੋਵਾਲ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਰਣਜੀਤ ਸਿੰਘ ਪੁੱਤਰ ਸ. ਗੁਰਦੀਪ ਸਿੰਘ ਵਾਸੀ ਪਿੰਡ ਪੁਰੀਆਂ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਵਲਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਪੰਜਗਰਾਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਕੁਲਦੀਪਕ ਰਾਏ ਉਰਫ਼ ਕੁਲਦੀਪਕ ਮਹਿਤਾ ਪੁੱਤਰ ਕਸ਼ਮੀਰੀ ਲਾਲ ਅਤੇ ਸਵਿਤਾ ਪਤਨੀ ਕੁਲਦੀਪਕ ਰਾਏ ਉਰਫ਼ ਕੁਲਦੀਪਕ ਮਹਿਤਾ ਵਾਸੀ 1/2, 673 ਰੋਡ, ਚੰਦ ਐਵੇਨਿਊ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕੀ ਸਾਡਾ ਲੜਕਾ ਸੌਰਭ ਮਹਿਤਾ ਅਤੇ ਉਸਦੀ ਦੀ ਪਤਨੀ ਰਿਚਾ ਭਾਰਦਵਾਜ ਸਾਡੇ ਕਹਿਣ ਤੋਂ ਬਾਹਰ ਹਨ ਅਸੀਂ ਇਨ੍ਹਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਅਸੀਂ ਵਿਜੇ ਕੁਮਾਰ ਪੁੱਤਰ ਸ੍ਰੀ ਬਚਨ ਲਾਲ ਅਤੇ ਸ੍ਰੀਮਤੀ ਪਿੰਕੀ ਪਤਨੀ ਸ੍ਰੀ ਵਿਜੇ ਕੁਮਾਰ ਵਾਸੀ ਸਾਹਮਣੇ ਸੰਧੂ ਪ੍ਰਾਪਰਟੀ ਡੀਲਰ, ਲਾਗੇ ਗਾਇਤਰੀ ਮੰਦਰ, ਰਾਜ ਐਵੀਨਿਊ, ਕਾਲੇ ਰੋਡ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਵਿਨੋਦ ਕੁਮਾਰ ਅਤੇ ਉਸਦੀ ਪਤਨੀ ਸਪਨਾ ਸਾਡੇ ਕਹਿਣੇ ਵਿਚ ਨਹੀ ਹਨ, ਅਸੀਂ ਉਹਨ੍ਹਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੇ ਹਾਂ, ਉਹਨਾਂ ਦੇ ਕਿਸੇ ਵੀ ਮਾੜੇ-ਚੰਗੇ ਕੰਮ ਜਾਂ ਲੈਣ-ਦੇਣ ਦੇ ਅਸੀਂ ਜਾਂ ਸਾਡੇ ਪਰਿਵਾਰ ਦਾ ਕੋਈ ਵੀ ਮੈਬਂਰ ਜਿੰਮੇਵਾਰ ਨਹੀ ਹੋਵੇਗਾ।

ਮੈਂ ਹਰਜੀਤ ਕੌਰ ਪਤਨੀ ਵਰਿੰਦਰ ਸਿੰਘ ਵਾਸੀ 25 ਸੀ ਮਕਬੂਲ ਰੋਡ ਨੇੜੇ ਰਤਨ ਸਿੰਘ ਚੌਕ ਅੰਮ੍ਰਿਤਸਰ ਬਿਆਨ ਕਰਦੀ ਹਾਂ ਕੀ ਮੇਰਾ ਲੜਕਾ ਅਮਨਦੀਪ ਸਿੰਘ ਗੁਲਾਟੀ ਉਸਦੀ ਦੀ ਪਤਨੀ ਸੁਰਜੀਤ ਕੌਰ ਅਤੇ ਉਨ੍ਹਾ ਦੀ ਲੜਕੀ ਸਹਿਜ ਗੁਲਾਟੀ ਮੇਰੇ ਕਹਿਣ ਤੋਂ ਬਾਹਰ ਹਨ ਮੈਂ ਇਨ੍ਹਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ

ਅਸੀਂ, ਆਸ਼ਾ ਰਾਣੀ ਪਤਨੀ ਰਵਿੰਦਰ ਸਿੰਘ ਅਤੇ ਰਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਮਕਾਨ ਨੰ: ਏ ਕੇ 3/1185 ਈਸਟ ਗੋਬਿੰਦ ਨਗਰ, ਰਾਧਾ ਸੁਆਮੀ ਗਲੀ ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕੀ ਸਾਡਾ ਲੜਕਾ ਹਰਜੀਤ ਸਿੰਘ ਅਤੇ ਉਸਦੀ ਦੀ ਪਤਨੀ ਸਿਮਰਨ ਸਾਡੇ ਕਹਿਣ ਤੋਂ ਬਾਹਰ ਹਨ ਅਸੀਂ ਇਨ੍ਹਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ । ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਹਰਪਾਲ ਸਿੰਘ ਪੁੱਤਰ ਚਰਨ ਸਿੰਘ ਵਾਸੀ ਜੇਠੂਵਾਲ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੋਹਿਤਦੀਪ ਸਿੰਘ ਮੇਰੇ ਕਹਿਣ ਤੋਂ ਬਾਹਰ ਹੈ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਰਜਿੰਦਰ ਪੁੱਤਰ ਅਮਰਨਾਥ ਵਾਸੀ 2391, ਟੋਕਰੀਆਂ ਵਾਲਾ ਬਜ਼ਾਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ਿਵਮ ਮੇਰੇ ਕਹਿਣ ਤੋਂ ਬਾਹਰ ਹੈ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਰਾਜਵਿੰਦਰ ਕੌਰ ਪਤਨੀ ਮਨਜੀਤ ਸਿੰਘ ਵਾਸੀ ਮਕਾਨ ਨੰ.19, ਨਿਊ ਗੁਰੂ ਗੋਬਿੰਦ ਸਿੰਘ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕੀ ਮੇਰੇ ਲੜਕਾ ਮਨਪ੍ਰੀਤ ਸਿੰਘ ਅਤੇ ਉਸਦੀ ਪ੍ਰਿਯੰਕਾ ਰਾਜਪੂਤ ਅਤੇ ਉਨ੍ਹਾਂ ਦੇ ਬੱਚੇ ਆਕਾਸ਼ਦੀਪ ਸਿੰਘ ਮੇਰੇ ਕਹਿਣ ਤੋਂ ਬਾਹਰ ਹਨ ਮੈਂ ਇਨ੍ਹਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ

ਅਸੀਂ ਰੁਪਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਸੰਦੀਪ ਕੌਰ ਪਤਨੀ ਰੁਪਿੰਦਰ ਸਿੰਘ ਵਾਸੀ 582, ਗਲੀ ਨੰਬਰ-10, ਵਰਿੰਦਾਵਨ ਗਾਰਡਨ, ਫਤਿਹਗੜ੍ਹ ਚੂੜੀਆ ਰੋਡ, ਅੰਮ੍ਰਿਤਸਰ ਦੇ ਰਹਿਣ ਵਾਲੇ ਹਾਂ। ਅਸੀਂ ਇਹ ਘੋਸ਼ਣਾ ਕਰਦੇ ਹਾਂ ਕਿ ਸਾਡਾ ਲੜਕਾ ਫਤਿਹਬੀਰ ਸਿੰਘ ਅਤੇ ਨੂੰਹ ਜਸਲੀਨ ਕੌਰ ਸਾਡੇ ਕਹਿਣੇ-ਸੁੰਨਣੇ ਤੋਂ ਬਾਹਰ ਹਨ। ਅਸੀਂ ਆਪਣੇ ਲੜਕੇ ਫਤਿਹਬੀਰ ਸਿੰਘ ਅਤੇ ਨੂੰਹ ਜਸਲੀਨ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਬੂਟਾ ਸਿੰਘ ਪੁੱਤਰ ਸੁਲੱਖਣ ਸਿੰਘ ਅਤੇ ਬਬਲੀ ਕੌਰ ਪਤਨੀ ਬੂਟਾ ਸਿੰਘ ਵਾਸੀ ਢੰਡ ਤਹਿਸੀਲ ਅਤੇ ਜ਼ਿਲ੍ਹਾ ਤਰਨਤਾਰਨ ਬਿਆਨ ਕਰਦੇ ਹਾਂ ਕੀ ਸਾਡਾ ਲੜਕਾ ਜਗਪ੍ਰੀਤ ਸਿੰਘ ਸਾਡੇ ਕਹਿਣ ਤੋਂ ਬਾਹਰ ਹੈ ਅਸੀਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਅਸੀਂ ਰਮੇਸ਼ ਕੁਮਾਰ ਪੁੱਤਰ ਰੂਪ ਚੰਦ ਅਤੇ ਮਾਯਾ ਪਤਨੀ ਰਮੇਸ਼ ਕੁਮਾਰ ਵਾਸੀ ਫਲੈਟ ਨੰਬਰ 41, ਗਰਾਊਂਡ ਫਲੋਰ, ਮੁਹੱਲਾ ਸ਼ਹੀਦ ਊਧਮ ਸਿੰਘ, ਵਾਰਡ ਨੰਬਰ 1, ਪਿੰਡ ਬਾਬਾ ਦੀਪ ਸਿੰਘ ਨਗਰ, ਰੇਲ ਕੋਚ ਫੈਕਟਰੀ, ਕਪੂਰਥਲਾ ਆਪਣੇ ਲੜਕੇ ਇੰਦਰਜੀਤ, ਨੂੰਹ ਰਾਣੀ ਰੀਤੂ ਅਤੇ ਉਨ੍ਹਾਂ ਦੇ ਬੱਚੇ ਵਾਨੀਆ ਅਤੇ ਵਰਿਸ਼ਟੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਿਰਮਲ ਸਿੰਘ ਪੁੱਤਰ ਤੇਜਾ ਸਿੰਘ, ਵਾਸੀ ਮਕਾਨ ਨੰਬਰ 247, ਗਲੀ ਨੰਬਰ-1, ਮੁਹੱਲਾ ਸੁੰਦਰ ਨਗਰ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤਰਲੋਕ ਸਿੰਘ, ਉਸਦੀ ਪਤਨੀ ਕਮਲਜੀਤ ਕੌਰ, ਅਤੇ ਇਨ੍ਹਾਂ ਦੇ ਬੱਚੇ ਅਮਨਪ੍ਰੀਤ ਸਿੰਘ ਅਤੇ ਸਿਮਰਨਜੀਤ ਸਿੰਘ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਤਰਲੋਕ ਸਿੰਘ, ਉਸਦੀ ਪਤਨੀ ਕਮਲਜੀਤ ਕੌਰ, ਅਤੇ ਇਨ੍ਹਾਂ ਦੇ ਬੱਚਿਆਂ ਅਮਨਪ੍ਰੀਤ ਸਿੰਘ ਅਤੇ ਸਿਮਰਨਜੀਤ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਸਾਰਿਆਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ੀਲਾ ਰਾਣੀ ਪਤਨੀ ਰਾਮ ਦਾਸ ਵਾਸੀ ਮਕਾਨ ਨੰ. 97/ਸੀ, ਗਲੀ ਨੰ. 2, ਨੇੜੇ ਮਾਡਲ ਹਾਊਸ, ਕੇ. ਪੀ. ਨਗਰ, ਜੱਲੋਵਾਲ ਆਬਾਦੀ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੀ ਨੂੰਹ ਸੁਸ਼ਮਾ ਤੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਲਜੀਤ ਕੌਰ ਪਤਨੀ ਲੇਟ ਦਲਜੀਤ ਸਿੰਘ ਵਾਸੀ ਮਕਾਨ ਨੰ. 562, ਅਕਾਸ਼ ਐਵੀਨਿਊ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੀ ਨੂੰਹ ਪਵਨੀਤ ਕੌਰ ਤੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰਾਣੀ ਪਤਨੀ ਸੁਖਦੇਵ ਸਿੰਘ ਵਾਸੀ ਪਿੰਡ ਅੰਬੀਆਂ ਤੋਹਫਾ, ਡਾਕਖਾਨਾ ਕਰਤਾਰਪੁਰ, ਜ਼ਿਲ੍ਹਾ ਜਲੰਧਰ ਦੀ ਹਾਂ। ਮੇਰੇ ਦੋਵੇਂ ਲੜਕੇ ਅਣਜੀਤ ਤੇ ਸੰਦੀਪ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਭਵਿੱਖ ਵਿਚ ਇਨ੍ਹਾਂ ਨਾਲ ਲੈਣ-ਦੇਣ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ (ਪੱ.), ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲਜੀਤ ਸਿੰਘ ਅਤੇ ਕੰਵਲਪ੍ਰੀਤ ਕੌਰ ਮੇਰੀ ਨੂੰਹ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕਨਹੀਆ ਲਾਲ ਪੁੱਤਰ ਕਾਲੀ ਚਰਨ ਵਾਸੀ ਪ੍ਰੀਤ ਨਗਰ ਵਾਰਡ ਨੰ: 25 ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹੇਮੰਤ ਅਤੇ ਨੂੰਹ ਕੋਮਲ ਰਾਣੀ ਪਤਨੀ ਹੇਮੰਤ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਗੁਲਸ਼ਨ ਕੁਮਾਰ ਪੁੱਤਰ ਸ੍ਰੀ ਹੰਸ ਰਾਜ ਵਾਸੀ ਮਕਾਨ ਨੰ: 290, ਵਾਰਡ ਨੰ: 28, ਗਲੀ ਜੁਲਾਹਿਆਂ ਵਾਲੀ, ਮੁਹੱਲਾ ਖਿਦਰੀ ਬੈਰਾ, ਨੇੜੇ ਗੁਰੂਸਰ ਗੁਰਦਵਾਰਾ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੀਵ ਕੁਮਾਰ ਪੁੱਤਰ ਗੁਲਸ਼ਨ ਕੁਮਾਰ ਅਤੇ ਮੇਰੀ ਨੂੰਹ ਗਗਨਦੀਪ ਕੌਰ ਪਤਨੀ ਸੰਜੀਵ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਮ ਆਸਰਾ ਪੁੱਤਰ ਲੇਟ ਅਮੀ ਚੰਦ ਵਾਸੀ ਮਕਾਨ ਨੰ: 78, ਮਕਸੂਦਾਂ ਮੁਹੱਲਾ ਬੋਹੜਵਾਲਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਵੀਰ ਚੰਦਰ ਉਰਫ ਘੁੱਦੂ ਅਤੇ ਉਸ ਦੀ ਪਤਨੀ ਜਸਵੀਰ ਕੌਰ ਉਰਫ ਕਾਂਡੀ ਅਤੇ ਇਨ੍ਹਾਂ ਦੀ ਲੜਕੀ ਪੂਜਾ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਦਰਸ਼ਨ ਸਿੰਘ ਪੁੱਤਰ ਸ੍ਰੀ ਨੰਦ ਸਿੰਘ ਵਾਸੀ ਪਿੰਡ ਬੁਗਰਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਮਨਦੀਪ ਸਿੰਘ ਅਤੇ ਨੂੰਹ ਪਵਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਪਰਮਜੀਤ ਸਿੰਘ ਪੁੱਤਰ ਕੇਰੂ ਅਤੇ ਪ੍ਰਵੀਨ ਕੌਰ ਪਤਨੀ ਪਰਮਜੀਤ ਸਿੰਘ, ਵਾਸੀ ਸਠਿਆਲਾ (ਅੰਮ੍ਰਿਤਸਰ) ਆਪਣੇ ਪੁੱਤਰ ਸਾਜਨਪ੍ਰੀਤ ਸਿੰਘ, ਨੂੰਹ ਅਮਨਜੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਮਮਤਾ ਰਾਣੀ ਪਤਨੀ ਬ੍ਰਿਜ ਮੋਹਨ ਵਾਸੀ 2218,ਗੁਰੂ ਬਜ਼ਾਰ,ਪੁਰਾਣੀ ਮੰਡੀ,ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਵ ਕੁਮਾਰ ਅਤੇ ਉਸਦੀ ਪਤਨੀ ਰਾਖੀ ਅਤੇ ਉਸਦੀ ਲੜਕੀ ਨੇਹਸ਼ਾ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਲੜਕਾ ਬੁਰੀ ਸੰਗਤ ਵਿਚ ਪੈ ਗਿਆ ਹੈ ਅਤੇ ਮੈਨੂੰ ਸਾਰੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਤਿੰਨਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਹਰਜਿੰਦਰ ਕੌਰ ਪਤਨੀ ਬਾਦਸ਼ਾਹ ਹੀਰਾ ਸਿੰਘ ਵਾਸੀ ਪਿੰਡ ਦਕੋਹਾ ਤਹਿਸੀਲ ਤੇ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚਲ ਅਤੇ ਅਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਦਰਸ਼ਨ ਸਿੰਘ ਪੁੱਤਰ ਨੰਦ ਸਿੰਘ, ਪਿੰਡ ਬੁਗਰਾ (ਸੰਗਰੂਰ) ਆਪਣੇ ਲੜਕੇ ਹਰਮਨਦੀਪ ਸਿੰਘ, ਨੂੰਹ ਪਵਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਸ਼ੀਲਾ ਦੇਵੀ ਪਤਨੀ ਕਾਂਸ਼ੀ ਰਾਮ ਵਾਸੀ ਪਿੰਡ ਤੇ ਡਾਕਖਾਨਾ ਠੱਕਰਵਾਲ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦਲਜੀਤ ਸਿੰਘ ਉਰਫ ਜੀਤਾ ਅਤੇ ਉਸ ਦੀ ਪਤਨੀ ਪੂਜਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ। ਮੇਰੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।

ਮੈਂ ਸ਼ਾਮ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਗੁੱਜਰਪੁਰਾ,ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਲੱਖਣ ਸਿੰਘ ਅਤੇ ਉਸਦੀ ਪਤਨੀ ਹਰਸ਼ਰਨਜੀਤ ਕੌਰ ਅਤੇ ਇਨ੍ਹਾਂ ਦੇ ਬੱਚੇ ਜੈਸਮੀਨ ਕੌਰ,ਸਾਹਿਲਪ੍ਰੀਤ ਸਿੰਘ ਉਰਫ ਸ਼ੈਲੀ ਅਤੇ ਮਨਜੋਤ ਕੌਰ ਸਾਰੇ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ,ਆਪਣੀਆਂ ਮਨਮਰਜੀਆਂ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਸੂਬਾ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਧਾਰੀਵਾਲ ਕਲਾਂ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਮਨਦੀਪ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹਨ । ਮਨਦੀਪ ਸਿੰਘ ਅਤੇ ਉਸ ਦੇ ਪਰਿਵਾਰ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਸਿੰਦਾ ਮਸੀਹ ਪੁੱਤਰ ਹਬੀਬ ਮਸੀਹ ਵਾਸੀ ਪਿੰਡ ਮਲਿਕਪੁਰ ਤਹਿਸੀਲ ਬਟਾਲਾ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਵਾਰਸ ਮਸੀਹ ਅਤੇ ਉਸ ਦੀ ਪਤਨੀ ਕਾਜਲ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ ।ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਕਸਤੂਰੀ ਲਾਲ ਮਹਾਜਨ ਪੁੱਤਰ ਦੂਨੀ ਚੰਦ ਵਾਸੀ ਮਕਾਨ ਨੰ: ਐੱਫ-22/2457, ਗਲੀ ਨੰਬਰ-1, ਬਟਾਲਾ ਰੋਡ, ਗਲੀ ਬਾਂਕੇ ਬਿਹਾਰੀ, ਨਿਊ ਗੋਕੁਲ ਵਿਹਾਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿੰਸ ਕੁਮਾਰ ਅਤੇ ਉਸ ਦੀ ਪਤਨੀ ਸੋਨੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਅਸੀਂ, ਸਤੀਸ਼ ਕੁਮਾਰ ਪੁੱਤਰ ਰਾਮ ਸਰਨ ਅਤੇ ਸੁਜਾਤਾ ਪਤਨੀ ਸਤੀਸ਼ ਕੁਮਾਰ ਵਾਸੀ ਮਕਾਨ ਨੰ: 1568/7, ਕਟੜਾ ਚੜ੍ਹਤ ਸਿੰਘ, ਗਲੀ ਕੁੱਚਾ ਧੋਬੀਆਂ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਮਰੀਸਾ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਮੀਨਾ ਪਤਨੀ ਲੇਟ ਜਸਵੀਰ ਸਿੰਘ ਵਾਸੀ ਮਕਾਨ ਨੰਬਰ 68, ਕੋਟ ਲਾਜਪਤ ਰਾਏ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਅਤੇ ਉਸ ਦੀ ਪਤਨੀ ਸ਼ਿਵਾਨੀ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵੀਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਮੀਰਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਬੇਟੀ ਕਮਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਵੀ ਪਾਲ ਪੁੱਤਰ ਸੁਦਾਗਰ ਲਾਲ ਵਾਸੀ ਮਕਾਨ ਨੰਬਰ 2136, ਭਾਰਗੋ ਨਗਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਾਰਸ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਸਿੰਘ ਪੁੱਤਰ ਜਨਕ ਰਾਜ ਵਾਸੀ ਪਿੰਡ ਤਲ੍ਹਣ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਉਰਫ ਸਨੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਤਰਲੋਕ ਕੁਮਾਰ ਪੁੱਤਰ ਪਾਲਾ ਰਾਮ, ਵਾਸੀ ਮਕਾਨ ਨੰ. 284 ਮੁਹੱਲਾ ਨੰਗਲ ਕੋਟਲੀ, ਵਾਰਡ ਨੰ. 12 ਗੁਰਦਾਸਪੁਰ। ਮੇਰਾ ਲੜਕਾ ਨਵਦੀਪ ਕੁਮਾਰ ਅਤੇ ਮੇਰੀ ਨੂੰਹ ਮਨਦੀਪ ਕੁਮਾਰੀ ਦੋਨੋਂ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਬਚਿੱਤਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਜੈਮਲਵਾਲਾ, ਤਹਿ. ਵਾ ਜ਼ਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ। ਮੇਰੀ ਲੜਕੀ ਚਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੀਤੋ ਦੇਵੀ ਪਤਨੀ ਲੇਟ ਬਲਦੇਵ ਰਾਜ ਵਾਸੀ 315/13, ਗੋਪਾਲ ਨਗਰ ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਵੰਤ ਕੁਮਾਰ ਅਤੇ ਮੇਰੀ ਨੂੰਹ ਨਿਸ਼ਾ ਭੰਡਾਰੀ ਅਤੇ ਇਨ੍ਹਾਂ ਦੇ ਬੱਚੇ ਇਕ ਲੜਕੀ ਮਨਮੀਤ ਕੌਰ ਅਤੇ ਲੜਕਾ ਪ੍ਰਭਗੁਨ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਭਾਸ਼ ਚੰਦਰ ਪੁੱਤਰ ਦਾਸ ਰਾਮ ਵਾਸੀ ਹਰਦੋ ਬੱਥਵਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਬਨਛੀਤਾ ਬਜਰਲ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਦੇਵ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ/ਡਾਕਖਾਨਾ ਚੌੜ ਸਿੱਧਵਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਮਲਕੀਤ ਸਿੰਘ ਅਤੇ ਇਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਇਨ੍ਹਾਂ ਦਾ ਬੇਟਾ ਗੁਰਕੀਰਤ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਫਤਹਿ ਸਿੰਘ ਪੁੱਤਰ ਲੇਟ ਜੋਗਿੰਦਰ ਸਿੰਘ ਅਤੇ ਪਰਮਜੀਤ ਕੌਰ ਪਤਨੀ ਫਤਹਿ ਸਿੰਘ ਵਾਸੀਆਨ ਮਕਾਨ ਨੰ. 270, ਨੇੜੇ ਪੁਰਾਣੀ ਚੌਕੀ, ਨਿਊ ਰਾਜ ਨਗਰ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਜਿੰਦਰ ਸਿੰਘ ਉਰਫ ਹੈਪੀ ਜੋ ਕਿ ਕੁਆਰਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।


ਮੈਂ, ਹਰਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੱਲ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਸਿੰਘ ਅਤੇ ਉਸਦੀ ਪਤਨੀ ਸੀਮਾ ਰਾਣੀ ਅਤੇ ਉਹਨਾਂ ਦੇ ਲੜਕੇ ਅਨੋਲਦੀਪ ਸਿੰਘ ਵਾ ਸੁਖਦੀਪ ਸਿੰਘ ਵਾ ਉਸਦੀ ਲੜਕੀ ਹਰਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਤਨ ਚੰਦ ਪੁੱਤਰ ਬਰਕਤ ਚੰਦ, ਵਾਸੀ ਕਮਾਲਪੁਰ ਅਫਗਾਨਾਂ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੰਜੀਵ ਕੁਮਾਰ ਉਰਫ ਲਾਡੀ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪ੍ਰਤੀਕਪਾਲ ਰਿਖੀ ਨੇ ਨੈਸ਼ਨਲ ਪੱਧਰ 'ਤੇ ਐਵਾਰਡ ਜਿੱਤਿਆ



ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਨੈਸ਼ਨਲ ਪੱਧਰ 'ਤੇ ਚੱਲ ਰਹੇ ਮਾਈਂਡ ਸਪਾਰਕ ਟੈਲੇਂਟ ਇਮਤਿਹਾਨ ਦੇ ਵਿੱਚ ਬਰੋਡਵੇ ਪਬਲਿਕ ਸਕੂਲ ਮਨਾਲ (ਬਰਨਾਲਾ) ਦੇ ਵਿਦਿਆਰਥੀਆਂ ਨੇ ਆਪੋ ਆਪਣੇ ਵਰਗ ਵਿੱਚੋਂ ਨੈਸ਼ਨਲ ਪੱਧਰ 'ਤੇ ਸਕੂਲ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ।

ਸਕੂਲ ਦੇ ਵਿਦਿਆਰਥੀ ਪ੍ਰਤੀਕਪਾਲ ਰਿਖੀ ਵਾਸੀ ਪੰਜਗਰਾਈਆਂ ਨੇ ਨੈਸ਼ਨਲ ਪੱਧਰ 'ਤੇ ਇਹ ਐਵਾਰਡ ਜਿੱਤਿਆ ਹੈ ਤੇ ਇਸ ਦੇ ਨਾਲ ਹੀ ਸਕੂਲ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਤੇ ਗੁਰਵੀਰ ਕੌਰ ਗਿੱਲ ਵੀ ਨੈਸ਼ਨਲ ਪੱਧਰ 'ਤੇ ਜੇਤੂ ਰਹੇ ਹਨ।ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਸਕੂਲ ਦੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫੀ ਤੇ ਇਸ ਈਵੈਂਟ ਦੇ ਇੰਚਾਰਜ ਜਗਨਦੀਪ ਸਿੰਘ ਤੇ ਸਮੁੱਚੇ ਸਟਾਫ਼ ਵੱਲੋਂ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਮਾਈਂਡ ਸਪਾਰਕ ਵੱਲੋਂ ਇੱਕ ਐਪ ਰਾਹੀਂ ਨੈਸ਼ਨਲ ਪੱਧਰ ਤੇ ਬੱਚਿਆਂ ਦਾ ਰੋਜ਼ਾਨਾ ਪੇਪਰ ਲਿਆ ਜਾਂਦਾ ਹੈ, ਜਿਸ ਤੋਂ ਬਾਅਦ ਕੁਆਟਰਲੀ ਨਤੀਜਾ ਤਿਆਰ ਕਰਕੇ ਨੈਸ਼ਨਲ ਪੱਧਰ ਤੇ ਪੁਜ਼ੀਸ਼ਨਾਂ ਕੱਢੀਆਂ ਜਾਂਦੀਆਂ ਹਨ, ਬੱਚਿਆਂ ਦੀ ਇਸ ਪ੍ਰਾਪਤੀ ਤੇ ਇਲਾਕੇ ਭਰ ਦੇ ਲੋਕਾਂ ਨੇ ਵਧਾਈ ਦਿੱਤੀ ।

# ਮੌਲਿਕ ਜੈਨ ਨੇ 492 ਅੰਕ ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ



ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ) ਬੋਰਡ ਦੇ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਸੁਨਾਮ ਨਿਵਾਸੀ ਤੇ ਸੰਗਰੂਰ ਸਥਿਤ ਲਿਟਲ ਫਲਾਵਰ ਕਾਨਵੈਂਟ ਸਕੂਲ ਦੇ ਵਿਦਿਆਰਥੀ ਮੌਲਿਕ ਜੈਨ ਨੇ 500 ਵਿੱਚੋਂ 492 ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਦੂਜਾ ਸਥਾਨ ਹਾਸਲ ਕਰ ਲਿਆ ਹੈ। ਇਸ ਨਾਲ ਸਕੂਲ ਦਾ ਹੀ ਨਹੀਂ ਪੂਰੇ ਸੁਨਾਮ ਦਾ ਮਾਣ ਵਧਾਇਆ ਹੈ। ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਵੱਲੋਂ ਵਧਾਈਆਂ ਦੇਣ ਲਈ ਲਗਾਤਾਰ ਆਉਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਮੌਲਿਕ ਦੇ ਦਾਦਾ ਰਾਮ ਸਰੂਪ ਜੈਨ, ਚਾਚਾ ਗਗਨ ਜੈਨ ਤੇ ਪਿਤਾ ਹਰੀਸ਼ ਜੈਨ ਅਤੇ ਮਾਂ ਮੇਨਕਾ ਰਾਣੀ ਤੇ ਚਾਚੀ ਪ੍ਰੀਤੀ ਜੈਨ ਵੀ ਵਧਾਈਆਂ ਸਵੀਕਾਰ ਕਰਦਿਆਂ ਕਿਹਾ ਮੌਲਿਕ ਨੇ ਪਰਵਾਰ ਦਾ ਸਿਰ ਉੱਚਾ ਕੀਤਾ ਹੈ।

# ਕਰਾਟੇ ਮੁਕਾਬਲੇ 'ਚ ਖਿਡਾਰਨ ਕਰਮਜੀਤ ਕੌਰ ਸਹਿਜੜਾ ਦਾ ਸਨਮਾਨ



ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਪਿੰਡ ਸਹਿਜੜਾ (ਬਰਨਾਲਾ) ਦੀ ਹੋਣਹਾਰ ਖਿਡਾਰਨ ਕਰਮਜੀਤ ਕੌਰ ਨੇ ਕਰਾਟੇ ਮੁਕਾਬਲੇ ਸਟੇਟ ਪੱਧਰ 'ਤੇ ਜਿੱਤ ਕੇ ਆਪਣੇ ਮਾਪਿਆਂ, ਪਿੰਡ ਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਹੋਣਹਾਰ ਖਿਡਾਰਨ ਕਰਮਜੀਤ ਕੌਰ ਨੂੰ ਸਟੇਟ ਲੈਵਲ 'ਤੇ ਕਰਾਟੇ ਮੁਕਾਬਲੇ ਜਿੱਤਣ ਦੀ ਖੁਸ਼ੀ ਵਿੱਚ ਕਾਂਗਰਸ ਦੇ ਹਲਕਾ ਮਹਿਲ ਕਲਾਂ ਦੇ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ ਦੀ ਅਗਵਾਈ ਹੇਠ ਟੀਮ ਵੱਲੋਂ ਬੱਚੀ ਕਰਮਜੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਸਾਰੇ ਪਰਵਾਰ ਨੂੰ ਮੁਬਾਰਕਾਂ ਦਿੱਤੀਆਂ।ਮੌੜ ਨੇ ਖਿਡਾਰਨ ਨੂੰ ਉਤਸ਼ਾਹਤ ਕਰਦਿਆ ਹੋਰ ਵਧੇਰੇ ਲਗਨ ਮਿਹਨਤ ਨਾਲ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਅਹਿਮ ਮੁਕਾਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

## ਅਹੁਦਾ ਸੰਭਾਲਦਿਆਂ ਹੀ ਚੈਕਸ ਹੋਏ ਆਰਟੀ ਏ ਸਕੱਤਰ ਅਮਨਦੀਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿੱਚ ਨਵੀਂ ਤਾਇਨਾਤੀ ਮਿਲਣ ਦੇ ਨਾਲ ਹੀ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ (ਆਰ.ਟੀ.ਏ.) ਅਮਨਦੀਪ ਨੇ ਆਪਣੀ ਡਿਊਟੀ ਤੇ ਜ਼ਿੰਮੇਵਾਰੀ ਦਾ ਪ੍ਰਮਾਣ ਦਿੰਦਿਆਂ ਖੁਦ ਚਲਾਨ ਮਸ਼ੀਨ ਹੱਥ ਵਿੱਚ ਫੜੀ ਤੇ ਆਪਣੀ ਟੀਮ ਸਮੇਤ ਰੋਡ 'ਤੇ ਉਤਰੇ। ਪੰਜਾਬ ਦੇ ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਬਾਬਾ ਸ਼ੇਰਸ਼ਾਹ ਵਾਲੀ ਚੌਂਕ ਵਿਖੇ ਕੀਤੀ ਗਈ ਅਚਨਚੇਤ ਚੈਕਿੰਗ ਦੌਰਾਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 11 ਵਾਹਨਾਂ ਦੇ ਚਲਾਨ ਕੀਤੇ ਗਏ, ਜਿਨ੍ਹਾਂ ਵਿੱਚ ਵਧੇਰੇ ਗਿਣਤੀ ਸਕੂਲ ਵੈਨਾਂ ਦੀ ਸੀ। ਅਮਨਦੀਪ ਨੇ ਸਖ਼ਤ ਸੁਨੇਹਾ ਦਿੰਦਿਆਂ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਹਾਲਤ ਵਿੱਚ ਵੀ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸੂਚਿਤ ਕੀਤਾ ਕਿ ਹਰ ਸਕੂਲ ਵੈਨ ਪੂਰੇ ਦਸਤਾਵੇਜ਼ ਆਰ.ਸੀ., ਫਿਟਨੈੱਸ, ਪ੍ਰਦੂਸ਼ਣ ਸਰਟੀਫਿਕੇਟ, ਬੀਮਾ ਆਦਿ ਨਾਲ ਸੰਪੂਰਨ ਹੋਵੇ। ਵੈਨ ਵਿੱਚ ਲਾਜ਼ਮੀ ਤੌਰ 'ਤੇ ਇੱਕ ਮਹਿਲਾ ਅਟੈਂਡੈਂਟ ਹੋਣੀ ਚਾਹੀਦੀ ਹੈ। ਵੈਨ ਦੇ ਅਗਲੇ ਤੇ ਪਿਛਲੇ ਭਾਗ 'ਤੇ 'ਸਕੂਲ ਵੈਨ' ਸਪੱਸ਼ਟ ਲਿਖਿਆ ਹੋਵੇ, ਸਮੇਤ, ਉਕਤ ਸਕੂਲ ਦਾ ਨਾਂਅ ਤੇ ਸ਼ਿਕਾਇਤ ਨੰਬਰ ਵੀ ਦਰਜ ਹੋਣਾ ਚਾਹੀਦਾ ਹੈ।

# ਗੈਂਗਸਟਰ ਅਰਸ਼ ਡੱਲਾ ਦੇ ਦੋ ਸਾਥੀ ਗ੍ਰਿਫ਼ਤਾਰ, ਦੋ ਪਿਸਤੌਲ ਬਰਾਮਦ



ਵਿਰੋਧੀ ਗੈਂਗ ਦੇ ਮੈਂਬਰ ਨੂੰ ਖ਼ਤਮ ਕਰਨ ਦੀ ਬਣਾ ਰਹੇ ਸੀ ਯੋਜਨਾ : ਡੀ ਜੀ ਪੀ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ, ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਫਰੀਦਕੋਟ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਵਿਦੇਸ਼ੀ ਗੈਂਗਸਟਰ ਅਰਸ਼ ਡੱਲਾ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸ੍ਰੀ ਮੁਕਤਸਰ ਸਾਹਿਬ ਦੇ ਰਹਿਣ ਵਾਲੇ ਵਿਸ਼ਾਲ ਸਿੰਘ ਤੇ ਫਿਰੋਜ਼ਪੁਰ ਦੇ ਪਿੰਡ ਗੇਮਵਾਲਾ ਦੇ ਰਹਿਣ ਵਾਲੇ ਓਂਕਾਰ ਸਿੰਘ ਵਜੋਂ ਹੋਈ ਹੈ।ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ .30 ਬੋਰ ਦੀਆਂ ਪਿਸਤੌਲਾਂ ਦੇ ਨਾਲ-ਨਾਲ ਛੇ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਵਿਸ਼ਾਲ ਸਿੰਘ, ਜੋ ਹਾਲ ਹੀ ਵਿੱਚ ਜ਼ਮਾਨਤ 'ਤੇ ਬਾਹਰ ਆਇਆ ਸੀ, ਆਪਣੇ ਵਿਰੋਧੀ ਗਿਰੋਹ ਦੇ ਮੈਂਬਰ ਨੂੰ ਖ਼ਤਮ ਕਰਨ ਦੀ ਸਰਗਰਮੀ ਨਾਲ ਯੋਜਨਾ ਬਣਾ ਰਿਹਾ ਸੀ।ਮੁਲਜ਼ਮ ਲਗਾਤਾਰ ਆਪਣੇ ਵਿਦੇਸ਼ੀ ਹੈਂਡਲਰਾਂ ਨਾਲ ਸੰਪਰਕ ਵਿੱਚ ਸੀ ਤੇ ਪੰਜਾਬ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਨਿਰਦੇਸ਼ਾਂ ਦੀ ਉਡੀਕ ਕਰ ਰਿਹਾ ਸੀ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਹੋਰ ਸਾਥੀਆਂ ਦੀ ਪਛਾਣ ਕਰਨ ਤੇ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਵਧੀਕ ਡਾਇਰੈਕਟਰ ਜਨਰਲ ਆਫ ਪੁਲਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਡੀਐਸਪੀ ਰਾਜਨ ਪਰਮਿੰਦਰ ਦੀ ਅਗਵਾਈ ਵਿੱਚ ਏਜੀਟੀਐਫ ਦੀਆਂ ਟੀਮਾਂ ਨੇ ਫਰੀਦਕੋਟ ਦੇ ਅਧਿਕਾਰ ਖੇਤਰ ਵਿੱਚ ਮੁਲਜ਼ਮਾਂ ਨੂੰ ਭਾਲ ਲਿਆ ਤੇ ਫਰੀਦਕੋਟ ਪੁਲਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਸਾਦਿਕ ਦੇ ਦਾਣਾ ਮੰਡੀ ਚੌਕ ਨੇੜਿਓਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹਥਿਆਰ ਬਰਾਮਦ ਕੀਤੇ ਹਨ।ਐਸ ਐਸ ਪੀ ਡਾ. ਪ੍ਰਗਿਆ ਜੈਨ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀਆਂ ਦਾ ਅਪਰਾਧਕ ਪਿਛੋਕੜ ਹੈ ਤੇ ਉਨ੍ਹਾਂ ਵਿਰੁੱਧ ਇਰਾਦਾ ਕਤਲ, ਧੋਖਾਧੜੀ, ਅਸਲਾ ਐਕਟ ਆਦਿ ਦੇ ਮਾਮਲੇ ਦਰਜ ਹਨ।ਇਸ ਸਬੰਧੀ ਪੁਲਸ ਥਾਣਾ ਸਾਦਿਕ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐੱਫਆਈਆਰ ਨੰਬਰ 52 ਮਿਤੀ 21/5/2025 ਦਰਜ ਕੀਤੀ ਗਈ ਹੈ।

# ਪੰਜਾਬੀ 'ਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਅਹੁਦਾ ਸੰਭਾਲਿਆ





**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਨਵ-ਨਿਯੁਕਤ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਬੁੱਧਵਾਰ ਆਪਣਾ ਅਹੁਦਾ ਸੰਭਾਲ ਲਿਆ ਹੈ।ਯੂਨੀਵਰਸਿਟੀ ਦੇ ਵੱਖ-ਵੱਖ ਅਧਿਕਾਰੀਆਂ, ਅਧਿਆਪਨ ਤੇ ਗ਼ੈਰ-ਅਧਿਆਪਨ ਕਰਮਚਾਰੀ ਯੂਨੀਅਨਾਂ ਅਤੇ ਹੋਰ ਸਭ ਵਰਗਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਇਸ ਮੌਕੇ ਪੰਜਾਬੀ ਯੂਨੀਵਰਸਿਟੀ ਸਬੰਧੀ ਆਪਣੀਆਂ ਤਰਜੀਹਾਂ ਦੇ ਹਵਾਲੇ ਨਾਲ ਅਹਿਮ ਗੱਲਾਂ ਕੀਤੀਆਂ।ਉਨ੍ਹਾਂ ਕਿਹਾ ਕਿ ਉਹ ਇਸ ਗੱਲੋਂ ਮਾਣ ਮਹਿਸੂਸ ਕਰ ਰਹੇ ਹਨ ਕਿ ਜਿਸ ਸੰਸਥਾ 'ਤੇ ਉਨ੍ਹਾਂ ਖੁਦ ਆਪਣੀ ਉਚੇਰੀ ਸਿੱਖਿਆ ਹਾਸਲ ਕੀਤੀ ਹੈ, ਅੱਜ ਉਸ ਸੰਸਥਾ ਨੂੰ ਚਲਾਉਣ ਲਈ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਮਿਲੀ ਹੈ।ਉਨ੍ਹਾਂ ਆਪਣੀਆਂ ਤਰਜੀਹਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਦੀ ਇਹ ਲੋੜ ਹੈ ਕਿ ਵਿੱਦਿਅਕ ਸੰਸਥਾਵਾਂ ਦੇ ਵੱਖ-ਵੱਖ ਕੋਰਸਾਂ ਨੂੰ ਸਬੰਧਤ ਇੰਡਸਟਰੀ ਨਾਲ਼ ਬਰ ਮੇਚ ਕੇ ਚਲਾਇਆ ਜਾਵੇ ਤਾਂ ਕਿ ਜ਼ਮੀਨੀ ਤੇ ਵਿਹਾਰਕ ਪੱਧਰ 'ਤੇ ਇੰਡਸਟਰੀ ਦੀਆਂ ਲੋੜਾਂ ਸਮਝ ਕੇ ਉਸ ਅਨੁਸਾਰ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।ਉਨ੍ਹਾਂ ਕਿਹਾ ਕਿ ਇਸ ਦਿਸ਼ਾ ਵਿੱਚ ਕਾਰਜ ਕਰਨ ਲਈ ਸਬੰਧਤ ਇੰਡਸਟਰੀ ਦੇ ਪ੍ਰਤੀਨਿਧੀਆਂ ਨੂੰ ਬੋਰਡ ਆਫ਼ ਸਟੱਡੀਜ਼ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਪਾਠਕ੍ਰਮ ਨੂੰ ਵਿਉਂਤਣ ਸਮੇਂ ਉਨ੍ਹਾਂ ਦੀ ਪੇਸ਼ੇਵਰ ਸਲਾਹ ਦਾ ਲਾਭ ਲਿਆ ਜਾ ਸਕੇ।ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ਼ ਵਿੱਦਿਅਕ ਅਦਾਰਿਆਂ ਤੇ ਸਬੰਧਤ ਇੰਡਸਟਰੀ ਦਰਮਿਆਨ ਖੱਪਿਆਂ ਨੂੰ ਪੂਰ ਕੇ ਅਜਿਹਾ ਸਿਲੇਬਸ ਤਿਆਰ ਹੋ ਸਕਦਾ ਹੈ, ਜਿਸ ਦੀ ਪੜ੍ਹਾਈ ਉਪਰੰਤ ਵਿਦਿਆਰਥੀਆਂ ਨੂੰ ਰੁਜ਼ਗਾਰ ਹਾਸਲ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਹੋਵੇ। ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਪ੍ਰਚਾਰ ਪ੍ਰਸਾਰ ਦੇ ਮੰਤਵ ਨਾਲ ਸਥਾਪਤ ਪੰਜਾਬੀ ਯੂਨੀਵਰਸਿਟੀ ਦੀਆਂ ਕਲਾ, ਵਿਗਿਆਨ, ਭਾਸ਼ਾ, ਸਮਾਜ ਵਿਗਿਆਨ ਆਦਿ ਖੇਤਰਾਂ ਵਿੱਚ ਅਥਾਹ ਪ੍ਰਾਪਤੀਆਂ ਹਨ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ ਹੋਰ ਅੱਗੇ ਲਿਜਾਣ ਲਈ ਅਸੀਂ ਲੋੜ ਤੇ ਸਮੇਂ ਅਨੁਸਾਰ ਨਵੀਆਂ ਪੁਲਾਂਘਾਂ ਪੁੱਟਾਂਗੇ।ਇਸ ਮੌਕੇ ਉਨ੍ਹਾਂ ਵੱਲੋਂ ਆਪਣੇ ਯੋਗ ਮੁੱਖ ਮੰਤਰੀ ਭਗਵੰਤ ਮਾਨ, ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਤੇ ਸਮੁੱਚੀ ਕੈਬਨਿਟ ਦਾ ਇਸ ਅਹਿਮ ਜ਼ਿੰਮੇਵਾਰੀ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ. ਸੰਜੀਵ ਪੁਰੀ, ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸੈਣੀ ਤੇ ਹੋਰ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦੇ ਆਪਣੇ ਅਧਿਆਪਨ ਵਿਭਾਗ ਤੋਂ ਵਿਗਿਆਨ ਨਾਲ਼ ਸਬੰਧਤ ਮੌਜੂਦਾ ਤੇ ਸੇਵਾ-ਨਵਿਰਤ ਅਧਿਆਪਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਵਿਧਾਇਕ ਵੱਲੋਂ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ




**ਭੀਖੀ (ਧਰਮਵੀਰ ਸ਼ਰਮਾ)**-ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਹਲਕਾ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਦੁਆਰਾ ਪਿੰਡ ਧਲੇਵਾਂ, ਮੋਹਰ ਸਿੰਘ ਵਾਲਾ ਤੇ ਹੋਡਲਾ ਕਲਾਂ ਦੇ ਸਰਕਾਰੀ ਸਕੂਲਾਂ ਵਿੱਚ 17 ਲੱਖ 67 ਹਜ਼ਾਰ ਰੁਪਏ ਦੀ ਲਾਗਤ ਵਾਲੇ ਵੱਖ ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਵਿਧਾਇਕ ਵਿਜੈ ਸਿੰਗਲਾ ਨੇ ਕਿਹਾ ਕਿ ਸਿੱਖਿਆ ਹੀ ਉਹ ਹਥਿਆਰ ਹੈ, ਜਿਸ ਨਾਲ਼ ਤੁਸੀਂ ਦੁਨੀਆ 'ਤੇ ਜਿੱਤ ਪ੍ਰਾਪਤ ਕਰ ਸਕਦੇ ਹੋ।ਅਧਿਆਪਕ ਦਾ ਰੁਤਬਾ ਸਭ ਤੋਂ ਉੱਪਰ ਹੈ, ਅਧਿਆਪਕ ਹੀ ਵਿਦਿਆਰਥੀ ਦਾ ਪਹਿਲਾ ਗੁਰੂ ਹੁੰਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਧਿਆਪਕ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਮਾਰਕੀਟ ਕਮੇਟੀ ਭੀਖੀ ਦੇ ਚੇਅਰਮੈਨ ਮਾ. ਵਰਿੰਦਰ ਸੋਨੀ, ਐੱਸ.ਐੱਮ.ਸੀ. ਚੇਅਰਮੈਨ ਮੇਲਾ ਸਿੰਘ ਮੋਹਰ ਸਿੰਘ ਵਾਲਾ, ਸਕੂਲ ਮੁਖੀ ਅਮਰੀਕ ਸਿੰਘ, ਐੱਸ.ਐੱਮ.ਸੀ. ਚੇਅਰਮੈਨ ਜਗਸੀਰ ਸਿੰਘ, ਮੋਹਰ ਸਿੰਘ ਵਾਲਾ ਦੇ ਸਰਪੰਚ ਬਲਜਿੰਦਰ ਸਿੰਘ, ਜੱਸੜਵਾਲਾ ਦੇ ਸਰਪੰਚ ਬੇਅੰਤ ਕੌਰ, ਪ੍ਰਾਇਮਰੀ ਸਕੂਲ ਦੇ ਮੁਖੀ ਸੁਖਵੰਤ ਸਿੰਘ, ਮੁੱਖ ਅਧਿਆਪਕ ਗੁਰਸੰਤ ਸਿੰਘ, ਅਜੇ ਕੁਮਾਰ, ਅਧਿਆਪਕਾ ਕਰਮਜੀਤ ਕੌਰ, ਗਗਨਦੀਪ ਕੌਰ, ਵੀਰਪਾਲ ਕੌਰ, ਹੋਡਲਾ ਸਕੂਲ ਦੇ ਮੁਖੀ ਪ੍ਰੇਮ ਨਾਥ, ਸਰਪੰਚ ਨਿਰਮਲ ਸਿੰਘ, ਐੱਸ.ਐੱਮ.ਸੀ. ਚੇਅਰਮੈਨ ਨਿਰਮਲ ਸਿੰਘ, ਪ੍ਰਿੰਸੀਪਲ ਸੁਖਦੇਵ ਸਿੰਘ, ਅਮਨਦੀਪ ਸਿੰਘ ਭਾਈ ਦੇਸਾ, ਜਗਤਾਰ ਸਿੰਘ ਔਲਖ ਆਦਿ ਹਾਜ਼ਰ ਸਨ।

## ਬਾਬਾ ਫ਼ਰੀਦ ਪਬਲਿਕ ਸਕੂਲ ਵੱਲੋਂ ਸਨਮਾਨ ਸਮਾਰੋਹ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ ਵੱਲੋਂ ਸੀ ਬੀ ਐੱਸ ਈ ਬੋਰਡ ਪ੍ਰੀਖਿਆਵਾਂ 2024-25 ਵਿੱਚ 90% ਤੋਂ ਵੱਧ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਫ਼ਰੀਦ-ਆਡੀਟੋਰੀਅਮ ਵਿੱਚ ਕੀਤਾ ਗਿਆ।ਸਾਇੰਸ, ਕਾਮਰਸ ਤੇ ਆਰਟਸ ਸਟਰੀਮਾਂ ਵਿੱਚ ਟੌਪ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ (31000/-, 21000/- ਤੇ 11000/-), ਟ੍ਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਚੇਅਰਮੈਨ ਸਿਮਰਜੀਤ ਸਿੰਘ ਸੇਖੋਂ ਤੇ ਸ਼੍ਰੀਮਤੀ ਰਾਜਪਾਲ ਕੌਰ ਸੇਖੋਂ ਤੇ ਸਮੂਹ ਕਮੇਟੀ ਚਰਨਜੀਤ ਸਿੰਘ ਸੇਖੋਂ, ਗੁਰਜਾਪ ਸਿੰਘ ਸੇਖੋਂ, ਡਾ. ਗੁਰਇੰਦਰ ਮੋਹਨ ਸਿੰਘ, ਦੀਪਇੰਦਰ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ, ਨਰਿੰਦਰਪਾਲ ਸਿੰਘ ਬਰਾੜ ਵੱਲੋਂ ਅਧਿਆਪਕਾਂ ਨੂੰ ਵੀ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਅੱਵਲ ਦਰਜੇ ਦਾ ਨਤੀਜਾ ਲਿਆਉਣ ਵਾਲੇ ਅਧਿਆਪਕਾਂ ਨੂੰ 5100/- ਨਗਦ ਇਨਾਮ ਨਾਲ ਸਨਮਨਿਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਮਰਹੂਮ ਸ੍ਰ. ਇੰਦਰਜੀਤ ਸਿੰਘ ਖਾਲਸਾ ਦੀ ਯਾਦ ਵਿੱਚ ਬਣਾਈ ਸਕਾਲਰਸ਼ਿਪ ਸਕੀਮ ਤਹਿਤ 10ਵੀਂ ਜਮਾਤ ਦੇ ਟਾਪਰ ਵਿਦਿਆਰਥੀਆਂ ਲਈ ਅਗਲੇ ਦੋ ਸਾਲਾਂ ਦੀ ਪੜ੍ਹਾਈ ਮੁਫ਼ਤ ਕੀਤੀ ਗਈ।ਸਮਾਰੋਹ ਦੇ ਅੰਤ 'ਚ ਕਾ. ਪ੍ਰਿੰਸੀਪਲ ਸ੍ਰੀਮਤੀ ਸੁਖਦੀਪ ਕੌਰ ਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ ਵੱਲੋਂ ਸਾਰੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ ਅਤੇ ਹੋਰ ਉੱਚੀਆਂ ਉਡਾਣਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ 183ਵਾਂ ਪੈਨਸ਼ਨ ਵੰਡ ਸਮਾਰੋਹ



**ਜਗਰਾਉਂ (ਅਮਿਤ ਖੰਨਾ)**-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਨੇ ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ 183ਵਾਂ ਪੈਨਸ਼ਨ ਵੰਡ ਸਮਾਰੋਹ ਕਰਵਾਇਆ, ਜਿਸ ਦੇ ਮੁੱਖ ਮਹਿਮਾਨ ਸ੍ਰ. ਮੇਜਰ ਸਿੰਘ ਛੀਨਾ ਤੇ ਐਡਵੋਕੇਟ ਸਰਬਜੀਤ ਸਿੰਘ ਛੀਨਾ ਸਨ। ਗੈਸਟ ਆਫ ਓਨਰ ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਨ। ਸ੍ਰ. ਮੇਜਰ ਸਿੰਘ ਛੀਨਾ ਨੇ ਆਪਣੇ ਪੋਤਿਆਂ ਕਵਰਪਾਲ ਸਿੰਘ ਤੇ ਗੁਰਵੀਰ ਸਿੰਘ ਦੇ ਨਾਲ ਮਿਲ ਕੇ 25 ਬਜ਼ੁਰਗਾਂ ਨਾਲ ਪੋਤੇ ਕਵਰਪਾਲ ਸਿੰਘ ਦਾ ਜਨਮ ਦਿਨ ਮਨਾਇਆ, 25 ਬਜ਼ੁਰਗਾਂ ਨੂੰ ਪੈਨਸ਼ਨ ਦੇ ਨਾਲ ਨਾਲ ਆਟੇ ਦੀਆਂ ਥੈਲੀਆਂ ਤੇ ਚਾਹ, ਬਿਸਕੁਟ, ਠੰਡੇ ਦੀ ਵੀ ਸੇਵਾ ਕੀਤੀ। ਉਨ੍ਹਾਂ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਇਹ ਸਭ ਕੁਝ ਪ੍ਰਮਾਤਮਾ ਹੀ ਉਨ੍ਹਾਂ ਤੋਂ ਕਰਾਉਂਦਾ ਹੈ। ਮੇਜਰ ਸਿੰਘ ਛੀਨਾ ਤੇ ਐਡਵੋਕੇਟ ਸਰਬਜੀਤ ਸਿੰਘ ਛੀਨਾ ਨੇ ਸੰਸਥਾ ਨੂੰ ਆਪਣੇ ਨਾਲ ਜੋੜਨ ਦਾ ਧੰਨਵਾਦ ਕੀਤਾ। ਪ੍ਰਧਾਨ ਮਨਜਿੰਦਰ ਪਾਲ ਸਿੰਘ ਹਨੀ, ਸੈਕਟਰੀ ਫਾਇਨਾਂਸ ਰਾਜਨ ਬਾਂਸਲ, ਪੈਟਰਨ ਬੀ ਕੇ ਗੋਇਲ, ਜਾਇੰਟ ਸੈਕਟਰੀ ਜਸਪਾਲ ਸਿੰਘ, ਪ੍ਰੋਜੈਕਟ ਡਾਇਰੈਕਟਰ ਬਿਕਰਮ ਜੱਸੀ ਐਮ ਸੀ, ਪ੍ਰੋਜੈਕਟ ਡਾਇਰੈਕਟਰ ਵਿੱਕੀ ਔਲਕ, ਜਾਇੰਟ ਸੈਕਟਰੀ ਰਜਨੀਸ਼ ਪਾਲ ਸਿੰਘ, ਪਬਲਿਕ ਸਿਟੀ ਅਫਸਰ ਦੀਪਕ ਸੇਠੀ, ਨਵਦੀਪ ਬਾਵਾ, ਆਸ਼ੀਸ਼ ਕਪੂਰ ਆਦਿ ਮੈਂਬਰਾਂ ਨੇ ਛੀਨਾ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਦਮਨਦੀਪ ਸਿੰਘ ਨੇ ਸਟੇਜ ਸੈਕਟਰੀ ਦੀ ਭੂਮਿਕਾ ਬਾਖ਼ੂਬੀ ਨਿਭਾਈ।

## ਅਪ੍ਰੇਸ਼ਨ ਸੰਧੂਰ ਦੀ ਸਫਲਤਾ 'ਤੇ ਕੱਢੀ ਤਿਰੰਗਾ ਯਾਤਰਾ




**ਮਲੋਟ (ਓਮ ਪ੍ਰਕਾਸ਼ ਸੇਖੂ)**-ਭਾਰਤੀ ਜਨਤਾ ਪਾਰਟੀ ਮੰਡਲ-2 ਸ਼ਹਿਰ ਮਲੋਟ ਵੱਲੋਂ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਕੀਤੇ ਗਏ ਆਪ੍ਰੇਸ਼ਨ ਸੰਧੂਰ ਦੇ ਸਫਲਤਾ ਪੂਰਵਕ ਪੂਰੇ ਹੋਣ 'ਤੇ ਅਤੇ ਉਸ ਦੌਰਾਨ ਸ਼ਹੀਦ ਹੋਏ ਜਵਾਨਾਂ ਨੂੰ ਸਮਰਪਤ ਇੱਕ ਤਿਰੰਗਾ ਯਾਤਰਾ ਚਾਰ ਖੰਭਾ ਚੌਂਕ ਮੰਡੀ ਹਰਜੀ ਰਾਮ ਤੋਂ ਸ਼ੁਰੂ ਕੀਤੀ ਗਈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਭਾਰਤੀ ਜਨਤਾ ਪਾਰਟੀ ਮੰਡਲ-2 ਸ਼ਹਿਰ ਮਲੋਟ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨੇ ਭਾਰਤ ਮਾਤਾ ਦੀ ਜੈ ਦੇ ਜੈਕਾਰੇ ਲਾਉਂਦੇ ਹੋਏ ਤਿਰੰਗਾ ਯਾਤਰਾ ਕੱਢੀ ਗਈ। ਇਸ ਦੌਰਾਨ ਮਲੋਟ ਮੰਡਲ-2 ਦੇ ਪ੍ਰਧਾਨ ਡਾ. ਰਿਖੀ ਕੇਸ ਪਰਵਲ ਭੋਲੀ ਤੇ ਸੁਸ਼ੀਲ ਕੁਮਾਰ ਜਲਹੋਤਰਾ, ਡਾ. ਜਗਦੀਸ਼ ਸ਼ਰਮਾ, ਅਮਨਦੀਪ ਸਿੰਘ ਸੰਧੂ, ਚੰਦਨ ਚਾਵਲਾ, ਸੰਦੀਪ ਵਰਮਾ, ਹੈਪੀ ਡਾਬਰ, ਸੁਭਾਸ਼ ਗੁੰਬਰ, ਗੁਲਸ਼ਨ ਸ਼ਰਮਾ, ਰਾਜਿੰਦਰ ਮਿਠੂ, ਪ੍ਰਲਾਦ ਬਾਰਾਂ, ਨਿਰਮਲ ਸੋਨੀ, ਧਰਮ ਚੰਦ, ਸੂਰਜ ਕੁਮਾਰ, ਧਰਮਪਾਲ, ਰਮੇਸ਼ ਕੁਮਾਰ ਕਲੂ, ਅਮਨ ਮਿੱਢਾ, ਸਮਸ਼ੇਰ ਸਿੰਘ, ਗੀਤਿਕਾ ਜੁਨੇਜਾ, ਜੋਤੀ, ਮਧੂ, ਅਭੀ ਜਲਹੋਤਰਾ, ਵੈਦ ਸੋਨੀ, ਪਵਨ ਕੁਮਾਰ, ਸੋਨੂੰ ਆਦਿ ਹਾਜ਼ਰ ਹੋਏ।

## ਕਿਰਾਏ 'ਤੇ ਲਈਆਂ ਕੰਬਾਇਨਾਂ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਇਕ ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਮੱਲਾਂਵਾਲਾ ਵਿਖੇ ਇੱਕ ਵਿਅਕਤੀ ਵੱਲੋਂ ਕਿਰਾਏ 'ਤੇ ਲਈਆਂ ਤਿੰਨ ਕੰਬਾਇਨਾਂ ਖੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਇਕ ਵਿਅਕਤੀ ਖਿਲਾਫ 406 ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਇਕ ਪੜਤਾਲੀ ਰਿਪੋਰਟ ਮੌਸੂਲ ਹੋਈ, ਜਿਸ ਵਿਚ ਮੁੱਦਈ ਹਰਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਮਿਆਨੀ ਬੋਲਾ ਕਪੂਰਥਲਾ ਤੋਂ ਅਮਰੀਕ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਵਾਰਡ ਨੰਬਰ 4 ਮੱਲਾਂਵਾਲਾ ਨੇ ਤਿੰਨ ਕੰਬਾਇਨਾਂ ਕਿਰਾਏ 'ਤੇ ਲਈਆਂ ਸਨ ਤੇ ਖੁਰਦ-ਬੁਰਦ ਕਰ ਦਿੱਤੀਆਂ ਸਨ। ਜਾਂਚਕਰਤਾ ਸੁਖਪਾਲ ਸਿੰਘ ਨੇ ਦੱਸਿਆ ਕਿ ਇਸ ਸੰਬੰਧੀ ਪੜਤਾਲੀਆ ਰਿਪੋਰਟ ਮੌਸੂਲ ਹੋਣ ਤੋਂ ਬਾਅਦ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਬਠਿੰਡਾ ਦੇ ਮੌਜੂਦਾ ਬੱਸ ਅੱਡੇ ਦੀ ਤਬਦੀਲੀ ਦੀ ਯੋਜਨਾ ਨੂੰ ਰੱਦ ਕਰਨ ਦੀ ਮੰਗ

### *ਇਨਕਲਾਬੀ ਕੇਂਦਰ ਵੱਲੋਂ 'ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ' ਦੀ ਭਰਵੀਂ ਹਮਾਇਤ ਦਾ ਐਲਾਨ*

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਠਿੰਡਾ ਸ਼ਹਿਰ ਦੇ ਮੌਜੂਦਾ ਬੱਸ ਅੱਡੇ ਨੂੰ ਇੱਥੋਂ ਮਲੋਟ ਵਾਲੀ ਸੜਕ ਉੱਪਰ ਤਬਦੀਲ ਕਰਨ ਦਾ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਖਤ ਵਿਰੋਧ ਜਤਾਉਂਦੇ ਹੋਏ ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਦੀ ਭਰਵੀਂ ਹਮਾਇਤ ਦਾ ਐਲਾਨ ਕਰਦਿਆਂ ਮੰਗ ਕੀਤੀ ਹੈ ਕਿ ਬੱਸ ਅੱਡੇ ਦੀ ਤਬਦੀਲੀ ਦੀ ਯੋਜਨਾ ਨੂੰ ਰੱਦ ਕੀਤਾ ਜਾਵੇ। ਜਥੇਬੰਦੀ ਦੇ ਸੂਬਾ ਆਗੂ ਨਰੈਣ ਦੱਤ, ਕੰਵਲਜੀਤ ਖੰਨਾ, ਮੁਖਤਿਆਰ ਸਿੰਘ ਪੂਹਲਾ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੱਸ ਅੱਡਾ ਸ਼ਹਿਰ ਤੋਂ ਬਾਹਰ ਤਬਦੀਲ ਕਰਨ 'ਤੇ ਹਰ ਵਰਗ ਔਖਾ ਹੈ। ਬੱਸ ਅੱਡਾ ਤਬਦੀਲ ਹੋਣ ਨਾਲ ਸ਼ਹਿਰੀ ਤੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਮੌਜੂਦਾ ਬੱਸ ਅੱਡੇ ਤੋਂ ਲੋਕਾਂ ਨੂੰ ਬਹੁਤ ਸਹੂਲਤਾਂ ਮਿਲ ਰਹੀਆਂ ਹਨ। ਲੋਕਾਂ ਨੂੰ ਆਮ ਕੰਮਾਂ ਲਈ ਸਾਰੇ ਦਫ਼ਤਰ ਬੱਸ ਅੱਡੇ ਦੇ ਬਹੁਤ ਨੇੜੇ ਪੈਂਦੇ ਹਨ, ਜਿਸ ਕਰਕੇ ਪਿੰਡਾਂ ਵਾਲੇ ਲੋਕਾਂ ਨੂੰ ਦਫ਼ਤਰਾਂ ਵਿੱਚ ਆਉਣ-ਜਾਣ ਸਮੇਂ ਕੋਈ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪਿੰਡਾਂ ਦੇ ਕਿਸਾਨ, ਮਜ਼ਦੂਰ, ਵਿਦਿਆਰਥੀ ਤੇ ਆਮ ਲੋਕਾਂ ਦੀ ਬੱਸ ਅੱਡੇ ਨੂੰ ਇਥੋਂ ਤਬਦੀਲ ਕਰਨ ਦੀ ਕੋਈ ਮੰਗ ਨਹੀਂ ਹੈ, ਪ੍ਰੰਤੂ ਭੂ ਮਾਫੀਆ ਦੇ ਇਸ਼ਾਰੇ 'ਤੇ ਬੱਸ ਅੱਡਾ ਮਲੋਟ ਵਾਲੀ ਸੜਕ 'ਤੇ ਲਿਜਾਇਆ ਜਾ ਰਿਹਾ ਤਾਂ ਜੋ ਭੂ ਮਾਫੀਆ ਉਕਤ ਸੜਕ ਨੇੜੇ ਸਥਿਤ ਆਪਣੀਆਂ ਜ਼ਮੀਨਾਂ ਮਹਿੰਗੇ ਭਾਅ 'ਤੇ ਵੇਚ ਸਕੇ। ਆਮ ਲੋਕ ਮੰਗ ਕਰਦੇ ਹਨ ਕਿ ਬਠਿੰਡੇ ਦਾ ਬੱਸ ਅੱਡਾ ਤਬਦੀਲ ਨਾ ਕੀਤਾ ਜਾਵੇ। ਬੱਸ ਅੱਡੇ ਨੂੰ ਤਬਦੀਲ ਕਰਨ ਨਾਲ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

# ਪਿੰਡਾਂ ਤੇ ਸ਼ਹਿਰਾਂ ਦੇ ਲੋਕ ਬਿਜਲੀ ਦੇ ਲੰਮੇ ਕੱਟਾਂ ਤੋਂ ਪ੍ਰੇਸ਼ਾਨ : ਦੌਲਤਪੁਰਾ

### ਬੀ ਕੇ ਯੂ ਲੱਖੋਵਾਲ ਦੇ ਵਫਦ ਨੇ ਐਕਸੀਅਨ ਨੂੰ ਦਿੱਤਾ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਇੱਕ ਵਫਦ ਐਕਸੀਅਨ ਬਿਜਲੀ ਬੋਰਡ ਮੋਗਾ ਨੂੰ ਮੰਗ ਪੱਤਰ ਦੇਣ ਪਹੁੰਚਿਆ। ਇਸ ਸਮੇਂ ਦਫਤਰ ਐਕਸੀਅਨ ਸੁਪਰਡੈਂਟ ਮੈਡਮ ਨੂੰ ਮੰਗ ਪੱਤਰ ਸੌਂਪਿਆ ਇਸ ਸਮੇਂ ਜ਼ਿਲ੍ਹਾ ਪ੍ਰਧਾਨ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਸ਼ਹਿਰਾਂ ਤੇ ਪਿੰਡਾਂ ਦੇ ਲੋਕ ਬਿਜਲੀ ਦੇ ਕੱਟਾਂ ਤੋਂ ਡਾਢੇ ਪ੍ਰੇਸ਼ਾਨ ਹਨ, ਕਿਉਂਕਿ ਗਰਮੀ ਨੇ ਜ਼ੋਰ ਫੜ ਲਿਆ ਹੈ, ਉਪਰੋਂ ਬਿਜਲੀ ਦੇ ਲੰਬੇ ਲੰਬੇ ਕੱਟ ਲੱਗ ਰਹੇ ਹਨ, ਜਿਸ ਕਾਰਨ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਅਜੇ ਕਿਸਾਨਾਂ ਵੱਲੋਂ ਝੋਨੇ ਦੀ ਲਵਾਈ ਸ਼ੁਰੂ ਨਹੀਂ ਹੋਈ, ਪਰ ਬਿਜਲੀ ਦਾ ਪਹਿਲਾਂ ਹੀ ਬੁਰਾ ਹਾਲ ਹੈ। ਅਸੀਂ ਮਾਨਯੋਗ ਐਕਸ਼ਨ ਸਾਹਿਬ ਨੂੰ ਮੰਗ ਪੱਤਰ ਦਿੱਤਾ ਕਿ ਸਾਨੂੰ ਨਿਰੰਤਰ ਘਰੇਲੂ ਬਿਜਲੀ 24 ਘੰਟੇ ਤੇ ਖੇਤਾਂ ਲਈ 10 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ, ਕਿਉਂਕਿ ਸਮੂਹ ਲੁਕਾਈ ਖੇਤੀਬਾੜੀ ਤੇ ਕਾਰੋਬਾਰ ਬਿਜਲੀ 'ਤੇ ਨਿਰਭਰ ਹੈ। ਉਨ੍ਹਾਂ ਮੰਗ ਕੀਤੀ ਕਿ ਜ਼ਿਲ੍ਹੇ ਅੰਦਰ ਜੋ ਬਿਜਲੀ ਮੁਲਾਜ਼ਮਾਂ ਦੀ ਨਫ਼ਰੀ ਦੀ ਅਲੱਗ ਅਲੱਗ ਬਿਜਲੀ ਘਰਾਂ ਵਿੱਚ ਘਾਟ ਹੈ, ਉਸ ਨਫ਼ਰੀ ਨੂੰ ਨਵੀਂ ਭਰਤੀ ਕਰਕੇ ਪੂਰਾ ਕੀਤਾ ਜਾਵੇ ਅਤੇ ਸਮਾਂ ਰਹਿੰਦੇ ਓਵਰਲੋਡ ਟਰਾਂਸਫਾਰਮਰਾਂ ਨੂੰ ਅੰਡਰਲੋਡ ਕੀਤਾ ਜਾਵੇ ਅਤੇ ਢਿੱਲੇ ਜੈਪਰਾਂ ਨੂੰ ਕੱਸਿਆ ਜਾਵੇ ਤਾਂ ਜੋ ਝੋਨੇ ਦੇ ਸੀਜ਼ਨ ਦੌਰਾਨ ਕੋਈ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਲਖਬੀਰ ਸਿੰਘ ਸਾਬਕਾ ਸਰਪੰਚ ਸੰਧੂ ਵਾਲਾ, ਮੋਦਨ ਸਿੰਘ ਨਿਦਾਂ ਵਾਲਾ, ਜ਼ਿਲ੍ਹਾ ਬਲਾਕ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਮੀਡੀਆ ਇੰਚਾਰਜ ਬਲਕਰਨ ਸਿੰਘ ਢਿੱਲੋਂ, ਹਰਜਿੰਦਰ ਸਿੰਘ ਮਾਣੂਕੇ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

## ਔਰਤ ਨੂੰ ਗੋਲੀਆਂ ਮਾਰ ਕੇ ਕੀਤਾ ਜ਼ਖਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਆਸਲ ਵਿਖੇ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਇੱਕ ਔਰਤ ਨੂੰ ਜ਼ਖਮੀਂ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਮਨਦੀਪ ਕੌਰ ਪੁੱਤਰੀ ਜਸਬੀਰ ਸਿੰਘ ਵਾਸੀ ਪਿੰਡ ਆਸਲ ਨੇ ਦੱਸਿਆ ਕਿ 13 ਮਈ 2025 ਦੀ ਰਾਤ ਨੂੰ ਉਸ ਦੀ ਅਚਾਨਕ ਤਬੀਅਤ ਖਰਾਬ ਹੋ ਗਈ, ਉਸ ਨੂੰ ਉਲਟੀਆਂ ਆਉਣ ਲੱਗ ਪਈਆਂ। ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਨਾਲ ਦੇ ਕਮਰੇ ਵਿਚ ਪਏ ਜਸ਼ਨਦੀਪ ਸਿੰਘ ਪੁੱਤਰ ਬਲੀ ਸਿੰਘ ਵਾਸੀ ਆਸਲ ਨੂੰ ਉਠਾ ਕੇ ਪਿੰਡ ਦੇ ਡਾਕਟਰ ਤੋਂ ਦਵਾਈ ਲੈ ਕੇ ਆਉਣ ਲਈ ਕਿਹਾ। ਅਮਨਦੀਪ ਕੌਰ ਨੇ ਦੱਸਿਆ ਕਿ ਰਾਤ ਦੇ ਕਰੀਬ 11 ਵਜੇ ਉਸ ਦਾ ਬਾਥਰੂਮ ਜੋ ਕਿ ਬੈੱਡਰੂਮ ਦੇ ਨਾਲ ਬਣਿਆ ਹੋਇਆ ਹੈ, ਉਹ ਬਾਥਰੂਮ ਵਿੱਚੋਂ ਆਪਣੇ ਬੈੱਡਰੂਮ ਵਿੱਚ ਦਾਖਲ ਹੋ ਰਹੀ ਸੀ ਤਾਂ ਪਿੱਛੋਂ ਦੀ ਕਿਸੇ ਨੇ ਉਸ ਉੱਪਰ ਇਕ ਫਾਇਰ ਕੀਤਾ, ਜੋ ਉਸ ਦੀ ਖੱਬੀ ਲੱਤ ਦੀ ਪਿੰਜਣੀ 'ਤੇ ਲੱਗਾ, ਉਹ ਜਲਦੀ ਨਾਲ ਬਾਥਰੂਮ ਦਾ ਦਰਵਾਜ਼ਾ ਬੰਦ ਕਰਕੇ ਬਾਥਰੂਮ ਵਿੱਚ ਵੜ ਗਈ। ਹਮਲਾਵਾਰ ਨੇ ਆਪਣਾ ਮੂੰਹ ਰੁਮਾਲ ਨਾਲ ਢੱਕਿਆ ਹੋਇਆ ਸੀ, ਫਿਰ ਉਸ ਨੇ ਦਰਵਾਜ਼ਾ ਧੱਕ ਕੇ ਇਕ ਫਾਇਰ ਹੋਰ ਕੀਤਾ, ਜੋ ਉਸ ਦੇ ਪੇਟ ਵਿੱਚ ਲੱਗਾ ਤੇ ਉਹ ਹੇਠਾਂ ਡਿੱਗ ਪਈ। ਹਮਲਾਵਾਰ ਨੇ ਹੋਰ ਫਾਇਰ ਉਸ ਉਪਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਹੋਇਆ ਤੇ ਬਾਅਦ ਵਿੱਚ ਹਮਲਾਵਾਰ ਮੌਕੇ ਤੋਂ ਭੱਜ ਗਿਆ।

ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਇਲਾਜ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

**Capital Small Finance Bank**

H.O: MIDAS Corporate Park, 3rd Floor, 37 G.T. Road, Jalandhar City

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 06.12.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਰਜਤ ਮੱਲ੍ਹੀ ਪੁੱਤਰ ਸ੍ਰੀ ਪ੍ਰਕਾਸ਼ ਚੰਦ, ਵਾਸੀ ਪਿੰਡ ਰਾਜਪਰੂਰਾ, ਸਰਨਾ, ਪਠਾਨਕੋਟ, ਪੰਜਾਬ-145025 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 2. ਸ੍ਰੀ ਕਮਲਜੀਤ ਪੁੱਤਰ ਸ੍ਰੀ ਬਲਦੇਵ ਸਿੰਘ ਉਰਫ ਬਲਦੇਵ ਰਾਜ, ਵਾਸੀ ਪਿੰਡ ਜਸਵਾਲ ਲਹਿਰੀ, ਸਰਨਾ, ਪਠਾਨਕੋਟ, ਪੰਜਾਬ-145025 3. ਸ੍ਰੀ ਪ੍ਰੀਤਮ ਲਾਲ ਪੁੱਤਰ ਸ੍ਰੀ ਪ੍ਰਕਾਸ਼ ਚੰਦ, ਵਾਸੀ ਮਕਾਨ ਨੰ. 33, ਪਿੰਡ ਰਾਜਪਰੂਰਾ, ਡਾਕਖਾਨਾ ਸਰਨਾ ਸਟੇਸ਼ਨ, ਜ਼ਿਲ੍ਹਾ ਪਠਾਨਕੋਟ, ਪੰਜਾਬ-145025 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ/098611000042 'ਚ ਨੋਟਿਸ ਦੀ ਮਿਤੀ 'ਤੇ ਬਕਾਇਆ ਰਾਸ਼ੀ ਰੁਪਏ 11,92,564.30 ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/098611000042 'ਚ ਬਕਾਇਆ ਰਾਸ਼ੀ ਰੁਪਏ 11,92,564.30 ਮਿਤੀ 01.12.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ : ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਦਸਤਾਵੇਜ਼ ਨੰ. 2019-20/44/1/4803 ਮਿਤੀ 13.11.2019 ਅਨੁਸਾਰ ਸ੍ਰੀ ਰਜਤ ਮੱਲ੍ਹੀ ਪੁੱਤਰ ਸ੍ਰੀ ਪ੍ਰਕਾਸ਼ ਚੰਦ ਦੀ ਮਲਕੀਅਤ ਜਾਇਦਾਦ ਰਕਬਾ 10 ਮਰਲੇ, ਪਿੰਡ ਗੋਬਿੰਦਸਰ, ਹੱਦਬਸਤ ਨੰ. 192, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਨਾਲ ਸੰਬੰਧਤ ਸਭ ਕੁੱਝ।

ਸਥਾਨ : ਪਠਾਨਕੋਟ | ਮਿਤੀ : 21.05.2025 | ਸਹੀ/- ਅਧਿਕਾਰਤ ਅਫਸਰ

## ਸ਼ਹਿਰ ਵਾਸੀ ਬਿਜਲੀ ਦੇ ਕੱਟਾਂ ਤੋਂ ਪ੍ਰੇਸ਼ਾਨ

**ਲੁਧਿਆਣ (ਰਾਜ ਸਿੰਗਲਾ)**-ਪੰਜਾਬ ਅੰਦਰ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਬਿਜਲੀ ਦੇ ਲੰਮੇ-ਲੰਮੇ ਕੱਟ ਮਹਾਂਨਗਰ ਲੁਧਿਆਣਾ ਦੇ ਵਾਸੀਆਂ ਨੂੰ ਸਤਾਉਣ ਲੱਗ ਪਏ ਹਨ। ਇੱਕ ਪਾਸੇ ਪੰਜਾਬ ਸਰਕਾਰ ਦਾਅਵੇ ਤੇ ਵਾਅਦੇ ਕਰ ਰਹੀ ਹੈ ਕਿ ਪੰਜਾਬ ਅੰਦਰ ਬਿਜਲੀ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇਗਾ, ਪਰ ਪੰਜਾਬ ਦਾ ਇੰਡਸਟਰੀਅਲ ਕਹਾਉਣ ਵਾਲਾ ਸ਼ਹਿਰ ਲੁਧਿਆਣਾ ਬਿਜਲੀ ਦੇ ਕੱਟਾਂ ਨਾਲ ਜੂਝ ਰਿਹਾ ਹੈ।ਲੁਧਿਆਣਾ ਸੈਂਟਰ ਅੰਦਰ ਬਿਜਲੀ ਦੇ ਲੰਮੇ-ਲੰਮੇ ਕੱਟ ਲੱਗ ਰਹੇ ਹਨ, ਜਿਸ ਤੋਂ ਸ਼ਹਿਰ ਵਾਸੀ ਕਾਫ਼ੀ ਪ੍ਰੇਸ਼ਾਨ ਹਨ। ਹੋਰ ਤਾਂ ਹੋਰ ਪੀਣ ਵਾਲੇ ਪਾਣੀ ਦੀ ਵੀ ਮੁਸ਼ਕਲ ਬਣੀ ਹੋਈ ਹੈ।

ਆਮ ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਅੰਦਰ ਬਿਜਲੀ ਦੀ ਸਪਲਾਈ ਯਕੀਨੀ ਬਣਾਈ ਜਾਵੇ ਤੇ ਬਿਜਲੀ ਦਫ਼ਤਰਾਂ ਅੰਦਰ ਮੁਲਾਜ਼ਮਾਂ ਦੀ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ ਤਾਂ ਜੁ ਲੋਕਾਂ ਨੂੰ ਕੁਝ ਨਾ ਕੁਝ ਰਾਹਤ ਮਿਲ ਸਕੇ।ਬਿਜਲੀ ਦਫ਼ਤਰਾਂ ਦੇ ਬਾਹਰ ਲੱਗੇ ਹੋਏ ਬੋਰਡ ਉੱਪਰ ਨੰਬਰਾਂ 'ਤੇ ਬਿਜਲੀ ਸਪਲਾਈ ਬਾਰੇ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾਂ ਵਿੱਚੋਂ ਕੋਈ ਵੀ ਨੰਬਰ ਲੱਗ ਨਹੀਂ ਰਿਹਾ ਸੀ। ਸਰਕਾਰ ਨੂੰ ਚਾਹੀਦਾ ਹੈ ਇਨ੍ਹਾਂ ਬੋਰਡਾਂ 'ਤੇ ਦਰਸਾਏ ਨੰਬਰ ਦਰੁਸਤ ਕਰਕੇ ਸਬੰਧਤ ਮੁਲਾਜ਼ਮਾਂ ਦੇ ਮੋਬਾਇਲ ਨੰਬਰ ਲਿਖੇ ਜਾਣ ਤਾਂ ਜੁ ਬਿਜਲੀ ਦੀ ਸਪਲਾਈ ਸੰਬੰਧੀ ਜਾਂ ਬਿਜਲੀ ਦੇ ਕੱਟ ਸਬੰਧੀ ਆਮ ਲੋਕਾਂ ਨੂੰ ਜਾਣਕਾਰੀ ਮਿਲ ਸਕੇ।

# ਮਾਊਂਟ ਲਿਟਰਾ ਜ਼ੀ 'ਚ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ

**ਬਾਘਾ ਪੁਰਾਣਾ (ਮਨੀ ਸਿੰਗਲਾ)**




ਬਾਘਾ ਪੁਰਾਣਾ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਮਾਊਂਟ ਲਿਟਰਾ ਜ਼ੀ ਸਕੂਲ, ਜੋ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਅਤੇ ਸੰਸਥਾ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਯੋਗ ਅਗਵਾਈ ਵਿੱਚ ਬਹੁਤ ਵਧੀਆ ਚੱਲ ਰਿਹਾ ਹੈ।ਜਿੱਥੇ ਇਹ ਸੰਸਥਾ ਪੜ੍ਹਾਈ ਵਿੱਚ ਬਹੁਤ ਅੱਗੇ ਹੈ ਤੇ ਨਾਲ ਨਾਲ ਸਮਾਜਿਕ ਗਤੀਵਿਧੀਆਂ ਵਿੱਚ ਵੀ ਮੱਲਾਂ ਮਾਰ ਰਹੀ ਹੈ।ਮਾਂ ਦਿਵਸ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਜਿਵੇਂ ਕਿ ਸੁੰਦਰ ਲਿਖਾਈ, ਕਵਿਤਾਵਾਂ, ਕਾਰਡ ਮੇਕਿੰਗ, ਪੋਸਟਰ ਮੇਕਿੰਗ, ਭਾਸ਼ਣ ਆਦਿ ਮੁਕਾਬਲੇ ਕਰਵਾਏ ਗਏ।

ਬੱਚਿਆਂ ਨੇ ਮਾਂ ਨੂੰ ਮੁੱਖ ਰੱਖ ਕੇ ਬਹੁਤ ਸੋਹਣੀਆਂ ਕਵਿਤਾਵਾਂ ਆਪਣੀ ਮਿੱਠੀ ਆਵਾਜ਼ ਵਿੱਚ ਪੇਸ਼ ਕੀਤੀਆਂ, ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ।ਬੱਚਿਆਂ ਨੇ ਮਾਂ ਦਿਵਸ 'ਤੇ ਬਹੁਤ ਸੋਹਣੇ-ਸੋਹਣੇ ਕਾਰਡ ਤੇ ਪੋਸਟਰ ਬਣਾ ਕੇ ਪੁਜ਼ੀਸ਼ਨਾਂ ਹਾਸਲ ਕੀਤੀਆਂ।ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਨੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਡਾਇਰੈਕਟਰ ਤੇ ਪ੍ਰਿੰਸੀਪਲ ਸ੍ਰੀ ਸੰਦੀਪ ਮਹਿਤਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਬੱਚਿਆਂ ਨੂੰ ਵੱਧ ਤੋਂ ਵੱਧ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਬੱਚਿਆਂ ਵੱਲੋਂ ਪੇਸ਼ ਕੀਤੀਆਂ ਕਵਿਤਾਵਾਂ, ਕਾਰਡ, ਪੋਸਟਰ ਤੇ ਭਾਸ਼ਣ ਦੀ ਵੀ ਬਹੁਤ ਪ੍ਰਸੰਸਾ ਕੀਤੀ।ਇਸ ਮੌਕੇ ਮਾਊਂਟ ਲਿਟਰਾ ਜ਼ੀ ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਨੇ ਬੱਚਿਆਂ ਨੂੰ ਕਿਹਾ ਕਿ ਜੇਕਰ ਤੁਸੀਂ ਹੁਣ ਛੋਟੇ-ਛੋਟੇ ਮੁਕਾਬਲਿਆਂ ਵਿੱਚ ਭਾਗ ਲਿਆ ਕਰੋਗੇ ਤਾਂ ਹੀ ਤੁਸੀਂ ਉੱਚ ਪੱਧਰ ਦੇ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕਰ ਸਕੋਗੇ।ਇਸ ਮੌਕੇ ਸਕੂਲ ਕੋਆਰਡੀਨੇਟਰ ਮੈਡਮ ਮਿੰਨੀ ਬਾਲਾ ਤੇ ਸਟਾਫ ਹਾਜ਼ਰ ਸੀ।

**AXIS BANK**

Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Registered Office: "Trishul" – 3rd Floor Opp. Samartheswar Temple, Near Law Garden, Ellisbridge, Ahmedabad – 380006

**ਅੰਤਿਕਾ IV-[ਹਵਾਲਾ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 18 ਅਕਤੂਬਰ 2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਮੈਸ : ਵਰਸੈੱਟਾਈਲ ਗੈਲਰੀ ਰਾਹੀਂ ਇਸ ਦੇ ਪ੍ਰੋਪ: ਸ੍ਰੀ ਨਿਤਿਨ ਗਰਗ ਨੂੰ ਨੋਟਿਸ ਵਿੱਚ ਵਰਨਣ ਮਿਤੀ 22 ਸਤੰਬਰ 2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 20,31,702/- ਵੀਹ ਲੱਖ ਇਕੱਤੀ ਹਜ਼ਾਰ ਸੱਤ ਸੌ ਦੋ ਰੁਪਏ ਕੇਵਲ) ਦੀ ਇਸ ਉਪਰ ਬਣਦੇ ਅਣ-ਲਾਗੂ ਵਿਆਜ ਅਤੇ ਲਾਗਤ ਸਮੇਤ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ 21 ਮਈ 2025 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ/ਗਰੰਟਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ 'ਤੇ ਮਿਤੀ 22 ਸਤੰਬਰ 2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 20,31,702/- (ਵੀਹ ਲੱਖ ਇਕੱਤੀ ਹਜ਼ਾਰ ਸੱਤ ਸੌ ਦੋ ਰੁਪਏ ਕੇਵਲ) ਮੁਕੰਮਲ ਅਦਾਇਗੀ ਦੀ ਮਿਤੀ ਤੱਕ ਅਤੇ ਇਸ ਉਪਰ ਬਣਦੇ ਠੇਕਾ ਦਰ ਤੇ ਵਿਆਜ ਅਤੇ ਖਰਚਿਆਂ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ/ਗਰੰਟਰ ਦਾ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 2020-21/2/1/2721 ਮਿਤੀ 17-12-2020 ਅਨੁਸਾਰ ਸ੍ਰੀਮਤੀ ਨਿਰਮਲ ਗਰਗ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਰਕਬਾ 12 ਮਰਲੇ 8-1/2 ਸਰਸਾਈ 3 ਵਰਗ ਫੁੱਟ, ਜੋ ਕਿ ਜ਼ਮੀਨ ਰਕਬਾ 19 ਕਨਾਲ 16 ਮਰਲੇ ਦਾ 233/7128 ਹਿੱਸਾ ਹੈ, ਖਸਰਾ ਨੰ. 35/1//6/2 (3-7), 15/2 (0-5), 26 (0-18), 35/2//1/2 (6-17), 9/1 (1-2), 10/1 (7-7) ਖੇਵਟ ਨੰ. 2681, ਖਤੌਨੀ ਨੰ. 3436, ਜਮ੍ਹਾਂਬੰਦੀ ਸਾਲ 2013-2014 ਮਾਲੀਆ ਹਦੂਦ ਮੋਗਾ ਜੀਤ ਸਿੰਘ-1, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਯਾਦਵ 69'-4'', ਪੱਛਮ : ਪ੍ਰੇਮ ਕੁਮਾਰ 72', ਉੱਤਰ : 50' ਗਲੀ 20', ਦੱਖਣ : ਬਚਨ ਸਿੰਘ/ਐੱਫ ਸੀ ਆਈ ਗੋਦਾਮ 50'

ਮਿਤੀ : 21 ਮਈ 2025 | (ਅਧਿਕਾਰਤ ਅਫਸਰ)
ਸਥਾਨ : ਮੋਗਾ, ਪੰਜਾਬ | ਐਕਸਿਸ ਬੈਂਕ ਲਿਮਟਿਡ

# ਮੰਗਾਂ ਮੰਨਣ ਦੇ ਭਰੋਸੇ ਮਗਰੋਂ ਪਾਵਰਕਾਮ ਤੇ ਟਰਾਂਸਕੋ ਯੂਨੀਅਨ ਵੱਲੋਂ 5 ਦਾ ਧਰਨਾ ਮੁਲਤਵੀ



**ਪਟਿਆਲਾ/ਚੌਕੀਮਾਨ (ਰਾਜਿੰਦਰ ਸਿੰਘ ਥਿੰਦ/ਇੰਜ. ਬਲਬੀਰ ਸਿੰਘ ਮਾਨ)**-ਅੱਜ ਪਾਵਰਕੌਮ ਤੇ ਟਰਾਂਸਕੋ ਯੂਨੀਅਨ ਪੰਜਾਬ ਵੱਲੋਂ ਦਿੱਤੇ ਮੰਗ ਪੱਤਰ 'ਤੇ ਪੀ ਐੱਸ ਪੀ ਸੀ ਐੱਲ ਮੈਨੇਜਮੈਂਟ ਵੱਲੋਂ ਮੀਟਿੰਗ ਦਿੱਤੀ ਗਈ। ਬੋਰਡ ਵੱਲੋਂ ਡਾਇਰੈਕਟਰ ਪ੍ਰਬਧਕੀ ਜਸਬੀਰ ਸਿੰਘ ਢਿੱਲੋਂ ਸੁਰ ਸਿੰਘ ਵਾਲਾ ਤੇ ਹੋਰ ਅਧਿਕਾਰੀ ਹਾਜ਼ਰ ਹੋਏ। ਮੀਟਿੰਗ ਵਿੱਚ ਮੰਗਾਂ 'ਤੇ ਵਿਸਥਾਰ ਪੂਰਵਕ ਵਿਚਾਰ ਕੀਤਾ ਗਿਆ ਤੇ ਮੀਟਿੰਗ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ।ਸਾਰੀਆਂ ਹੀ ਮੰਗਾਂ ਬਾਰੇ ਮੈਨੇਜਮੈਂਟ ਤੇ ਡਾਇਰੈਕਟਰ ਪ੍ਰਬੰਧਕੀ ਦਾ ਹਾਂ-ਪੱਖੀ ਹੁੰਗਾਰਾ ਰਿਹਾ, ਜਿਸ ਨੂੰ ਮੁੱਖ ਰੱਖਦੇ ਹੋਏ ਯੂਨੀਅਨ ਵੱਲੋਂ ਪੰਜ ਜੂਨ ਨੂੰ ਰੱਖੇ ਗਏ ਧਰਨੇ ਨੂੰ ਮੁੱਲਤਵੀ ਕਰ ਦਿੱਤਾ ਗਿਆ ਹੈ।ਇਸ ਮੀਟਿੰਗ ਦੌਰਾਨ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬਰਮੀ ਦੀ ਅਗਵਾਈ ਵਿੱਚ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੈਨੇਜਮੈਂਟ ਅਧਿਕਾਰੀਆਂ ਦੇ ਸਨਮੁੱਖ ਪੇਸ਼ ਕੀਤਾ।ਤਰਕ ਦੇ ਆਧਾਰ 'ਤੇ ਸਾਥੀ ਮੀਤ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ, ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਮੰਗਾਂ ਦੀ ਪ੍ਰੌੜਤਾ ਕਰਦਿਆਂ ਜ਼ੋਰਦਾਰ ਢੰਗ ਨਾਲ ਬਿਆਨ ਕਰਕੇ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ।ਇਸ ਮੌਕੇ ਮੀਤ ਪ੍ਰਧਾਨ ਨਰਿੰਦਰ ਕੁਮਾਰ ਸੈਣੀ, ਗੋਪਾਲ ਕ੍ਰਿਸ਼ਨ, ਰਾਜਿੰਦਰ ਸਿੰਘ ਰਾਜਪੁਰਾ, ਮਦਨ ਗੋਪਾਲ, ਸਕੱਤਰ ਗੁਰਮੇਲ ਸਿੰਘ ਨਾਹਰ, ਦਵਿੰਦਰ ਸੈਣੀ, ਰਾਮ ਕੁਮਾਰ, ਭਿੰਦਰ ਸਿੰਘ ਚਾਹਿਲ, ਜਗਤਾਰ ਸਿੰਘ, ਬ੍ਰਿਜ ਮੋਹਨ, ਪ੍ਰੈੱਸ ਸਕੱਤਰ ਬਲਬੀਰ ਸਿੰਘ ਮਾਨ, ਮੀਡੀਆ ਸਲਾਹਕਾਰ ਗੱਜਣ ਸਿੰਘ, ਸੰਤੋਖ ਸਿੰਘ ਬੋਪਾਰਾਏ, ਕਾਰਜਕਾਰੀ ਮੈਂਬਰ ਹਜਾਰਾ ਸਿੰਘ ਗੁਰਦਾਸਪੁਰ, ਜਗਦੇਵ ਸਿੰਘ ਬਾਹੀਆ, ਰਣਜੀਤ ਸਿੰਘ, ਸੁਰਿੰਦਰ ਸਿੰਘ, ਅਜਮੀਲ ਖ਼ਾਨ ਖੰਨਾ, ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਬਲਵਿੰਦਰ ਸਿੰਘ ਇਯਾਲੀ, ਜਸਮੇਲ ਸਿੰਘ ਮੋਹੀ, ਚਰਨ ਸਿੰਘ ਰਾਜਪੁਰਾ, ਮਨਜੀਤ ਸਿੰਘ ਮੋਹਾਲੀ ਆਦਿ ਹਾਜਰ ਸਨ, ਜਿਨ੍ਹਾਂ ਨੇ ਸੁਖਾਵੇਂ ਮਾਹੌਲ ਵਿੱਚ ਮੈਨੇਜਮੈਂਟ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਪ੍ਰਸੰਸਾ ਕੀਤੀ ਤੇ ਆਸ ਮਹਿਸੂਸ ਕੀਤੀ ਕਿ ਲਮਕਾ ਅਵਸਥਾ ਵਿੱਚ ਪਏ ਗੰਭੀਰ ਮਸਲਿਆਂ ਬਾਰੇ ਪਾਵਰਕੌਮ ਦੀ ਮੈਨੈਜਮੈਂਟ ਤੇ ਪੰਜਾਬ ਸਰਕਾਰ ਗੰਭੀਰਤਾ ਵਿਖਾ ਕੇ ਕੀਤੇ ਵਾਅਦੇ ਪੂਰੇ ਕਰੇਗੀ।

## ਸਰਕਾਰੀ ਕੰਨਿਆ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਦਿਨੀਂ ਦਸਵੀਂ ਕਲਾਸ ਦੇ ਐਲਾਨੇ ਨਤੀਜੇ ਦੌਰਾਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਅਮਿਤ ਗਗਨੇਜਾ ਨੇ ਦੱਸਿਆ ਕਿ ਸਿਮਰਨ ਰਾਣੀ ਵੱਲੋਂ 94.92% ਅੰਕ ਹਾਸਲ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਇਸੇ ਤਰ੍ਹਾਂ ਅੰਸ਼ੂ ਨੇ 94.46% ਅੰਕ ਹਾਸਲ ਕਰਕੇ ਦੂਜਾ ਸਥਾਨ ਤੇ ਸਿਮਰਨ ਨੇ 93.7% ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਸ੍ਰੀ ਗਗਨੇਜਾ ਨੇ ਕਿਹਾ ਕਿ ਇਸ ਨਤੀਜੇ ਦਾ ਸਾਰਾ ਸਿਹਰਾ ਸਟਾਫ ਦੀ ਮਿਹਨਤ ਨੂੰ ਜਾਂਦਾ ਹੈ। ਸੋਸ਼ਲ ਮੀਡੀਆ ਇੰਚਾਰਜ ਕਰਨ ਧੂੜੀਆ ਨੇ ਦੱਸਿਆ ਕਿ 7 ਵਿਦਿਆਰਥੀਆ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਤੇ 54 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਵਾਈਸ ਪ੍ਰਿੰਸੀਪਲ ਸ੍ਰੀਮਤੀ ਨਿਰਮਲ ਵਿਖੋਣਾ ਨੇ ਦੱਸਿਆ ਕਿ ਪ੍ਰਿੰਸੀਪਲ ਸ੍ਰੀ ਅਮਿਤ ਗਗਨੇਜਾ ਦੀ ਅਗਵਾਈ ਵਿੱਚ ਸਕੂਲ ਬਹੁਤ ਹੀ ਤਰੱਕੀ ਕਰ ਰਿਹਾ ਹੈ।

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਕਾਰਜਕਾਰੀ ਇੰਜੀਨੀਅਰ/ਇੰਚਾਰਜ/ਪੁਲ/ਕਾਰਜਸ਼ਾਲਾ, ਉੱਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-08-JRC-2025 | ਫਿਰੋਜਪੁਰ ਡਵੀਜਨ ਦੇ SNL-ATT 'ਤੇ ਸੈਕਸ਼ਨ ਤੇ ਪੁਲ ਨੰਬਰ 63 UP ਅਤੇ 63 DN (9x61.0 ਮੀਟਰ) ਤੇ ਜੰਗਾਲ ਲਗੇ ਹੋਏ ਮੈਂਬਰਾਂ ਦਾ ਪ੍ਰਤੀਸਥਾਪਨ ਅਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 7,59,24,770.29 | 5,29,600.00 | 13.06.2025 | 30.05.2025 ਤੋਂ 13.06.2025 | 0 | 18 ਮਹੀਨੇ |
| 2. | OT-09-JRC-2025 | SNL-ATT ਸੈਕਸ਼ਨ ਤੇ ਪੁਲ ਨੰਬਰ 5A UP ਅਤੇ 5ADN (11x61.0 ਮੀਟਰ) ਤੇ ਜੰਗਾਲ ਲਗੇ ਹੋਏ ਮੈਂਬਰਾਂ ਦਾ ਪ੍ਰਤੀਸਥਾਪਨ ਅਤੇ ਪੁਲ ਨੰਬਰ 5A DN ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 7,25,09,122.04 | 5,12,600.00 | 13.06.2025 | 30.05.2025 ਤੋਂ 13.06.2025 | 0 | 18 ਮਹੀਨੇ |
| 3. | OT-10-JRC-2025 | ਜੰਮੂ ਡਵੀਜਨ ਦੇ ਪੁਲ ਨੰਬਰ 188 UP & DN (JUC-PTKC), ਪੁਲ ਨੰਬਰ 42 UP, 43 UP ਅਤੇ 172 UP (BHRL-JAT) ਅਤੇ ਪੁਲ ਨੰਬਰ 12B (10x30.5 ਮੀਟਰ) (SGDN-BRML) ਉਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 7,55,70,237.59 | 5,27,900.00 | 13.06.2025 | 30.05.2025 ਤੋਂ 13.06.2025 | 0 | 18 ਮਹੀਨੇ |

ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ: ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ।

ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈਂ। ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ।

No.80-W/30/Bridges/ Invitation. Dated: 22.05.2025 | 1512/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**Punjab & Sind Bank** (A Govt. of India Undertaking)
ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
B/O:- Nandpur, Tehsil Sahnewal, Distt. Ludhiana

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਤਹਿਤ ਪੰਜਾਬ ਐਂਡ ਸਿੰਧ ਬੈਂਕ, ਨੰਦਪੁਰ (ਸਾਹਨੇਵਾਲ) ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13/2 ਅਤੇ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ 'ਚ ਦਰਸਾਈ ਰਕਮ, ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਸੈਕਸ਼ਨ 13 (2) ਹੇਠਾਂ ਦਰਸਾਈ ਮਿਤੀ ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ, ਰਹਿਣਕਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਪੰਜਾਬ ਐਂਡ ਸਿੰਧ ਬੈਂਕ, ਨੰਦਪੁਰ (ਸਾਹਨੇਵਾਲ) ਲੁਧਿਆਣਾ ਦੀ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਦੀ ਵਸੂਲੀ ਹੇਠ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ੍ਰੀਮਤੀ ਪੂਨਮ ਦੇਵੀ ਪਤਨੀ ਰਾਜ ਦੇਵ ਸਿੰਘ ਵਾਸੀ ਗਲੀ ਨੰ. 1, ਜਸਪਾਲ ਕਾਲੋਨੀ, ਗਿਆਸਪੁਰਾ, ਢੰਡਾਰੀ ਕਲਾਂ, ਲੁਧਿਆਣਾ-141014, ਮੌਜੂਦਾ ਪਤਾ : ਮਕਾਨ ਨੰ. 313, ਗਲੀ ਨੰ. 3, ਸਮਰਾਟ ਕਾਲੋਨੀ, ਗਿਆਸਪੁਰਾ, ਜ਼ਿਲ੍ਹਾ ਲੁਧਿਆਣਾ (2) (ਗਰੰਟਰ) ਸ੍ਰੀ ਰਾਜ ਦੇਵ ਸਿੰਘ ਪੁੱਤਰ ਸ੍ਰੀ ਰਾਮ ਕ੍ਰਿਸ਼ਨ ਵਾਸੀ ਗਲੀ ਨੰ. 1, ਜਸਪਾਲ ਕਾਲੋਨੀ, ਗਿਆਸਪੁਰਾ, ਢੰਡਾਰੀ ਕਲਾਂ-141014, ਲੁਧਿਆਣਾ। ਮੌਜੂਦਾ ਪਤਾ : ਮਕਾਨ ਨੰ. 313, ਗਲੀ ਨੰ. 3, ਸਮਰਾਟ ਕਾਲੋਨੀ, ਗਿਆਸਪੁਰਾ, ਜ਼ਿਲ੍ਹਾ ਲੁਧਿਆਣਾ (3) ਗਰੰਟਰ ਸ੍ਰੀ ਨੰਦ ਕੁਮਾਰ ਪੁੱਤਰ ਸ੍ਰੀ ਮਿਸ਼ਰੀ ਲਾਲ ਵਰਮਾ ਵਾਸੀ ਮਕਾਨ ਨੰ. 1853, ਗਲੀ ਨੰ. 12/3, ਦਸਮੇਸ਼ ਨਗਰ, ਗਿੱਲ ਰੋਡ, ਲੁਧਿਆਣਾ-141003 | ਬੈਨਾਮਾ ਵਸੀਕਾ ਨੰ. 9492 ਮਿਤੀ 19.03.2015 ਅਨੁਸਾਰ ਸ੍ਰੀਮਤੀ ਪੂਨਮ ਦੇਵੀ ਪਤਨੀ ਸ੍ਰੀ ਰਾਜ ਦੇਵ ਸਿੰਘ ਦੀ ਮਲਕੀਅਤ ਜਾਇਦਾਦ/ਪਲਾਟ ਰਕਬਾ 60-1/2 ਵਰਗ ਗਜ਼, ਖੇਵਟ ਨੰ. 184/1, 185, 186, 307, 308, 309, 310, ਖਤੌਨੀ ਨੰ. 190, 191, 192, 315, 316, 317, 318, ਖਸਰਾ ਨੰ. 38//1/2, 3/1, 2, 9/1, 9/2, 10/1, 11/2, 12, 29//12, 13/2, 18/2, 19, 22, 23/1, 11, 20, 21, 30//15, ਜਮ੍ਹਾਂਬੰਦੀ ਸਾਲ 2008-09, ਪਿੰਡ ਗਿਆਸਪੁਰਾ, ਹਦਬਸਤ ਨੰ. 261, ਸਮਰਾਟ ਕਾਲੋਨੀ ਅਬਾਦੀ, ਲੁਧਿਆਣਾ। ਹੱਦਾਂ : ਪੂਰਬ : ਗਲੀ 17' ਚੌੜੀ 16', ਪੱਛਮ : ਗੁਆਂਢ 16', ਉੱਤਰ : ਗੁਆਂਢ 34', ਦੱਖਣ : ਗੁਆਂਢ 34' | 14.01.2025 | 22.05.2025 | ਸੰਕੇਤਕ ਕਬਜ਼ਾ; ਰੁਪਏ 5,24, 422.41 ਸਮੇਤ 01.01.2025 ਤੋਂ ਵਿਆਜ ਅਤੇ ਚਾਰਜਿਜ ਅਤੇ ਭਵਿੱਖੀ ਵਿਆਜ ਅਤੇ ਇਸ ਉਪਰ ਹੋਰ ਚਾਰਜਿਜ਼। |

ਮਿਤੀ : 22.05.2025 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ

# ਭਾਰਤੀ ਫੌਜ ਦੇ ਸਨਮਾਨ 'ਚ ਕੱਢੀ ਤਿਰੰਗਾ ਯਾਤਰਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪਹਿਲਗਾਮ 'ਚ ਸੈਲਾਨੀਆਂ ਨੂੰ ਮਾਰਨ ਦੇ ਰੋਸ ਵਜੋਂ ਭਾਰਤੀ ਫੌਜ ਨੇ ਅਪ੍ਰੇਸ਼ਨ ਸੰਧੂਰ ਦੇ ਤਹਿਤ ਪਾਕਿਸਤਾਨੀ ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਜਿਹੜੀ ਸ਼ਾਨਦਾਰ ਜਿੱਤ ਹਾਸਿਲ ਕੀਤੀ ਸੀ ਉਨ੍ਹਾਂ ਭਾਰਤੀ ਫੌਜਾਂ ਦੇ ਸਨਮਾਨ ਨੂੰ ਸਮਰਪਿਤ 1971 ਪਾਕਿਸਤਾਨ ਨਾਲ ਹੋਈ ਜੰਗ ਦੇ ਵਿਜੇਤਾ ਨਾਇਕ ਸੰਤੋਖ ਸਿੰਘ ਢਿੱਲੋਂ ਅਤੇ ਹਵਲਦਾਰ ਰੇਸ਼ਮ ਲਾਲ ਦੇ ਸਹਿਯੋਗ ਨਾਲ ਰਾਸ਼ਟਰਿਕ ਸੁਰੱਖਿਆ ਨਾਗਰਿਕ ਮੰਚ ਦੀ ਅਗਵਾਈ ਵਿੱਚ ਸ਼ੇਖ ਨਾਥ ਕਰਦੇ ਹੋਏ ਟਾਂਡਾ ਵਿਖੇ ਇਕ ਵਿਸ਼ਾਲ ਤਿਰੰਗਾ ਯਾਤਰਾ ਕੱਢੀ ਗਈ। ਉਨ੍ਹਾਂ ਨਾਲ ਭਾਜਪਾ ਮੰਡਲ ਕੰਧਾਲਾ ਜੱਟਾਂ ਦੇ ਪ੍ਰਧਾਨ ਚਰਨਜੀਤ ਸਿੰਘ, ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੰਕੀ ਪੰਡਿਤ, ਯੁਵਾ ਮੋਰਚਾ ਦੇ ਪ੍ਰਧਾਨ ਵੀਨੂ ਪੰਡਿਤ, ਦੀਪਕ ਭੀਲ, ਮੰਨਾ ਮਹਿਰਾ, ਸੰਜੀਵ ਸਿਆਲ, ਬਿਵਮ ਵੈਦ, ਹੀਰਾ ਭੱਟੀ ਸ਼ਾਮਿਲ ਹੋਏ।ਇਹ ਤਰੰਗਾ ਯਾਤਰਾ ਗਾਂਧੀ ਚੌਕ ਤੋਂ ਚੱਲ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦੀ ਹੋਈ ਸ਼ਿਮਲਾ ਪਹਾੜੀ ਉੜਮੁੜ ਵਿਖੇ ਪਹੁੰਚ ਕੇ ਸੰਪੰਨ ਹੋਈ। ਭਾਰਤੀ ਫੌਜਾਂ ਦੇ ਸਨਮਾਨ ਵਿੱਚ ਕੱਢੀ ਗਈ ਇਸ ਵਿਸ਼ਾਲ ਤਿਰੰਗਾ ਯਾਤਰਾ ਵਿੱਚ ਲੋਕਾਂ ਨੇ ਆਪਣੇ ਹੱਥਾਂ ਵਿੱਚ ਤਿਰੰਗਾ ਝੰਡਾ ਲਹਿਰਾਉਂਦੇ ਹੋਏ ਦੇਸ਼ ਭਗਤੀ ਅਤੇ ਹਿੰਦੁਸਤਾਨ ਜ਼ਿੰਦਾਬਾਦ ਦੇ ਨਾਰੇ ਲਗਾਏ ਜਿਸ ਨਾਲ ਸਾਰੇ ਸ਼ਹਿਰ ਵਿੱਚ ਗੂੰਜ ਰਹੇ ਸਨ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਮ ਜਨਤਾ ਵੱਲੋਂ ਇਸ ਤਿਰੰਗਾ ਯਾਤਰਾ ਨੂੰ ਸਲਾਮ ਕਰਦੇ ਹੋਏ ਇਸਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਅਜੇ ਸੈਣੀ, ਭਰਤ ਸੈਣੀ, ਰੇਸ਼ਮ ਸਿੰਘ, ਤਲਵਿੰਦਰ ਸਿੰਘ, ਹਰਬਲਸ਼ ਵਰਮਾ, ਸੁਕਦੇਵ ਸਿੰਘ, ਨਰਿੰਦਰ ਤੁਲੀ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਜਸਪ੍ਰੀਤ ਸਿੰਘ, ਮਨਸਾ ਰਾਮ, ਜਗਦੀਪ ਕੁਮਾਰ, ਛੋਟੂ ਰਾਮ, ਪਰਮਜੀਤ ਸਿੰਘ ਬਿੱਟੂ, ਗੁਰਵਿੰਦਰ ਸਿੰਘ, ਬਲਦੇਵ ਸਿੰਘ, ਨਵਦੀਪ ਸਿੰਘ, ਜਗੀਰ ਸਿੰਘ, ਪ੍ਰਭਦੀਪ ਸਿੰਘ, ਹਰਵਿੰਦਰ ਸਿੰਘ, ਰਾਹੁਲ, ਅਸ਼ੋਕ ਕੁਮਾਰ, ਬੰਟੀ, ਰਾਜੂ ਅਤੇ ਹੋਰ ਹਾਜ਼ਰ ਸਨ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਗ੍ਰਿਫ਼ਤਾਰੀ ਦੀ ਡੀ ਟੀ ਐੱਫ ਵੱਲੋਂ ਨਿਖੇਧੀ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਕਮੇਟੀ ਨੇ ਜੀਂਦ ਰਿਆਸਤ ਦੀ 927 ਏਕੜ ਜ਼ਮੀਨ ਉੱਤੇ ਬੇਜ਼ਮੀਨੇ ਮਜ਼ਦੂਰ ਵਸਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੁੱਜ ਰਹੇ ਸੰਘਰਸ਼ਸ਼ੀਲ ਬੇਜ਼ਮੀਨੇ ਮਜ਼ਦੂਰਾਂ ਵੱਲੋਂ ਕੀਤੇ ਜਾਣ ਵਾਲੇ ਜਮਹੂਰੀ ਪ੍ਰਦਰਸ਼ਨ ਨੂੰ ਫੇਲ੍ਹ ਕਰਨ ਲਈ ਜ਼ਿਲ੍ਹਿਆਂ ਦੀ ਪੁਲਸ ਦੇ ਜ਼ੋਰ ਰੋਕਣ, ਸੈਂਕੜਿਆਂ ਦੀ ਗਿਣਤੀ ਵਿੱਚ ਕਾਰਕੁਨਾਂ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਰਕੇ ਜੇਲ੍ਹ ਭੇਜਣ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਜੱਥੇਬੰਦੀ ਵੱਲੋਂ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਵਿੱਚ 17 ਏਕੜ ਤੋਂ ਵਧੇਰੇ ਮਲਕੀਅਤ ਵਾਲੀ ਜ਼ਮੀਨ ਨੂੰ ਜ਼ਮੀਨ ਵਿਹੂਣੇ ਲੋਕਾਂ ਵਿੱਚ ਵੰਡਿਆ ਜਾਣਾ ਹੈ। ਇਸ ਮੰਗ ਨੂੰ ਲੈ ਕੇ ਸਮਾਜ ਦੇ ਸਭ ਤੋਂ ਵੱਧ ਪੀੜਤ ਲੋਕਾਂ ਵਿੱਚ ਸ਼ਾਮਲ ਬੇਜ਼ਮੀਨ ਮਜ਼ਦੂਰ ਵਰਗ ਵੱਲੋਂ ਬੇਚਿਰਾਗ ਪਿੰਡ ਦੀ 927 ਏਕੜ ਜ਼ਮੀਨ ਜੋ ਕਿ ਕਦੇ ਜੀਂਦ ਦੇ ਰਾਜੇ ਦੀ ਰਿਆਸਤ ਦਾ ਹਿੱਸਾ ਸੀ, ਨੂੰ ਬੇਜ਼ਮੀਨਿਆਂ ਵਿੱਚ ਵੰਡਣ ਲਈ ਬੀਤੇ ਲੰਮੇਂ ਸਮੇਂ ਤੋਂ ਮੁਹਿੰਮ ਛੇੜੀ ਹੋਈ ਹੈ। ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਇਹ ਸਵੀਕਾਰ ਨਹੀਂ ਹੈ ਕਿ ਬੇਜ਼ਮੀਨੇ ਮਜ਼ਦੂਰ ਆਪਣੇ ਸੰਵਿਧਾਨਕ ਹੱਕ ਦੀ ਮੰਗ ਕਰਨ, ਇਸ ਲਈ ਪੰਜਾਬ ਸਰਕਾਰ ਇਨ੍ਹਾਂ ਲੋਕਾਂ ਦੇ ਇਸ ਜਮਹੂਰੀ ਸੰਘਰਸ਼ ਨੂੰ ਪੁਲਸ ਜਬਰ ਰਾਹੀਂ ਕੁਚਲਣ ਦਾ ਰਾਹ ਤੁਰੀ ਹੋਈ ਹੈ। ਇਸੇ ਤਹਿਤ ਹੀ ਲਗਭਗ 100 ਔਰਤਾਂ ਸਮੇਤ 300 ਤੋਂ ਵਧੇਰੇ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਪਾਰਟੀ ਦੀ ਹਾਰ ਮਗਰੋਂ ਪੰਜਾਬ ਸਰਕਾਰ ਬੁਰੀ ਤਰ੍ਹਾਂ ਬੌਖਲਾ ਗਈ ਹੈ ਅਤੇ ਪਿਛਲੇ ਦਿਨੀਂ ਬੇਗਮਪੁਰਾ ਵਸਾਉਣ ਲਈ ਆ ਰਹੇ ਜੱਥਿਆਂ ਨੂੰ ਪੁਲਿਸ ਵੱਲੋਂ ਰੋਕਾਂ ਖੜ੍ਹੀਆਂ ਕਰਕੇ ਰੋਕਣ, ਧੱਕਾਮੁੱਕੀ ਕਰਨ, ਔਰਤਾਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਕਰਨ ਨੇ ਦੱਸ ਦਿੱਤਾ ਹੈ ਕਿ ਆਪ ਸਰਕਾਰ ਕਿਸਾਨਾਂ ਮਗਰੋਂ ਹੁਣ ਜ਼ਮੀਨ ਵਿਹੂਣੇ ਲੋਕਾਂ ਦੇ ਸੰਘਰਸ਼ ਨੂੰ ਵੀ ਜਬਰ ਦੇ ਜ਼ੋਰ ਕੁਚਲਣ ਦੇ ਰਾਹ ਪੈ ਗਈ ਹੈ। ਆਗੂਆਂ ਨੇ ਕਿਹਾ ਕਿ ਸਦੀਆਂ ਤੋਂ ਦਬਾਏ ਹੋਏ ਤੇ ਲਤਾੜੇ ਅਤੇ ਬੇਜ਼ਮੀਨੇ ਲੋਕਾਂ ਦੀ ਆਵਾਜ਼ ਚੁੱਕਣ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਦਬਾਉਣਾ ਪੰਜਾਬ ਸਰਕਾਰ ਦੇ ਦਲਿਤ, ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਪਰਦ ਕਰਦਾ ਹੈ, ਜਿਸਦਾ ਭੁਗਤਾਨ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਕਰਨਾ ਪਵੇਗਾ।

# ਭਾਰਤ ਦੇ ਵਿਕਾਸ 'ਚ ਰਾਜੀਵ ਗਾਂਧੀ ਦੀ ਬਹੁਤ ਵੱਡੀ ਦੇਣ : ਸਿੱਧੂ



**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਆਪਣੇ ਦਫ਼ਤਰ ਵਿਖੇ ਰਾਜੀਵ ਗਾਂਧੀ ਦੀ 34ਵੀਂ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਉਨ੍ਹਾਂ ਨੇ ਕਿਹਾ ਕਿ ਰਾਜੀਵ ਗਾਂਧੀ ਵੱਲੋਂ ਦੇਸ਼ ਲਈ ਕੀਤੇ ਕੰਮ ਹਮੇਸ਼ਾ ਯਾਦ ਰਹਿਣਗੇ। ਭਾਰਤ ਦੇ ਵਿਕਾਸ ਵਿਚ ਉਨ੍ਹਾਂ ਦਾ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, 40 ਸਾਲ ਦੀ ਉਮਰ ਵਿੱਚ ਹੀ ਉਹ ਭਾਰਤ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ। ਘੱਟ ਉਮਰ ਹੋਣ ਦੇ ਬਾਵਜੂਦ ਉਨ੍ਹਾਂ ਦੀ ਸੋਚ ਬਹੁਤ ਆਧੁਨਿਕ ਸੀ। ਉਹ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਚਾਹੁੰਦੇ ਸਨ।ਸਿੱਧੂ ਨੇ ਅੱਗੇ ਕਿਹਾ, ਦੇਸ਼ ਦੇ ਆਧੁਨਿਕ ਡਿਜੀਟਲ ਬੁਨਿਆਦੀ ਢਾਂਚਾ ਦੀ ਨੀਂਹ ਵੀ ਰਾਜੀਵ ਗਾਂਧੀ ਨੇ ਰੱਖੀ, ਜਿਸ ਨੂੰ ਅੱਗੇ ਚਲਾ ਕੇ ਰਾਹੁਲ ਗਾਂਧੀ ਜੀ ਨੇ ਨਵੇਂ ਆਯਾਮ ਦਿੱਤੇ। ਆਈ.ਟੀ. ਖੇਤਰ ਵਿਚ ਆਏ ਇਨਕਲਾਬ ਕਾਰਨ ਅੱਜ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ ਅਤੇ ਲੋਕਾਂ ਨੂੰ ਸਰਕਾਰੀ ਕੰਮ ਲਈ ਲੰਮੀਆਂ ਲਾਈਨਾਂ ਵਿਚ ਖੜ੍ਹਾ ਨਹੀਂ ਹੋਣਾ ਪੈਂਦਾ। ਉਨ੍ਹਾਂ ਮਾਰੂਤੀ ਕਾਰ ਦੀ ਸ਼ੁਰੂਆਤ ਨੂੰ ਵੀ ਰਾਜੀਵ ਗਾਂਧੀ ਦੀ ਦੂਰਦਰਸ਼ੀਤਾ ਦਾ ਨਤੀਜਾ ਦੱਸਿਆ, ਉਨ੍ਹਾਂ ਕਿਹਾ, ਅੱਜ ਜੇਕਰ ਹਰ ਇੱਕ ਘਰ ਵਿਚ ਕਾਰ ਹੈ ਤਾਂ ਇਹ ਉਨ੍ਹਾਂ ਦੀ ਨੀਤੀ ਦਾ ਹੀ ਨਤੀਜਾ ਹੈ।' ਇਸ ਸ਼ਰਧਾਂਜਲੀ ਸਮਾਗਮ ਦੌਰਾਨ ਮਾਰਕੀਟ ਕਮੇਟੀ ਖਰੜ ਦੇ ਸਾਬਕਾ ਚੈਅਰਮੈਨ ਅਤੇ ਸੀਨੀਅਰ ਕਾਂਗਰਸੀ ਆਗੂ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ , ਕੌਂਸਲਰ ਕਮਲਜੀਤ ਸਿੰਘ ਬੰਨੀ,ਸੁੱਚਾ ਸਿੰਘ ਕਲੌੜ, ਗੁਰਚਰਨ ਸਿੰਘ ਭਮਰਾ, ਗੁਰਸਾਹਿਬ ਸਿੰਘ, ਜਗਦੀਸ਼ ਸਿੰਘ ਜੱਗਾ, ਨਛੱਤਰ ਸਿੰਘ, ਲਖਬੀਰ ਸਿੰਘ,ਨਵਜੋਤ ਸਿੰਘ ਬਾਛੱਲ, ਸਾਬਕਾ ਕੌਂਸਲਰ ,ਬਲਾਕ ਪ੍ਰਧਾਨ ਪ੍ਰਦੀਪ ਸਿੰਘ ਤੰਗੋਰੀ, ਬਲਬੀਰ ਸਿੰਘ ਸੈਕਟਰ 67,ਮੰਡਲ ਪ੍ਰਧਾਨ ਪ੍ਰਦੀਪ ਸੋਨੀ,ਮੰਡਲ ਪ੍ਰਧਾਨ ਗੁਰਮੇਜ ਸਿੰਘ,ਮੰਡਲ ਪ੍ਰਧਾਨ ਅਸ਼ੋਕ ਕੌਂਡਲ, ਰਜਿੰਦਰ ਸਿੰਘ ਧਰਮਗੜ੍ਹ, ਹਰਦਿਆਲ ਚੰਦ ਬਡਬਰ, ਸੁਰਿੰਦਰ ਰਾਜਪੂਤ ਸਾਬਕਾ ਕੌਂਸਲਰ, ਜਸਪਾਲ ਸਿੰਘ ਟਿਵਾਣਾ, ਪ੍ਰਕਾਸ਼ ਚੰਦ,ਪਰਮਜੀਤ ਸਿੰਘ ਚੌਹਾਨ,ਬਲਬੀਰ ਸਿੰਘ ਫੇਸ -5,ਜਤਿੰਦਰ ਸਿੰਘ ਸੰਧੀ, ਕਰਮਜੀਤ ਸਿੰਘ ਸਿੱਧੂ, ਡਾ ਬਾਜਵਾ ਸ਼ਾਹੀ ਮਾਜਰਾ,ਨਰਿੰਦਰ ਕੁਮਾਰ ਫੇਸ-6 ,ਡੀ ਪੀ ਸ਼ਰਮਾ, ਗੁਰਵਿੰਦਰ ਗੋਗੀ, ਮਲਕੀਅਤ ਸਿੰਘ ਮਟੌਰ, ਕੁਲਵਿੰਦਰ ਸਿੰਘ ਰੋਮੀ, ਨਰਿੰਦਰ ਕੌਸ਼ਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

# ਤਿੰਨ ਰੋਜ਼ਾ ਰਾਤ-ਦਿਨ ਧਰਨੇ ਦੀਆਂ ਤਿਆਰੀਆਂ ਮੁਕੰਮਲ



**ਜਲੰਧਰ ( ਰਾਜੇਸ਼ ਥਾਪਾ )** ਦਿਹਾਤੀ ਮਜ਼ਦੂਰ ਸਭਾ ਵੱਲੋਂ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਡਵੀਜ਼ਨਲ ਕਮਿਸ਼ਨਰ ਜਲੰਧਰ ਦੇ ਦਫ਼ਤਰ ਅੱਗੇ 26 ਤੋਂ 28 ਮਈ ਲਗਾਤਾਰ ਰਾਤ ਦਿਨ ਦੇ ਲਾਏ ਜਾ ਰਹੇ ਧਰਨੇ ਦੀ ਤਿਆਰੀ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਅਤੇ ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ, ਵਿੱਤ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਦੱਸਿਆ ਕਿ ਕੇਂਦਰ ਅਤੇ ਸੂਬਾ ਸਰਕਾਰ ਦੇ ਬੇਜ਼ਮੀਨੇ, ਸਾਧਨਹੀਣ ਮਜ਼ਦੂਰਾਂ ਪ੍ਰਤੀ ਵਿਤਕਰੇ ਭਰੇ ਰਵੱਈਏ ਖ਼ਿਲਾਫ਼ ਅਤੇ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਨੂੰ ਮਨਵਾਉਣ ਲਈ ਪਿੰਡਾਂ ਤੇ ਸ਼ਹਿਰਾਂ ਵਿਚ ਵਿਚਾਰ/ਮੁਹੱਲਾ ਮੀਟਿੰਗਾਂ ਕਰਕੇ ਧਰਨੇ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਦੀ ਤਿਆਰੀ ਪੂਰੇ ਜ਼ੋਰਾਂ ਨਾਲ ਕੀਤੀ ਗਈ ਹੈ। ਆਗੂਆਂ ਨੇ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਚੰਦ ਭਾਨ ਵਿਚ ਮਜ਼ਦੂਰਾਂ ਉਪਰ ਕੀਤੇ ਜਬਰ ਅਤੇ ਆਪਣੇ ਹਿੱਸੇ ਦੀ ਜ਼ਮੀਨ ਮੰਗਦੇ ਮਜ਼ਦੂਰਾਂ ਦੀਆਂ ਗ੍ਰਿਫ਼ਤਾਰੀਆਂ ਦੀ ਵੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ।ਆਗੂਆਂ ਨੇ ਅੱਗੇ ਕਿਹਾ ਕਿ ਜੇਕਰ ਇਸ ਧਰਨੇ ਤੋਂ ਬਾਅਦ ਵੀ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿਚ ਦਿਹਾਤੀ ਮਜ਼ਦੂਰ ਸਭਾ ਹੋਰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਸਰਕਾਰੀ ਪੋਲੀਟੈਕਨਿਕ ਕਾਲਜ ਖੂਨੀਮਾਜਰਾ ਦੀ ਸ਼ਾਨਦਾਰ ਜਿੱਤ

**ਖਰੜ (ਰਣਜੀਤ ਸਿੰਘ ਡੱਲਾ)**- ਸਰਕਾਰੀ ਪੋਲੀਟੈਕਨਿਕ ਕਾਲਜ ਖੂਨੀਮਾਜਰਾ ਨੇ ਪ੍ਰਸਿੱਧ ਰਾਜ ਪੱਧਰੀ ਪੀ.ਟੀ.ਆਈ.ਐਸ. ਟੈਕ ਫੈਸਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ ਸੱਤ ਇਨਾਮ ਜਿੱਤੇ ਹਨ। ਕਾਲਜ ਦੀ ਪ੍ਰਿੰਸੀਪਲ ਰਕਸ਼ਾ ਕਿਰਨ ਦੀ ਅਗਵਾਈ ਵਿੱਚ ਚੱਲ ਰਿਹਾ ਇਹ ਕਾਲਜ ਵਧੀਆ ਮੱਲਾਂ ਮਾਰ ਰਿਹਾ ਹੈ।ਕਾਲਜ ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਪ੍ਰੋਜੈਕਟ, ਮਕੈਨੀਕਲ ਇੰਜੀਨੀਅਰਿੰਗ ਪ੍ਰੋਜੈਕਟ ਅਤੇ ਮਾਡਰਨ ਆਫਿਸ ਪ੍ਰੈਕਟਿਸ ਪ੍ਰੋਜੈਕਟ ਵਿੱਚ ਪਹਿਲਾ ਇਨਾਮ ਹਾਸਲ ਕੀਤਾ, ਜਦਕਿ ਐਪਲਾਈਡ ਸਾਇੰਸ ਪ੍ਰੋਜੈਕਟ ਵਿੱਚ ਤੀਜਾ ਇਨਾਮ ਜਿੱਤਿਆ, ਜਿਸ ਨਾਲ ਵਿਦਿਆਰਥੀਆਂ ਦੀ ਪ੍ਰਯੋਗਸ਼ੀਲ ਮਹਾਰਤ ਅਤੇ ਰਚਨਾਤਮਕਤਾ ਸਾਬਤ ਹੋਈ। ਆਪਣੇ ਖੇਤਰ ਵਿੱਚ ਕਾਲਜ ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਪੇਪਰ ਪ੍ਰਜ਼ੈਂਟੇਸ਼ਨ ਵਿੱਚ ਪਹਿਲਾ ਇਨਾਮ, ਮਕੈਨੀਕਲ ਇੰਜੀਨੀਅਰਿੰਗ ਪੇਪਰ ਪ੍ਰਜ਼ੈਂਟੇਸ਼ਨ ਵਿੱਚ ਦੂਜਾ ਇਨਾਮ ਅਤੇ ਮਾਡਰਨ ਆਫਿਸ ਪ੍ਰੈਕਟਿਸ ਪੇਪਰ ਪ੍ਰਜ਼ੈਂਟੇਸ਼ਨ ਵਿੱਚ ਤੀਜਾ ਇਨਾਮ ਜਿੱਤ ਕੇ ਆਪਣੀ ਬੌਧਿਕ ਯੋਗਤਾ ਦਰਸਾਈ।ਉਨ੍ਹਾਂ ਕਿਹਾ ਕਿ ਇਹ ਕਾਮਯਾਬੀਆਂ ਅਧਿਆਪਕਾਂ ਦੀ ਸਮਰਪਿਤ ਮਾਰਗ ਦਰਸ਼ਨ ਅਧੀਨ ਸੰਭਵ ਹੋਈਆਂ।ਕਾਲਜ ਦੇ ਮੀਡੀਆ ਇੰਚਾਰਜ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਨਵੀਨਤਾ,ਟੀਮ ਵਰਕ ਅਤੇ ਤਕਨੀਕੀ ਕਾਬਲੀਅਤ ਦਾ ਦਰਸਾਉਂਦਿਆਂ ਕਾਲਜ ਦਾ ਨਾਂਅ ਰੌਸ਼ਨ ਕੀਤਾ। ਡਾ. ਅੰਸ਼ੂ ਸ਼ਰਮਾ, ਮੁੱਖੀ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਅਤੇ ਇਨੋਵੇਸ਼ਨ ਸੈੱਲ ਦੀ ਸੰਯੋਜਕਾ ਹਨ, ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਪ੍ਰੋਜੈਕਟ, ਪੇਪਰ ਪ੍ਰਜ਼ੈਂਟੇਸ਼ਨ ਅਤੇ ਮਾਡਰਨ ਆਫਿਸ ਪ੍ਰੈਕਟਿਸ ਪ੍ਰੋਜੈਕਟ ਦੀ ਅਗਵਾਈ ਕੀਤੀ। ਸ਼੍ਰੀਮਤੀ ਪੂਰਨੀਮਾ ਨੇ ਮਾਡਰਨ ਆਫਿਸ ਪ੍ਰੈਕਟਿਸ ਪੇਪਰ ਪ੍ਰਜ਼ੈਂਟੇਸ਼ਨ, ਸੰਜੀਵ ਜਿੰਦਲ ਨੇ ਮਕੈਨੀਕਲ ਇੰਜੀਨੀਅਰਿੰਗ ਪ੍ਰੋਜੈਕਟ, ਅਤੇ ਡਾ. ਅਨੁਭਵ ਤਾਹਿਮ ਨੇ ਮਕੈਨੀਕਲ ਪੇਪਰ ਪ੍ਰਜ਼ੈਂਟੇਸ਼ਨ ਦਾ ਮਾਰਗਦਰਸ਼ਨ ਕੀਤਾ। ਐਪਲਾਈਡ ਸਾਇੰਸ ਪ੍ਰੋਜੈਕਟ ਦੀ ਅਗਵਾਈ ਸ਼੍ਰੀਮਤੀ ਸ਼ਿਵਾਨੀ ਸ਼ਰਮਾ ਨੇ ਕੀਤੀ।ਡਾ. ਰਵਿੰਦਰ ਕੁਮਾਰ, ਅਵਿਨਿਸ਼, ਪੁਨੀਤ ਗੁਪਤਾ, ਅਮ੍ਰਿਤਪਾਲ ਅਤੇ ਮੰਜੀਤ ਸਿੰਘ ਵੀ ਟੀਮ ਨਾਲ ਸਾਥ ਦਿੰਦੇ ਹੋਏ ਪੂਰੇ ਸਮਾਗਮ ਦੌਰਾਨ ਉਤਸ਼ਾਹ ਵਧਾਉਂਦੇ ਰਹੇ।

# ਸਰਕਾਰੀ ਪ੍ਰਾਇਮਰੀ ਸਕੂਲ ਧੀਰੋਵਾਲ ਦੀ ਚਾਰਦਿਵਾਰੀ ਦਾ ਉਦਘਾਟਨ



**ਆਦਮਪੁਰ (ਪਰਮਜੀਤ ਸਿੰਘ)** ਸਰਕਾਰੀ ਪ੍ਰਾਇਮਰੀ ਸਕੂਲ ਧੀਰੋਵਾਲ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਪੰਜਾਬ ਦੇ ਸਕੂਲਾਂ ਵਿੱਚ ਚੱਲ ਰਹੇ ਵੱਖ ਵੱਖ ਉਸਾਰੀ ਅਤੇ ਵਿੱਦਿਅਕ ਸੁਧਾਰਾਂ ਦੀ ਲੜੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਧੀਰਵਾਲ ਵਿੱਚ ਚਾਰਦਿਵਾਰੀ ਦਾ ਉਦਘਾਟਨ ਜੀਤ ਲਾਲ ਭੱਟੀ ਆਦਮਪੁਰ ਆਪ ਪਾਰਟੀ ਹਲਕਾ ਇੰਚਾਰਜ ਦੇ ਲੜਕੇ ਮਨੋਜ ਕੁਮਾਰ ਭੱਟੀ ਵਲੋਂ ਕੀਤਾ ਗਿਆ । ਸਭ ਤੋਂ ਪਹਿਲਾ ਬੀ ਪੀ ਈ ਉ ਰਾਜ ਕੁਮਾਰ, ਮੁੱਖ ਅਧਿਆਪਕਾ ਸ੍ਰੀਮਤੀ ਨੀਨਾ, ਰਜਿੰਦਰ ਸਿੰਘ, ਕੁਲਵਿੰਦਰ ਰਾਏ,ਦੀਪਕ ਕੁਮਾਰ ਬੀ ਐਮ ਉ ,ਜੈ ਚੰਦ ਮੇਨਕਾ, ਸਵੇਗ ਸਿੰਘ,ਕੁਲਵਿੰਦਰ ਕੌਰ, ਪੁਸ਼ਪਾ ,ਸਰਪੰਚ ਕਮਲਜੀਤ ਕੌਰ,ਦਿਲਬਾਗ ਸਿੰਘ ਨੇ ਆਏ ਸਭ ਆਪ ਟੀਮ ਦੇ ਸਮੂਹ ਮੈਬਰਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ, ਤੇ ਫਿਰ ਦਿਵਾਰ ਤੇ ਲੱਗੇ ਪੱਥਰ ਦਾ ਰਸਮੀ ਉਦਘਾਟਨ ਕੀਤਾ ਗਿਆ। ਆਪਣੇ ਭਾਸ਼ਣ ਦੌਰਾਨ ਆਪ ਪਾਰਟੀ ਮੈਂਬਰ ਸਤਨਾਮ ਸਿੰਘ ਮਨਕੋਟੀਆ ਨੇ ਆਪ ਸਰਕਾਰ ਦੇ ਕੀਤੇ ਕੰਮਾਂ ਦਾ ਬਿਉਰਾ ਸੁਣਾਇਆ ਤੇ ਨਗਰ ਨਿਵਾਸੀਆਂ ਨੂੰ ਬੇਨਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ। ਇਸ ਮੌਕੇ ਸਰਪੰਚ ਕੁਲਵਿੰਦਰ ਕੌਰ, ਕੁਲਵਿੰਦਰ ਕੁਮਾਰ, ਮੰਗਤ ਰਾਮ, ਮਨਪ੍ਰੀਤ, ਪੰਚ ਸੁਖਜਿੰਦਰ ਸਿੰਘ, ਅਸ਼ੋਕ, ਗੁਰਵਿੰਦਰ ਸਿੰਘ,ਗੁਰਮੁੱਖ ਸਿੰਘ, ਮੰਗਾ, ਐਸ ਐਮ ਸੀ ਮੈਂਬਰ ਕਮਲਜੀਤ ਕੌਰ, ਦਿਲਬਾਗ ਸਿੰਘ, ਆਪ ਪਾਰਟੀ ਮੈਂਬਰ ਕਮਲਜੀਤ ਸਿੰਘ ਬਲਾਕ ਪ੍ਰਧਾਨ, ਮਦਨ ਲਾਲ ਬਲਾਕ ਪ੍ਰਧਾਨ, ਤਰਲੋਕ ਸਿੰਘ ਬਲਾਕ ਪ੍ਰਧਾਨ, ਸਤਨਾਮ ਸਿੰਘ ਮਨਕੋਟੀਆ ਬਲਾਕ ਪ੍ਰਧਾਨ ਅਤੇ ਨਗਰ ਨਿਵਾਸੀ ਹਾਜਰ ਸਨ।

# 203 ਨਸ਼ੇ ਵਾਲੀਆਂ ਗੋਲੀਆਂ ਸਮੇਤ 2 ਕਾਬੂ

**ਆਦਮਪੁਰ (ਪਰਮਜੀਤ ਸਿੰਘ)**:- ਐਸ.ਆਈ: ਗੁਰਸ਼ਰਨ ਸਿੰਘ ਮੁੱਖ ਅਫਸਰ ਥਾਣਾ ਪਤਾਰਾ ਦੀ ਪੁਲਸ ਪਾਰਟੀ ਨੇ ਦੌਰਾਨੇ ਗਸ਼ਤ ਪਿੰਡ ਤੋਲਣ ਤੋਂ ਸ਼ੱਕ ਦੀ ਬਿਨਾਹ 'ਤੇ ਦੋ ਮੋਨੇ ਨੌਜਵਾਨਾਂ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਜਿਹਨਾਂ ਨੇ ਆਪਣਾ ਨਾਂਅ ਧੀਰਜ ਕੁਮਾਰ ਉਰਫ ਦਾਨਾ ਪੁੱਤਰ ਸੁਭਾਸ਼ ਕੁਮਾਰ ਵਾਸੀ ਨੇੜੇ ਗੁਰਦੁਆਰਾ ਗੁਹੱਲਾ, ਢਿੱਲਵਾਂ ਥਾਣਾ ਰਾਮਾਮੰਡੀ ਜ਼ਿਲ੍ਹਾ ਜਲੰਧਰ ਅਤੇ ਦੂਸਰੇ ਨੇ ਭੁਵਨੇਸ਼ਵਰ ਕੁਮਾਰ ਗੁੱਲੂ ਪੁੱਤਰ ਬਿਲਾਸ ਚੌਧਰੀ ਵਾਸੀ ਪਿੰਡ ਤੋਲਣ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ ਦੱਸਿਆ। ਜਿਹਨਾਂ ਦੀ ਤਲਾਸੀ ਕਰਨ ਪਰ ਇਹਨਾਂ ਪਾਸੋਂ ਮੋਮੀ ਲਿਫਾਫਾ ਵਿਚੋਂ 103+100=203 ਖੁੱਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਜਿਸ 'ਤੇ ਮੁਕੱਦਮਾ ਨੰਬਰ ਮਿਤੀ 21.05.2025 ਅ.ਧ 22-61-85 ਦਰਜ ਕੀਤਾ ਗਿਆ ਹੈ।



# ਬੱਸ ਤੇ ਟਰੱਕ ਦੀ ਟੱਕਰ 'ਚ ਡਰਾਈਵਰ ਦੀ ਮੌਤ

**ਫਿਲੌਰ (ਨਿਰਮਲ)**- ਸਵੇਰੇ ਯੂ.ਪੀ ਰੋਡਵੇਜ਼ ਦੀ ਸਰਕਾਰੀ ਬੱਸ ਯੂ.ਪੀ 78 ਕੇ.ਟੀ 4715 ਜੋ ਕਿ ਜਲੰਧਰ ਤੋਂ ਯੂ.ਪੀ ਵੱਲ ਜਾ ਰਹੇ ਸੀ ਕਿ ਜਦ ਇਹ ਫਿਲੌਰ ਨੇੜੇ ਪੁੱਜੀ ਤਾਂ ਪਿੱਛੋਂ ਇੱਕ ਤੇਜ਼ ਰਫ਼ਤਾਰ ਟਰੱਕ ਪੀ ਬੀ 08 ਐਫ ਈ 3240 ਆ ਕੇ ਜ਼ੋਰ ਨਾਲ ਵੱਜਾ, ਜਿਸ ਕਾਰਨ ਟਰੱਕ ਚਾਲਕ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਬਸ ਵਿੱਚ ਪਿਛਲੀ ਸੀਟ 'ਤੇ ਬੈਠੀਆਂ 5-6 ਯਾਤਰੀਆਂ ਨੂੰ ਵੀ ਸੱਟਾਂ ਵੱਜੀਆਂ। ਸੜਕ ਸੁਰੱਖਿਆ ਫੋਰਸ ਦੀ ਪੈਟਰੋਲਿੰਗ ਪਾਰਟੀ ਦੇ ਥਾਣੇਦਾਰ ਸਰਬਜੀਤ ਸਿੰਘ ਅਤੇ ਜਸਵਿੰਦਰ ਸਿੰਘ ਸਾਥੀਆ ਨਾਲ ਮੌਕੇ 'ਤੇ ਪੁੱਜੇ ਅਤੇ ਕਰੇਨ ਮੰਗਵਾ ਕੇ ਟਰੱਕ ਨੂੰ ਇੱਕ ਪਾਸੇ ਕਰਵਾਇਆ ਅਤੇ ਬੱਸ ਸਵਾਰੀਆਂ ਨੂੰ ਸਿਵਲ ਹਸਪਤਾਲ ਫਿਲੌਰ ਪਹੁੰਚਾ ਕੇ ਡਾਕਟਰੀ ਸਹਾਇਤਾ ਦਵਾਈ।ਟਰੱਕ ਚਾਲਕ ਨੂੰ ਕਰੇਨ ਅਤੇ ਲੋਕਾਂ ਦੀ ਮਦਦ ਨਾਲ ਟਰੱਕ 'ਚੋਂ ਬਾਹਰ ਕੱਢਿਆ ਅਤੇ ਸਿਵਲ ਹਸਪਤਾਲ ਫਿਲੌਰ ਲੈ ਕੇ ਗਏ। ਉਸ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਲੁਧਿਆਣਾ ਹਸਪਤਾਲ ਭੇਜ ਦਿੱਤਾ ਗਿਆ ਜਿਥੇ ਉਸ ਦੀ ਮੌਤ ਹੋ ਗਈ।



# ਸਰਕਾਰੀ ਹਾਈ ਸਮਾਰਟ ਸਕੂਲ ਮੰਗੂਪੁਰ ਦਾ ਦਸਵੀਂ ਦਾ ਨਤੀਜਾ ਸੌ ਫ਼ੀਸਦੀ ਰਿਹਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਸਰਕਾਰੀ ਹਾਈ ਸਮਾਰਟ ਸਕੂਲ ਮੰਗੂਪੁਰ ਦਾ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ ਹੈ ਜਿਸ ਵਿਚ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ। ਸਕੂਲ ਇੰਚਾਰਜ ਸੁਖਦੇਵ ਸਿੰਘ ਨੇ ਦੱਸਿਆ ਕਿ ਦਸਵੀਂ ਸ਼੍ਰੇਣੀ ਵਿੱਚ ਪਹਿਲਾਂ ਸਥਾਨ ਅਨਮੋਲਪ੍ਰੀਤ ਕੌਰ ਨੇ 596/650 ਅੰਕ ਲੈ ਕੇ ਪ੍ਰਾਪਤ ਕੀਤਾ, ਮਨਪ੍ਰੀਤ ਕੌਰ ਨੇ ਦੂਜਾ ਸਥਾਨ 576/650 ਅੰਕ ਲੈ ਕੇ , ਸੁਖਦੀਪ ਕੌਰ ਨੇ ਤੀਜਾ ਸਥਾਨ 563/650 ਅੰਕ ਲੈ ਕੇ ਪ੍ਰਾਪਤ ਕੀਤਾ । ਨੌਵੀਂ ਸ਼੍ਰੇਣੀ ਵਿੱਚ ਪਹਿਲਾਂ ਸਥਾਨ ਸੁਪਰੀਤ ਕੌਰ ਨੇ 624/650 ਅੰਕ ਲੈ ਕੇ, ਸਿਮਰਨ ਨੇ ਦੂਜਾ ਸਥਾਨ 609/650 ਅੰਕ ਲੈ ਕੇ, ਸਿਮਰਨ ਪੁੱਤਰੀ ਬਲਕਾਰਾ ਨੇ ਤੀਜਾ ਸਥਾਨ 567/650 ਅੰਕ ਲੈ ਕੇ ਪ੍ਰਾਪਤ ਕੀਤਾ। ਅੱਠਵੀਂ ਸ਼੍ਰੇਣੀ ਵਿੱਚ ਪਹਿਲਾ ਸਥਾਨ ਰਮਨਪ੍ਰੀਤ ਕੌਰ ਨੇ 567/650 ਅੰਕ ਲੈ ਕੇ, ਅਤੇ ਪ੍ਰਭਜੋਤ ਕੌਰ ਨੇ ਦੂਜਾ ਸਥਾਨ 566/650 ਅੰਕ ਲੈ ਕੇ ਅਤੇ ਤੀਜਾ ਸਥਾਨ ਨਵਪ੍ਰੀਤ ਕੌਰ ਨੇ ਤੀਜਾ ਸਥਾਨ 562/650 ਅੰਕ ਲੈ ਕੇ ਪ੍ਰਾਪਤ ਕੀਤਾ। ਸੱਤਵੀਂ ਸ਼੍ਰੇਣੀ ਵਿੱਚ ਪਹਿਲਾ ਸਥਾਨ ਅਰਾਧਨਾ ਨੇ 832/900 ਅੰਕ ਲੈ ਕੇ ਪ੍ਰੀਆ ਨੇ ਦੂਜਾ ਸਥਾਨ 732/900 ਅੰਕ ਲੈ ਕੇ ਅਤੇ ਸਿਮਰਤ ਕੌਰ ਨੇ ਤੀਜਾ ਸਥਾਨ 716/900 ਅੰਕ ਲੈ ਕੇ ਪ੍ਰਾਪਤ ਕੀਤਾ। ਛੇਵੀਂ ਸ਼੍ਰੇਣੀ ਵਿੱਚ ਪ੍ਰਭਲੀਨ ਕੌਰ ਨੇ ਪਹਿਲਾਂ ਸਥਾਨ 894/900 ਅੰਕ ਲੈ ਕੇ, ਪ੍ਰੀਤ ਕੌਰ ਨੇ ਦੂਜਾ ਸਥਾਨ 813/900 ਅੰਕ ਲੈ ਕੇ ਅਤੇ ਕਿਰਨਦੀਪ ਕੌਰ ਨੇ ਤੀਜਾ ਸਥਾਨ 805/900 ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਵਿਖੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਨ ਅਤੇ ਉਹਨਾਂ ਦਾ ਸਨਮਾਨ ਕਰਨ ਵਾਸਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਕੂਲ ਇੰਚਾਰਜ ਸੁਖਦੇਵ ਸਿੰਘ ਮੰਗੂਪੁਰ ਨੇ ਜਿੱਥੇ ਬੱਚਿਆਂ ਨੂੰ ਵਧਾਈ ਦਿੱਤੀ ਉੱਥੇ ਸਮੁੱਚੇ ਸਟਾਫ ਦੀ ਵਧੀਆ ਕਾਰਗੁਜ਼ਾਰੀ ਅਤੇ ਸਖਤ ਮਿਹਨਤ ਕਰਵਾਉਣ ਦੀ ਸ਼ਲਾਘਾ ਕੀਤੀ। ਚੰਗੇ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਸਕੂਲ ਇੰਚਾਰਜ ਸੁਖਦੇਵ ਸਿੰਘ ਮੰਗੂਪੁਰ, ਜਸਪ੍ਰੀਤ ਸਿੰਘ ਸਾਇੰਸ ਮਾਸਟਰ, ਗੁਰਭੇਜ ਸਿੰਘ ਕੰਪਿਊਟਰ ਫੈਕਲਟੀ, ਅਰਸ਼ਦੀਪ ਸਿੰਘ ਮੈਥ ਮਾਸਟਰ, ਸ਼੍ਰੀਮਤੀ ਕੁਲਵਿੰਦਰ ਕੌਰ ਮੈਥ ਅਧਿਆਪਕਾ, ਸ਼੍ਰੀਮਤੀ ਸ਼ਰਨਜੀਤ ਅਮਰ ਹਿੰਦੀ ਅਧਿਆਪਕਾ, ਸ਼੍ਰੀਮਤੀ ਨਵਪ੍ਰੀਤ ਪੰਜਾਬੀ ਅਧਿਆਪਕਾ ਸ਼੍ਰੀਮਤੀ ਜਸਪ੍ਰੀਤ ਕੌਰ ਆਰਟ ਐਂਡ ਕਰਾਫਟ ਅਧਿਆਪਕਾ, ਸ਼੍ਰੀਮਤੀ ਪਲਵਿੰਦਰ ਕੌਰ ਪੀ.ਟੀ.ਆਈ, ਸ਼੍ਰੀਮਤੀ ਵਨੀਤਾ ਅੰਗਰੇਜੀ ਅਧਿਆਪਕਾ, ਹਰਮਨਪ੍ਰੀਤ ਸਿੰਘ ਕਲਰਕ, ਹਰਪ੍ਰੀਤ ਸਿੰਘ ਐਸ.ਐਲ.ਏ ਹਾਜਰ ਸਨ ।

# ਰਾਸਾ ਯੂ ਕੇ ਦੇ ਵਫਦ ਵੱਲੋਂ ਸਿੱਖਿਆ ਬੋਰਡ ਦੀਆਂ ਵੱਖ ਵੱਖ ਸ਼ਾਖਾਵਾਂ ਦੇ ਅਧਿਕਾਰੀਆਂ ਨਾਲ ਮੁਲਾਕਾਤ



**ਮੋਹਾਲੀ ( ਗੁਰਜੀਤ ਬਿੱਲਾ)** ਰਾਸਾ ਯੂਕੇ ਦੀ ਸਮੂਹ ਟੀਮ ਵੱਲੋਂ ਪੰਜਾਬ ਸਕੂਲ ਬੋਰਡ ਮੋਹਾਲੀ ਵਿੱਚ ਬੋਰਡ ਦੀ ਹਰੇਕ ਸ਼ਾਖ਼ਾਂ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ ਜਿਸ ਸਮੇਂ ਰਾਸਾ ਯੂਕੇ ਨੇ ਸਕੂਲਾਂ ਦੀਆਂ ਮੁਸ਼ਕਿਲਾਂ ਨਾਲ ਸੰਬੰਧਿਤ ਮੰਗ ਪੱਤਰ ਵੀ ਦਿੱਤਾ। ਇਸ ਤੋਂ ਇਲਾਵਾ ਐਡਵੋਕੇਟ ਦਿਲਪ੍ਰੀਤ ਸਿੰਘ ਗਾਂਧੀ ਲੀਗਲ ਐਡਵਾਈਜਰ ਰਾਸਾ ਯੂਕੇ ਨਾਲ ਵੀ ਅਹਿਮ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਬੋਰਡ ਦੀ ਅਫੀਲੀਏਸ਼ਨ ਸ਼ਾਖਾ ਦੇ ਇੰਚਾਰਜ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਸਤਨਾਮ ਸਿੰਘ ਗਿੱਲ ਨੂੰ ਜਾਰੀ ਕੀਤੇ ਗਏ ਪੱਤਰ ਸਬੰਧਤ ਅਹਿਮ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਪੱਤਰ ਨੂੰ ਵਾਪਸ ਲੈਣ ਬਾਰੇ ਸਹਿਮਤੀ ਪ੍ਰਗਟਾਈ ਗਈ। ਵਿਦਿਆਰਥੀਆਂ ਦੇ ਨਤੀਜੇ ਦਾ ਮੁੜ ਨਿਰੀਖਣ ਅਤੇ ਵਿਦਿਆਰਥੀਆਂ ਦੁਆਰਾ ਆਪਣੀਆਂ ਉੱਤਰ ਪੱਤਰੀਆਂ ਨੂੰ ਪ੍ਰਾਪਤ ਕਰਨ ਸਬੰਧਤ ਵਿਚਾਰ ਕੀਤੀ ਗਈ ਅਤੇ ਪੰਜਾਬ ਬੋਰਡ ਦੇ ਅਧਿਕਾਰੀਆਂ ਨੇ ਇਸ ਸਬੰਧਤ ਜਲਦੀ ਹੀ ਫੈਸਲਾ ਲੈਣ ਦਾ ਭਰੋਸਾ ਦਵਾਇਆ।ਰਾਸਾ ਯੂਕੇ ਦੀ ਟੀਮ ਵੱਲੋਂ ਡੀਪੀਆਈ ਐਲੀਮੈਂਟਰੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ ਜਿਸ ਵਿੱਚ 25% ਅਧੀਨ ਬੱਚਿਆਂ ਨੂੰ ਦਾਖਲ ਕਰਨ ਸਬੰਧੀ ਸਕੂਲਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਦੱਸਿਆ ਗਿਆ।ਦਿਲਪ੍ਰੀਤ ਸਿੰਘ ਗਾਂਧੀ ਲੀਗਲ ਐਡਵਾਈਜਰ ਰਾਸਾ ਯੂਕੇ ਵੱਲੋਂ ਸਤਨਾਮ ਸਿੰਘ ਗਿੱਲ ਨੂੰ 25% ਕੋਟੇ ਅਧੀਨ ਲੋਕਾਂ ਨੂੰ ਗੁਮਰਾਹ ਕਰਨ ਅਤੇ ਨਿੱਜੀ ਵਿਦਿਅਕ ਸੰਸਥਾਵਾਂ ਨੂੰ ਸਕੂਲ ਮਾਫੀਆ ਕਹਿਣ ਤੇ ਲੀਗਲ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਵਫਦ ਵਿੱਚ ਹਰਪਾਲ ਸਿੰਘ ਯੂਕੇ ਚੇਅਰਮੈਨ ਪੰਜਾਬ ਰਾਜ ਯੂਕੇ,ਪ੍ਰਿੰਸੀਪਲ ਐਚ ਐਸ ਕਠਾਨੀਆ ਵਾਈਸ ਚੇਅਰਮੈਨ ਰਾਸਾ ਯੂਕੇ ਪੰਜਾਬ, ਪ੍ਰਿੰਸੀਪਲ ਰਵੀ ਕੁਮਾਰ ਸ਼ਰਮਾ ਪ੍ਰਧਾਨ ਪੰਜਾਬ ਰਾਸਾ ਯੂਕੇ, ਪ੍ਰਿੰਸੀਪਲ ਦਿਲਬਾਗ ਸਿੰਘ ਕੈਸ਼ੀਅਰ ਪੰਜਾਬ ਰਾਸਾ ਯੂਕੇ, ਪ੍ਰਿੰਸੀਪਲ ਪ੍ਰੇਮ ਸਲਵਾਨ ਸਲਾਹਕਾਰ ਪੰਜਾਬ ਰਾਸਾ ਯੂਕੇ, ਪ੍ਰਿੰਸੀਪਲ ਸਤਨਾਮ ਸਿੰਘ ਮਨਾਵਾ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਰਾਸਾ ਯੂਕੇ ,ਪ੍ਰਿੰਸੀਪਲ ਵਨੀਤ ਕੁਮਾਰ ਪਾਸੀ ਪ੍ਰਿੰਸੀਪਲ ਸੁਖਦੀਪ ਸਿੰਘ ਪ੍ਰਿੰਸੀਪਲ ਸਚਿਨ ਪੁਰੀ ਪ੍ਰਿੰਸੀਪਲ ਓਂਕਾਰ ਸਿੰਘ,ਜ਼ਿਲ੍ਹਾ ਪ੍ਰਧਾਨ ਕਪੂਰਥਲਾ ਰਾਸਾ ਯੂਕੇ ਪ੍ਰਿੰਸੀਪਲ ਰਘਬੀਰ ਸਿੰਘ ਘੁੰਮਣ ਜਨਰਲ ਸਕੱਤਰ ਜ਼ਿਲ੍ਹਾ ਕਪੂਰਥਲਾ। ਪ੍ਰਿੰਸੀਪਲ ਗੁਰਦੇਵ ਸਿੰਘ ਧੰਮ ਜ਼ਿਲ੍ਹਾ ਕੋਆਰਡੀਨੇਟਰ ਕਪੂਰਥਲਾ, ਵਾਈਸ ਪ੍ਰਿੰਸੀਪਲ ਗੁਰਮੇਜ ਸਿੰਘ ਰਾਜੂ ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ ਨਰਲ ਸਕੱਤਰ ਪੰਜਾਬ ਰਾਸਾ ਯੂਕੇ ਸ਼ਾਮਲ ਸਨ।

# ਸੁਸ਼ੀਲ ਕੁਮਾਰ ਮੰਢਾਲੀ ਪ੍ਰਧਾਨ ਤੇ ਸੰਦੀਪ ਕੁਮਾਰ ਸਕੱਤਰ ਚੁਣੇ ਗਏ

**ਬੰਗਾ (ਅਵਤਾਰ ਕਲੇਰ)**— ਜਨਵਾਦੀ ਨੌਜਵਾਨ ਸਭਾ (ਡੀ ਵਾਈ ਐਫ ਆਈ) ਦਾ ਜ਼ਿਲ੍ਹਾ ਅਜਲਾਸ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪੱਤ ਸਥਾਨਕ ਮੰਢਾਲੀ ਭਵਨ ਵਿਖੇ ਕੀਤਾ ਗਿਆ। ਜਿਸਦੀ ਪ੍ਰਧਾਨਗੀ ਸਾਥੀ ਪਰਮਜੀਤ ਸਿੰਘ ਰੌੜੀ ਨੇ ਕੀਤੀ। ਡੀ ਵਾਈ ਐਫ ਆਈ ਦੇ ਸੂਬਾ ਜਨਰਲ ਸਕੱਤਰ ਸਾਥੀ ਸੁਖਵਿੰਦਰ ਸਿੰਘ ਨਾਗੀ ਨੇ ਕਿਹਾ ਕਿ ਨੌਜਵਾਨ ਨਸੇ ਵਰਗੀਆਂ ਮਾੜੀਆਂ ਅਲਾਮਤਾਂ ਛੱਡ ਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ। ਉਨ੍ਹਾਂ ਨੇ ਕਿਹਾ ਕਿ ਅਸੀਂ ਪੰਜਾਬ ਪੱਧਰ ਤੇ ਨਸੇ ਵਿਰੁੱਧ ਮੁਹਿੰਮ ਲਾਮਬੰਦ ਕਰ ਰਹੇ ਹਾਂ। ਪਹਿਲੀ ਜੂਨ ਨੂੰ ਰਾਏਕੋਟ ਵਿਖੇ ਹੋ ਰਹੀ ਸੂਬਾ ਕਾਨਫਰੰਸ ਵਿੱਚ ਇਸ ਮੁਹਿੰਮ ਨੂੰ ਤੇਜ ਕਰਨ ਲਈ ਫੈਸਲੇ ਲਏ ਜਾਣਗੇ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾ ਕੇ ਸਹੀਦ ਕਰਤਾਰ ਸਿੰਘ ਸਰਾਭੇ ਵਰਗੇ ਨੌਜਵਾਨਾਂ ਦੇ ਰਸਤੇ ਤੋਰਿਆ ਜਾ ਸਕੇ। ਇਸ ਮੌਕੇ 'ਤੇ 11 ਮੈਂਬਰੀ ਕਮੇਟੀ ਚੁਣੀ ਗਈ, ਦੋ ਸੀਟਾਂ ਖਾਲੀ ਰੱਖੀਆਂ ਗਈਆਂ। ਜਿਸ ਵਿਚ ਸੁਸੀਲ ਕੁਮਾਰ ਮੰਢਾਲੀ ਪ੍ਰਧਾਨ, ਸੰਦੀਪ ਕੁਮਾਰ ਸਕੱਤਰ ਅਤੇ ਬਲਜਿੰਦਰ ਪਾਲ ਸਿੰਘ ਖਜਾਨਚੀ ਚੁਣੇ ਗਏ। ਇਸ ਤੋਂ ਇਲਾਵਾ ਰਵਿੰਦਰ ਕੁਮਾਰ ਹੈਪੀ, ਗਗਨਦੀਪ ਸਿੰਘ ਬੰਗਾ, ਗੁਰਪ੍ਰੀਤ ਸਿੰਘ ਗੋਬਿੰਦਪੁਰ, ਮਨਦੀਪ ਕੁਮਾਰ ਬਲਾਚੌਰ, ਗੁਰਪ੍ਰੀਤ ਸਿੰਘ ਰਕਾਸਣ, ਕੁਲਵਿੰਦਰ ਬੈਂਸ ਚੱਕਗੁਰੂ ਮੈਂਬਰ ਚੁਣੇ ਗਏ। ਸੂਬਾ ਕਾਨਫਰੰਸ ਲਈ 10 ਡੈਲੀਗੇਟ ਚੁਣੇ ਗਏ। ਅੰਤ ਵਿੱਚ ਸਾਥੀ ਪਰਮਜੀਤ ਸਿੰਘ ਰੌੜੀ ਨੂੰ ਉਨ੍ਹਾਂ ਦੀਆਂ ਡੀ ਵਾਈ ਐਫ ਆਈ ਅੰਦਰ 18 ਸਾਲ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ।




# ਆਲ ਇੰਡੀਆ ਸੈਣੀ ਸੇਵਾ ਸਮਾਜ ਯੂਥ ਵਿੰਗ ਦੇ ਪ੍ਰਧਾਨ ਜਸਪ੍ਰੀਤ ਸੈਣੀ ਸਨਮਾਨਤ



**ਟਾਂਡਾ ਉੜਮੁੜ, ਅੱਡਾ ਸਰਾਂ (ਜਸਵਿੰਦਰ ਸੰਧੂ ਓਂਕਾਰ ਸਿੰਘ, ਜਸਵੀਰ ਕਾਜਲ)**- ਆਲ ਇੰਡੀਆ ਸੈਣੀ ਸੇਵਾ ਸਮਾਜ ( ਰਜਿ:) ਪੰਜਾਬ ਦੇ ਯੂਥ ਵਿੰਗ ਹੁਸ਼ਿਆਰਪੁਰ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਵਿੱਚ ਟਾਂਡਾ ਵਿਖੇ ਇਕ ਮੀਟਿੰਗ ਹੋਈ ਜਿਸ ਵਿਚ ਨਾਮਵਰ ਕਾਰੋਬਾਰੀ ਅਤੇ ਉੱਘੇ ਸਮਾਜ ਸੇਵਕ ਤਰਲੋਚਨ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਤਰਲੋਚਨ ਸਿੰਘ ਬਿੱਟੂ ਨੇ ਆਖਿਆ ਕਿ ਆਲ ਇੰਡੀਆ ਸੈਣੀ ਸੇਵਾ ਸਮਾਜ ਦੇ ਰਾਸ਼ਟਰੀ ਪ੍ਰਧਾਨ ਦਿਲਬਾਗ ਸਿੰਘ ਸੈਣੀ ਅਤੇ ਪੰਜਾਬ ਪ੍ਰਧਾਨ ਲਵਲੀਨ ਸੈਣੀ ਵਲੋਂ ਜਸਪ੍ਰੀਤ ਸਿੰਘ ਸੈਣੀ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕਰਨ ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸੈਣੀ ਸਮਾਜ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨ ਦੇ ਕੀਤੇ ਜਾ ਰਹੇ ਉਪਰਾਲੇ ਇੱਕ ਸ਼ਲਾਘਾ ਯੋਗ ਕਦਮ ਹੈ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸੈਣੀ ਨੇ ਕਿਹਾ ਕਿ ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਦੇ ਪ੍ਰਧਾਨ ਲਵਲੀਨ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਯੂਥ ਵਿੰਗ ਦੀਆਂ ਵਿਧਾਨ ਸਭਾ ਹਲਕਿਆਂ ਦੀਆਂ ਇਕਾਈਆਂ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸੈਣੀ ਸੇਵਾ ਸਮਾਜ ਇਕ ਗੈਰ ਰਾਜਨੀਤਕ ਸੰਸਥਾ ਹੈ ਜਿਸ ਵਿੱਚ ਸੈਣੀ ਸਮਾਜ ਦੀ ਭਲਾਈ ਲਈ ਕੋਈ ਵੀ ਸੈਣੀ ਭਾਈਚਾਰੇ ਨਾਲ ਸੰਬਧ ਰਖਣ ਵਾਲਾ ਵਿਅਕਤੀ ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ ਇਸ ਦਾ ਮੈਂਬਰ ਬਣ ਸਕਦਾ ਹੈ। ਇਸ ਮੌਕੇ ਉਨ੍ਹਾਂ ਨਾਲ ਪ੍ਰੋਫੈਸਰ ਨਵਦੀਪ ਸਿੰਘ ਸੈਣੀ, ਗੁਰਮੀਤ ਸਿੰਘ ਸੈਣੀ, ਸੇਵਾ ਮੁਕਤ ਇੰਸਪੈਕਟਰ ਹਰਭਜਨ ਸਿੰਘ ਸੈਣੀ, ਸੁਰਜੀਤ ਸਿੰਘ ਸੈਣੀ, ਅਤੇ ਹੋਰ ਮੌਜੂਦ ਸਨ।

# ਬਸਪਾ ਨੇ ਨਸ਼ਿਆਂ ਦੇ ਵਿਰੋਧ 'ਚ ਕੀਤਾ ਰੋਸ ਮਾਰਚ



**ਹੁਸ਼ਿਆਰਪੁਰ (ਓ ਪੀ ਰਾਣਾ)** ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਵਲੋਂ ਪਿੰਡ ਮਰੜੀ ਕਲਾਂ ਵਿਧਾਨ ਸਭਾ ਮਜੀਠਾ ਅੰਦਰ ਪਿਛਲੇ ਦਿਨੀਂ ਨਕਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਰੋਸ ਵਜੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚ ਪੰਜਾਬ ਸੰਭਾਲੋ ਮੁਹਿੰਮ ਦੇ ਮਾਧਿਅਮ ਰਾਹੀਂ ਮਾਵਾਂ ਦੇ ਪੁੱਤ ਬਚਾਉਣ ਲਈ ਭੈਣਾਂ ਦੇ ਭਰਾ ਬਚਾਉਣ ਲਈ ਧੀਆਂ ਦਾ ਸੁਹਾਗ ਬਚਾਉਣ ਲਈ ਰੋਸ ਪ੍ਰਦਰਸ਼ਨ ਕੀਤੇ ਅਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ। ਹੁਸ਼ਿਆਰਪੁਰ ਅੰਦਰ ਠੇਕੇਦਾਰ ਭਗਵਾਨ ਦਾਸ ਸਿੱਧੂ ਜੋਨ ਇੰਚਾਰਜ ਦੀ ਅਗਵਾਈ ਹੇਠ ਬਸਪਾ ਦੇ ਸੈਂਕੜੇ ਆਗੂਆਂ ਤੇ ਵਰਕਰਾਂ ਵਲੋਂ ਸ਼ਹੀਦ ਉੱਧਮ ਸਿੰਘ ਪਾਰਕ ਤੋਂ ਸ਼ੈਸ਼ਨ ਚੌਂਕ ਹੁਸ਼ਿਆਰਪੁਰ ਤੱਕ ਰੋਸ ਮਾਰਚ ਕੀਤਾ ਅਤੇ ਸਰਕਾਰ ਖਿਲਾਫ ਜਬਰਦਸਤ ਨਾਅਰੇਬਾਜ਼ੀ ਕੀਤੀ ਅਤੇ ਮੰਗ ਪੱਤਰ ਦਿੱਤਾ। ਸਿੱਧੂ ਨੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜੀਠਾ ਦੇ ਵੱਖ ਵੱਖ ਪਿੰਡਾਂ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਨਾਲ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫਲਾਪ ਸਾਬਤ ਹੋਈ ਹੈ ਅਤੇ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਹੋਇਆ ਹੈ। ਉਨ੍ਹਾਂ ਕਿਹਾ ਸਰਕਾਰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰੇ ਅਤੇ ਪੀੜਤਾਂ ਨੂੰ ਇੱਕ ਇੱਕ ਕਰੋੜ ਦਾ ਮੁਆਵਜਾ ਅਤੇ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਲਈ ਪ੍ਰਬੰਧ ਕਰੇ । ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਚੱਬੇਵਾਲ, ਮਦਨ ਸਿੰਘ ਬੈਸ ਇੰਚਾਰਜ ਹੁਸ਼ਿਆਰਪੁਰ, ਬਲਵਿੰਦਰ ਸੀਕਰੀ,,ਨਿਸ਼ਾਨ ਚੌਧਰੀ ਇੰਚਾਰਜ ਸ਼ਾਮ ਚੌਰਾਸੀ, ਮਨਿੰਦਰ ਸ਼ੇਰਪੁਰੀ ਇੰਚਾਰਜ ਟਾਂਡਾ, ਸੁਰਜੀਤ ਮਹਿਮੀ ਪ੍ਰਧਾਨ ਹੁਸ਼ਿਆਰਪੁਰ, ਯਸ਼ ਭੱਟੀ ਪ੍ਰਧਾਨ ਚੱਬੇਵਾਲ, ਸੁਖਦੇਵ ਬਿੱਟਾ,ਰਕੇਸ਼ ਕਿੱਟੀ, ਵਿਜੈ ਖਾਨਪੁਰੀ,ਬਲਵੰਤ ਨੀਤਪੁਰ, ਵਿੱਕੀ ਬੰਗਾ, ਜੱਸੀ ਖਾਨਪੁਰ, ਸਤਪਾਲ ਬਡਲਾ, ਹਰਮੇਸ਼ ਫਗਲਾਣਾ,ਸੁਦੇਸ਼ ਭੱਟੀ, ਹੈਪੀ ਫੰਬੀਆਂ, ਡਾ. ਜਸਪਾਲ ਸਿੰਘ ਟਾਂਡਾ, ਮਲਕੀਤ ਸਿੰਘ ਸੋਨੀ ਗੜ੍ਹਸ਼ੰਕਰ, ਚਰਨਜੀਤ ਗੜ੍ਹਸ਼ੰਕਰ, ਬੀਬੀ ਮਹਿੰਦਰ ਕੌਰ, ਕ੍ਰਿਸ਼ਨਾ ਦੇਵੀ ਜਿਲਾ ਕਨਵੀਨਰ ਲੇਡੀਜ਼ ਵਿੰਗ ਵੀ ਹਾਜਰ ਸਨ।

# ਭੁੰਗਰਨੀ ਵਿਖੇ ਸਾਲਾਨਾ ਭਗਵਤੀ ਜਾਗਰਣ 25 ਨੂੰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭੁੰਗਰਨੀ ਵਿਖੇ ਭੁੰਗਰਨੀ ਧਾਰਮਿਕ ਕਮੇਟੀ ਵੱਲੋਂ ਵਿਸ਼ਾਲ ਭਗਵਤੀ ਜਾਗਰਣ 25 ਮਈ ਨੂੰ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਕਮੇਟੀ ਪ੍ਰਧਾਨ ਰਾਜ ਕੁਮਾਰ ਭੁੰਗਰਨੀ, ਡਾਕਟਰ ਪਵਨ ਕੁਮਾਰ, ਮਾਸਟਰ ਹਰਪ੍ਰੀਤ ਸਿੰਘ ਭੁੰਗਰਨੀ ਨੇ ਦੱਸਿਆ ਕਿ ਜਾਗਰਣ ਵਿਚ ਪੰਜਾਬ ਦੇ ਨਾਮਵਰ ਕਲਾਕਾਰ ਕੰਠ ਕਲੇਰ, ਕੁਮਾਰ ਹਰੀਸ਼ ਪਠਾਨਕੋਟ, ਮਹੰਤ ਅਸਵਨੀ ਕੁਮਾਰ ਸਾਸਤਰੀ ਸਾਰੀ ਰਾਤ ਮਹਾਮਾਈ ਦੇ ਗੁਣਗਾਨ ਕਰਨਗੇ। ਸਵਰਗਵਾਸੀ ਡਾਕਟਰ ਅਰਵਿੰਦ ਸਰਮਾ ਦਾ ਪਰਵਾਰ ਵਿਸਾਲ ਭਗਵਤੀ ਜਾਗਰਣ ਵਿੱਚ ਵਿਸੇਸ ਸਹਿਯੋਗ ਦੇ ਰਿਹਾ ਹੈ। ਇਸ ਮੌਕੇ ਮੀਟਿੰਗ ਦੌਰਾਨ ਰਾਜ ਕੁਮਾਰ ਭੁੰਗਰਨੀ, ਮਾਸਟਰ ਹਰਪ੍ਰੀਤ ਸਿੰਘ, ਡਾਕਟਰ ਪਵਨ ਕੁਮਾਰ ਖਜਾਨਚੀ, ਮਾਸਟਰ ਪ੍ਰਦੀਪ ਕੁਮਾਰ, ਦਿਲਬਾਗ ਸਿੰਘ ਲੱਕੀ, ਤਿਲਕ ਰਾਜ, ਹਰਬੰਸ ਸਿੰਘ, ਅਮਰੀਕ ਸਿੰਘ, ਧਰਮਿੰਦਰ ਸਿੰਘ, ਭੁਪਿੰਦਰ ਸਿੰਘ ਭਿੰਦਾ, ਰਾਜ ਕੁਮਾਰ ਨੰਬਰਦਾਰ, ਸੁਰਜੀਤ ਕੁਮਾਰ, ਸੰਦੀਪ ਕੁਮਾਰ, ਦਰਸਨ ਰਾਮ, ਅਵਤਾਰ ਸਿੰਘ ਤਾਰੀ, ਅਮਰੀਕ ਸਿੰਘ ਖਾਲਸਾ, ਬਲਵੀਰ ਸਿੰਘ ਦੀਵਾਨਾ, ਲਖਵਿੰਦਰ ਸਿੰਘ ਲੱਕੀ ਪੰਚ ਆਦਿ ਹਾਜਰ ਸਨ।



# ਥਾਣਾ ਹਰਿਆਣਾ ਦੇ ਐਸ ਐਚ ਓ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਹਲਕਾ ਹਰਿਆਣਾ ( ਭੂੰਗਾ ) ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਵੱਲੋਂ ਥਾਣਾ ਹਰਿਆਣਾ ਦੇ ਐਸਐਚਓ ਇੰਸਪੈਕਟਰ ਸੋਮ ਨਾਥ ਨੂੰ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਦਾ ਸਰੂਪ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਥਾਣਾ ਮੁਖੀ ਸੋਮ ਨਾਥ ਨੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਪੁਲਸ ਬੜੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਦੀ ਹੈ ਅਤੇ ਕਰਦੀ ਰਹੇਗੀ । ਆਗੂਆਂ ਨੇ ਕਿਹਾ ਕਿ ਜਦੋਂ ਤੋਂ ਐਸਐਚਓ ਸੋਮ ਨਾਥ ਨੇ ਥਾਣਾ ਹਰਿਆਣਾ ਦਾ ਚਾਰਜ ਸੰਭਾਲਿਆ ਹੈ ਉਸ ਦਿਨ ਤੋਂ ਹੀ ਨਸ਼ਾਖੋਰੀ ਲੁੱਟਾਂ ਖੋਹਾਂ ਨੂੰ ਵੱਡੇ ਪੱਧਰ 'ਤੇ ਠੱਲ੍ਹ ਪਈ ਹੈ। ਇਸ ਮੌਕੇ ਹੋਰਨਾਂ ਤੋ ਇਲਾਵਾ ਸਤੀਸ਼ ਕੁਮਾਰ ਬਸੀ ਬਾਹਦ, ਮਨਪ੍ਰੀਤ ਕਲੋਤਾ, ਅਮਰੀਕ ਸਿੰਘ, ਸ਼ਾਲੂ, ਨਵਜੋਤ ਆਦਿ ਹਾਜ਼ਰ ਸਨ।



# ਨਗਰ ਪੰਚਾਇਤ ਨੇ ਜੈਵਿਕ ਖਾਦ ਵੰਡੀ

**ਮਹਿਤਪੁਰ (ਰਾਜਾ)** ਨਗਰ ਪੰਚਾਇਤ ਮਹਿਤਪੁਰ ਵਲੋਂ ਕਾਰਜ ਸਾਧਕ ਅਫਸਰ ਸੁਨੀਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੈਨੇਟਰੀ ਇੰਸਪੈਕਟਰ ਘਣਸ਼ਾਮ ਅਤੇ ਸੀ. ਐਫ.ਨਰੇਸ਼ ਸਿੰਘ ਦੀ ਅਗਵਾਈ ਹੇਠ ਸਵੱਛ ਭਾਰਤ ਮਿਸ਼ਨ ਤਹਿਤ ਜੈਵਿਕ ਖਾਦ ਨਗਰ ਪੰਚਾਇਤ ਮਹਿਤਪੁਰ ਵਲੋਂ ਮੁਫਤ ਵੰਡੀ ਗਈ। ਇਹ ਖਾਦ ਗਿੱਲੇ ਕੂੜੇ ਜਿਵੇਂ ਸਬਜੀਆਂ, ਫਲਾਂ ਦੇ ਛਿਲਕਿਆਂ, ਵਧੇ ਘਟੇ ਘਰ ਦੇ ਖਾਣੇ, ਸੁੱਕੇ ਪੱਤਿਆਂ ਤੋਂ ਤਿਆਰ ਕੀਤੀ ਗਈ ਹੈ। ਲੋਕਾਂ ਨੂੰ ਘਰਾਂ ਵਿੱਚ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਮੈਡਮ ਸੰਦੀਪ ਕੌਰ, ਰਾਜਨਦੀਪ ਕੌਰ, ਸੌਰਵ ਜੋਸ਼ੀ ਕਲਰਕ, ਕੁਲਵਿੰਦਰ ਸਿੰਘ, ਚਰਨਜੀਤ ਸਿੰਘ ਆਦਿ ਹਾਜ਼ਰ ਸਨ।



# ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ ਅਧੀਨ ਜ਼ਰੂਰਤਮੰਦ ਬੱਚੀ ਦਾ ਕਰਵਾਇਆ ਇਲਾਜ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ (ਆਰ.ਬੀ.ਐਸ.ਕੇ.) ਤਹਿਤ 18 ਸਾਲ ਤੱਕ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਿਰੋਗ ਰੱਖਣ ਦੇ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿੱਚ 31 ਤਰ੍ਹਾਂ ਦੀ ਬੀਮਾਰੀਆਂ ਦਾ ਮੁਫ਼ਤ ਇਲਾਜ ਯਕੀਨੀ ਬਣਾਇਆ ਗਿਆ ਹੈ। ਇਹ ਜਾਣਕਾਰੀ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਐੱਸ ਐਮ ਓ ਡਾਕਟਰ ਦਵਿੰਦਰ ਪਾਲ ਸਿੰਘ ਡੀਪੀ ਸਿੰਘ ਵੱਲੋਂ ਕੀਤਾ ਗਿਆ,ਉਹਨਾਂ ਨੇ ਕਿਹਾ ਕਿ ਸਿਵਲ ਸਰਜਨ ਕਪੂਰਥਲਾ ਡਾਕਟਰ ਰਾਜੀਵ ਦੇ ਦਿਸ਼ਾ ਨਿਰਦੇਸ਼ਾਂ ਤੇ ਜਦੋਂ ਸਾਡੀ ਟੀਮ ਵੱਲੋਂ ਆਂਗਣਵਾੜੀ 'ਚ ਬੱਚਿਆਂ ਦਾ ਚੈੱਕਅਪ ਕੈਂਪ ਲਗਾਇਆ ਸੀ, ਤਾਂ ਉਸ ਦੌਰਾਨ ਪਤਾ ਲੱਗਿਆ ਕਿ ਸੁਲਤਾਨਪੁਰ ਲੋਧੀ ਦੀ ਇੱਕ ਛੋਟੀ ਬੱਚੀ ਪਰੀ ਕੁਮਾਰੀ ਜਿਸ ਦੀ ਉਮਰ ਢਾਈ ਸਾਲ ਦੇ ਕਰੀਬ ਹੈ ਜੋ ਕਿ ਜਰੂਰਤਮੰਦ ਪਰਵਾਰ ਨਾਲ ਸੰਬੰਧਿਤ ਹੈ । ਉਸ ਦੇ ਦਿਲ ਵਿੱਚ ਛੇਕ ਹੈ । ਜਿਸ ਨੂੰ ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ (ਆਰ.ਬੀ.ਐਸ.ਕੇ.) ਅਧੀਨ ਉਸ ਦਾ ਇਲਾਜ ਕਰਵਾਇਆ ਗਿਆ । ਜਿਸ ਦੇ ਇਲਾਜ ਤੇ ਕੁੱਲ 2:50 ਤੋਂ 3:50 ਲੱਖ ਰੁਪਏ ਦੇ ਕਰੀਬ ਖਰਚਾ ਆਇਆ ਹੈ, ਜੋ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਗਿਆ ਹੈ ,ਉਹਨਾਂ ਦੱਸਿਆ ਕਿ ਪਰੀ ਕੁਮਾਰੀ ਦਾ ਇਲਾਜ ਚੰਡੀਗੜ੍ਹ ਦੇ ਫੋਰਟਿਸ ਹਸਪਤਾਲ ਵਿਖੇ ਕਰਵਾਇਆ ਗਿਆ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਏ ਐਮ ਓ ਡਾਕਟਰ ਪ੍ਰਤਿਭਾ ਨੇ ਦੱਸਿਆ ਆਰ.ਬੀ.ਐਸ.ਕੇ ਪ੍ਰੋਗਰਾਮ ਅਧੀਨ ਬੱਚਿਆਂ ਦੀ ਰੀੜ੍ਹ ਦੀ ਹੱਡੀ ਵਿੱਚ ਜਨਮ, ਅੱਖਾਂ ਵਿੱਚ ਟੇਢਾਪਨ, ਚੂਲੇ ਦਾ ਠੀਕ ਤਰ੍ਹਾਂ ਨਾਲ ਵਿਕਸਿਤ ਨਾ ਹੋਣਾ, ਜਨਮ ਵਿੱਚ ਸਫੈਦ ਮੋਤੀਆ, ਬੋਲਾਪਣ, ਜਨਮ ਤੋਂ ਦਿਲ ਦੇ ਰੋਗ ਜਾਂ ਅੱਖਾਂ ਦੇ ਪਰਦੇ ਵਿੱਚ ਕੋਈ ਨੁਕਸ ਹੋਵੇ ਤਾਂ 18 ਸਾਲ ਤੱਕ ਦੀ ਉਮਰ ਦੇ ਵਿਦਿਆਰਥੀਆਂ ਨੂੰ ਮੁਫ਼ਤ ਟੈਸਟ ਕਰਵਾਕੇ ਸਰਕਾਰੀ ਹਸਪਤਾਲਾਂ ਤੋਂ ਇਲਾਜ ਕਰਵਾਇਆ ਜਾਂਦਾ ਹੈ। ਖ਼ੂਨ ਦੀ ਕਮੀ, ਵਿਟਾਮਿਨਾਂ ਦੀ ਕਮੀ, ਕਪੋਸ਼ਨ ਦਾ ਸ਼ਿਕਾਰ, ਗਿੱਲੜ ਰੋਗ, ਚਮੜੀ ਨਾਲ ਸੰਬੰਧਿਤ ਬੀਮਾਰੀ, ਕੰਨਾਂ ਦਾ ਬਹਿਣਾ, ਸਾਹ ਨਲੀ ਵਿੱਚ ਤਕਲੀਫ, ਦਿਲ ਦੇ ਰੋਗਾਂ ਦਾ ਬੀਮਾਰੀ, ਦੌਰਾ ਪੈਣਾ, ਦੰਦਾਂ ਦੇ ਰੋਗ, ਨਜ਼ਰ ਦਾ ਕਮਜ਼ੋਰ ਹੋਣਾ, ਘੱਟ ਸੁਣਨਾ, ਮੰਦਬੁੱਧੀ, ਥੈਲਾਸੀਮੀਆ ਸਮੇਤ 31 ਪ੍ਰਕਾਰ ਦੇ ਰੋਗਾਂ ਨਾਲ ਸੰਬੰਧਿਤ ਉਨ੍ਹਾਂ ਵਿਦਿਆਰਥੀਆਂ ਨੂੰ ਮੁਫ਼ਤ ਇਲਾਜ ਕਰਵਾਇਆ ਜਾਂਦਾ ਹੈ ਜੋ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਾਈ ਕਰਦੇ ਹਨ। ਇਸ ਮੌਕੇ ਪਰੀ ਕੁਮਾਰੀ ਦੇ ਮਾਤਾ ਪਿਤਾ ਵੱਲੋਂ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੀ ਸਮੂਹ ਟੀਮ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਰਾਮ ਸ਼ਰਮਾ ਆਰਬੀਐਸਕੇ ਵੀ ਮੌਜੂਦ ਸੀ।

# ਸੰਤ ਈਸ਼ਰ ਸਿੰਘ ਪਬਲਿਕ ਸਕੂਲ 'ਚ ਟ੍ਰੈਫ਼ਿਕ ਨਿਯਮਾਂ ਤੇ ਨਸ਼ਿਆਂ ਵਿਰੁੱਧ ਸੈਮੀਨਾਰ




**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**— ਸੰਤ ਈਸ਼ਰ ਸਿੰਘ ਪਬਲਿਕ ਸਕੂਲ ਫੇਜ਼-7 ਮੋਹਾਲੀ ਵਿੱਚ ਮੋਹਾਲੀ ਦੇ ਐੱਸ .ਐੱਸ .ਪੀ ਹਰਮਨਦੀਪ ਸਿੰਘ ਹੰਸ, ਐਸ.ਪੀ ਨਵਨੀਤ ਸਿੰਘ ਮਾਹਲ ਦੇ ਦਿਸ਼ਾ ਨਿਰਦੇਸ਼ਾਂ ਤੇ ਉਹਨਾਂ ਦੀ ਅਗਵਾਈ ਵਿੱਚ ਚੱਲ ਰਹੀ ਮੁਹਿੰਮ ' ਯੁੱਧ ਨਸ਼ਿਆਂ ਵਿਰੁੱਧ' ਅਤੇ ਟ੍ਰੈਫਿਕ ਨਿਯਮਾਂ ਬਾਰੇ ਦੱਸਦੇ ਹੋਏ ਡੀ.ਐੱਸ.ਪੀ. ਕਰਨੈਲ ਸਿੰਘ ਵਲੋਂ ਬੱਚਿਆ ਨੂੰ ਸੰਬੋਧਿਤ ਕੀਤਾ ਗਿਆ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਬਾਰੇ ਰੋਜ਼ਾਨਾ ਜ਼ਿੰਦਗੀ ਚੋ ਉਦਾਹਰਨਾਂ ਦੇ ਕੇ ਸੜਕ ਸੁਰੱਖਿਆ, ਬੱਤੀਆਂ ਦੀ ਪਾਲਣਾ, ਨਸ਼ੇ ਨਾ ਕਰਨ ਤੇ ਐਬੂਲੈਂਸ ਨੂੰ ਰਸਤਾ ਦੇਣ ਤੇ ਤੇਜ਼ ਰਫ਼ਤਾਰ ਤੋਂ ਪ੍ਰਹੇਜ ਕਰਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਹਨਾਂ ਨੇ ਇਸ ਦੇ ਨਾਲ-ਨਾਲ ਨਸ਼ਿਆਂ ਤੋਂ ਦੂਰ ਰਹਿਣ ਤੇ ਜ਼ਿੰਦਗੀ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਨਾ ਕਰਨ ਦਾ ਸੰਦੇਸ਼ ਵੀ ਦਿੱਤਾ। ਇਸ ਮੌਕੇ ਵਿਦਿਆਰਥੀਆਂ ਨੇ ਜ਼ਿੰਦਗੀ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਲਿਆ । ਸਕੂਲ ਡਾਇਰੈਕਟਰ, ਪਵਨਦੀਪ ਕੌਰ ਗਿੱਲ ਤੇ ਪ੍ਰਿੰਸੀਪਲ, ਇੰਦਰਜੀਤ ਕੌਰ ਸੰਧੂ ਨੇ ਕਿਹਾ ਕਿ ਐੱਸ.ਐੱਸ.ਪੀ ਮੋਹਾਲੀ ਵਲੋਂ ਚਲਾਈ ਗਈ ਮੁਹਿੰਮ ਬਹੁਤ ਸ਼ਲਾਘਾਯੋਗ ਹੈ। ਇਸ ਮੁਹਿੰਮ ਨਾਲ ਬੱਚੇ ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨਗੇ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸਾਨੂੰ ਸੜਕ ਸੁਰੱਖਿਆ ਦੇ ਨਿਯਮਾਂ ਦਾ ਪੂਰਾ ਧਿਆਨ ਕਰਨਾ ਚਾਹੀਦਾ ਹੈ। ਇਹਨਾਂ ਦੀ ਪਾਲਣਾ ਪੁਲਸ ਦੇ ਡਰ ਤੋਂ ਨਹੀਂ ਸਗੋਂ ਆਪਣੀ ਜ਼ਿੰਦਗੀ ਨੂੰ ਕੀਮਤੀ ਸਮਝਦੇ ਹੋਏ ਕਰਨੀ ਚਾਹੀਦੀ ਹੈ ਤੇ ਕਿਸੇ ਵੀ ਪ੍ਰਕਾਰ ਦੇ ਨਸ਼ੇ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਚੰਗੇ ਨਾਗਰਿਕ ਬਣ ਸਕੀਏ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਵੱਲੋਂ 23-05-2025, ਦਿਨ ਸ਼ੁੱਕਰਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤੀਸਰੀ ਮੰਜ਼ਿਲ, ਕਮਰਾ ਨੰ: 461, ਸੈਕਟਰ-76 ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 11:00 ਵਜੇ ਤੋਂ ਸ਼ਾਮ 2 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਵਿੱਚ ਮਿਤੀ 23-05-2025 (ਸ਼ੁੱਕਰਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਆਈ-ਪ੍ਰੋਸੈਸ, ਐਕਸਿਸ/ ਐੱਚ ਡੀ ਐੱਫ ਸੀ ਬੈਂਕ, ਆਈ ਡੀ ਐੱਫ ਸੀ, ਗਲੋਬ ਆਟੋ ਮੋਬਾਈਲ (ਟੋਇਟਾ) ਅਤੇ ਐਵੀਏਟਰਜ ਹੱਬ ਵੱਲੋਂ ਹੋਮ ਲੋਨ ਅਤੇ ਕਮਰਸੀਅਲ ਕਾਰਡ, ਬੀਡੀਈ, ਐਮਆਈਐਸ, ਸੇਲਜ਼ ਅਫਸਰ, ਏਅਰ-ਹੋਸਟੈਸ/ਕੈਬਿਨ ਕਰੂ, ਗਰਾਊਂਡ ਸਟਾਫ-ਰਿਜਰਵੇਸ਼ਨ/ਟਿਕਟਿੰਗ/ਕਸਟਮਰ ਸਰਵਿਸ, ਟੈਲੀ-ਕਾਲਰ, ਕਰੀਅਰ ਕੌਂਸਲਰ ਵਿੱਚ ਸੇਲਜ਼ ਐਗਜੀਕਿਊਟਿਵ ਅਤੇ ਐਚਆਰ ਇੰਟਰਨਸ ਦੀਆਂ ਆਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਅਨੁਸਾਰ (11000/- ਤੋਂ 25000/-) ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਜ਼ਿਲ੍ਹਾ ਐਸ.ਏ.ਐਸ ਨਗਰ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 30 ਸਾਲ ਤੱਕ ਹੋਵੇਗੀ ਅਤੇ ਘੱਟੋ ਘੱਟ ਯੋਗਤਾ ਗਰੈਜੂਏਸ਼ਨ ਅਤੇ ਐਮ ਆਈ ਐਸ, ਸੇਲਜ਼ ਅਫਸਰ ਲਈ ਡਿਪਲੋਮਾ ਪਾਸ ਲੋੜੀਂਦੀ ਹੈ। ਇਨ੍ਹਾਂ ਆਸਾਮੀਆਂ ਲਈ ਪ੍ਰਾਰਥੀ :// /3348 ਲਿੰਕ 'ਤੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਆਧਾਰ ਕਾਰਡ ਅਤੇ ਪੈਨਕਾਰਡ ਨਾਲ ਲੈ ਕੇ ਆਉਣ ਤਾਂ ਕਿ ਪ੍ਰਾਰਥੀਆ ਦੀ ਮੌਕੇ ਤੇ ਹੀ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਪ੍ਰਾਰਥੀ ਰੀਜ਼ਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਡਾ. ਜੋਤੀ ਯਾਦਵ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਹੋਏ ਰੂਬਰੂ



**ਨੰਗਲ (ਸੁਰਜੀਤ ਸਿੰਘ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਨਿਵੇਕਲੇ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' ਤਹਿਤ 2019 ਬੈਚ ਦੇ ਆਈ.ਪੀ.ਐਸ ਡਾ.ਜੋਤੀ ਯਾਦਵ ਨੇ ਬੁੱਧਵਾਰ ਸਕੂਲ ਆਫ ਐਮੀਨੈਂਸ ਨੰਗਲ ਦਾ ਦੌਰਾ ਕੀਤਾ। ਇਸ ਮੌਕੇ ਵਿਦਿਆਰਥੀਆਂ, ਅਧਿਆਪਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਿੱਖਿਆ ਦੇ ਪੱਧਰ ਨੂੰ ਹੋਰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਪਹਿਲੂਆਂ 'ਤੇ ਚਰਚਾ ਕੀਤੀ।ਡਾ.ਜੋਤੀ ਯਾਦਵ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਖ਼ਤ ਮਿਹਨਤ ਨੂੰ ਟਾਲਣ ਦਾ ਮਤਲਬ ਹੈ ਸਫਲਤਾ ਗੁਆਉਣਾ। ਇਸ ਲਈ ਹੁਣ ਕੀਤੀ ਗਈ ਸਖ਼ਤ ਮਿਹਨਤ ਆਉਣ ਵਾਲੇ ਦਿਨਾਂ ਵਿਚ ਚੰਗੇ ਨਤੀਜੇ ਲਿਆਵੇਗੀ। ਇਸ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਕਰੀਅਰ ਦੇ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਰੁਚੀ ਅਨੁਸਾਰ ਵੱਖ-ਵੱਖ ਵਿਸ਼ਿਆਂ ਦੇ ਸਮੂਹ ਬਣਾਏ ਜਾਣਗੇ ਅਤੇ ਆਉਣ ਵਾਲੇ ਸਮੇਂ ਵਿਚ ਸਕੂਲ ਨੂੰ ਉਸ ਅਨੁਸਾਰ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਮਾਹਿਰ ਸੈਸ਼ਨ ਆਯੋਜਿਤ ਕੀਤੇ ਜਾਣਗੇ ਤਾਂ ਜੋ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਕਿਹਾ ਕਿ ਸਿਰਫ਼ ਕਿਤਾਬਾਂ ਤੱਕ ਸੀਮਤ ਸਿੱਖਿਆ ਹੁਣ ਕਾਫ਼ੀ ਨਹੀਂ ਹੈ, ਵਿਦਿਆਰਥੀਆਂ ਨੂੰ ਅਸਲ ਜੀਵਨ ਦੀ ਸਮਝ, ਐਕਸਪੋਜ਼ਰ ਵਿਜ਼ਿਟ ਅਤੇ ਆਧੁਨਿਕ ਤਕਨਾਲੋਜੀ ਦੀ ਵੀ ਓਨੀ ਹੀ ਲੋੜ ਹੈ। ਉਨ੍ਹਾਂ ਅਧਿਆਪਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਨਵੀਨਤਮ ਅਧਿਆਪਨ ਤਕਨੀਕਾਂ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸ ਦੇ ਨਾਲ ਹੀ ਸਕੂਲ ਦੀਆਂ ਗਤੀਵਿਧੀਆਂ ਵਿਚ ਮਾਪਿਆਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ।ਡਾ.ਜੋਤੀ ਯਾਦਵ ਨੇ ਕਿਹਾ ਕਿ ਸਕੂਲ ਮੈਂਟਰਸ਼ਿਪ ਪ੍ਰੋਗਰਾਮ ਇਕ ਨਵਾਂ ਵਿਚਾਰ ਹੈ ਜਿਸ ਵਿਚ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਦੀ ਸਮਰੱਥਾ ਹੈ। ਇਸ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਈ ਵਿਚ ਰੁਚੀ ਲਿਆਉਣ ਵਰਗੇ ਅਤੇ ਜ਼ਿਆਦਾ ਸਮੇਂ ਤੱਕ ਪੜ੍ਹਾਈ ਕਰਨ ਸਬੰਧੀ ਟਿਪਸ ਵੀ ਦਿੱਤੇ।ਸਕੂਲ ਆਫ ਐਮੀਨੈਂਸ, ਨੰਗਲ ਦੇ ਪ੍ਰਿੰਸੀਪਲ ਕਿਰਨ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਆਈ.ਪੀ.ਐਸ ਡਾ.ਜੋਤੀ ਯਾਦਵ ਨੂੰ ਉਨ੍ਹਾਂ ਦੇ ਵਿਦਿਆਰਥੀਆਂ ਦੇ ਮਾਰਗ ਦਰਸ਼ਨ ਲਈ ਤਾਇਨਾਤ ਕੀਤਾ ਹੈ। ਇਸ ਮੌਕੇ ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ, ਅਧਿਆਪਕ ਤੇ ਵਿਦਿਆਰਥੀ ਵੱਡੀ ਗਿਣਤੀ 'ਚ ਮੌਜੂਦ ਸਨ।

# ਰੰਧਾਵਾ ਨੇ ਡੇਰਾ ਬੱਸੀ ਦੇ ਲਾਲੜੂ ਖੇਤਰ ਦੇ ਚਾਰ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜ ਸਮਰਪਤ ਕੀਤੇ

**ਡੇਰਾ ਬੱਸੀ (ਵਿਨੋਦ ਕੁਮਾਰ ਜੈਨ)**- ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਨੇ ਲਾਲੜੂ ਖੇਤਰ ਦੇ ਚਾਰ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਤਹਿਤ ਅੱਜ ਵੱਖ-ਵੱਖ ਸਰਕਾਰੀ ਸਕੂਲਾਂ ਦੇ ਦੌਰੇ ਸਮੇਂ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਗਈਆਂ ਅਤਿ-ਆਧੁਨਿਕ ਵਿਦਿਅਕ ਸਹੂਲਤਾਂ ਨੂੰ ਦੇਖਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੀ ਗਈ ਤਬਦੀਲੀ ਨੇ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਹੈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਿੱਖਿਆ ਖੇਤਰ ਨੂੰ ਨਵੀ ਉਚਾਈਆਂ ਤੱਕ ਲਿਜਾਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਕੂਲਾਂ ਦੀ ਇਮਾਰਤਾਂ ਨੂੰ ਨਵੀਂ ਰੂਪ-ਰੇਖਾ ਦੇਣ, ਕਲਾਸ ਰੂਮਾਂ ਦੀ ਸਫ਼ਾਈ, ਸਕੂਲਾਂ ਵਿੱਚ ਰੰਗ ਰੋਗਨ, ਪੇਂਟਿੰਗ, ਪਾਣੀ ਦੀ ਸਹੂਲਤ, ਟਾਇਲਟ ਬਲਾਕਾਂ, ਚਾਰਦੀਵਾਰੀ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਉੱਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਸਕੂਲਾਂ ਨੂੰ ਸੋਹਣਾ ਅਤੇ ਸਿੱਖਣ ਯੋਗ ਬਣਾਉਣ ਦੀ ਵਚਨਬੱਧਤਾ ਹੇਠ ਨਿੱਤ ਨਵੇਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਡੇਰਾਬੱਸੀ ਦੇ ਲਾਲੜੂ ਖੇਤਰ ਵਿੱਚ ਉਦਘਾਟਨ ਕੀਤੇ ਗਏ ਪ੍ਰੋਜੈਕਟਾਂ ਦੀ ਕੁੱਲ ਲਾਗਤ 57 ਲੱਖ 84 ਹਜ਼ਾਰ ਰੁਪਏ ਹੈ ਅਤੇ ਇਨ੍ਹਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਰਾਮਪੁਰ ਬਹਾਲ ਵਿੱਚ 22 ਲੱਖ 39 ਹਜ਼ਾਰ ਰੁਪਏ ਦੀ ਲਾਗਤ ਨਾਲ ਇੱਕ ਕਲਾਸ ਰੂਮ, ਚਾਰਦੀਵਾਰੀ ਅਤੇ ਖੇਡ ਮੈਦਾਨ ਦੇ ਚਲ ਰਹੇ ਕੰਮ, ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਖੇਲੀ ਸੰਟਾਂ ਵਿੱਚ 7 ਲੱਖ 51 ਹਜ਼ਾਰ ਰੁਪਏ ਦੀ ਲਾਗਤ ਨਾਲ ਇੱਕ ਸਮਾਰਟ ਕਲਾਸ ਰੂਮ, ਸਰਕਾਰੀ ਮਿਡਲ ਸਕੂਲ, ਪਿੰਡ ਸਿਓਲੀ ਵਿੱਚ 08 ਲੱਖ 27 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਹੋਰ ਕੰਮ ਵਿਦਿਆਰਥੀਆਂ ਨੂੰ ਸਮਰਪਤ ਕੀਤੇ। ਇਸ ਤੋਂ ਇਲਾਵਾ ਸਰਕਾਰੀ ਹਾਈ ਸਕੂਲ, ਪਿੰਡ ਝੁਰੜੀ ਵਿੱਚ 19 ਲੱਖ 67 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੇ ਹਾਲ ਤੇ ਸਾਇੰਸ ਲੈਬ ਦਾ ਉਦਘਾਟਨ ਕੀਤਾ।ਇਸ ਮੌਕੇ ਇਹਨਾਂ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਅਤੇ ਮੋਹਤਬਰ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਮੌਜੂਦ ਰਹੀ।



# ਸਿੱਖਿਆ ਕ੍ਰਾਂਤੀ 11 ਲੱਖ ਦੀ ਲਾਗਤ ਨਾਲ 3 ਸਕੂਲਾਂ 'ਚ ਵਿਕਾਸ ਕੰਮਾਂ ਦੇ ਉਦਘਾਟਨ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸੁਲਤਾਨਪੁਰ ਦੇ ਲੋਧੀ ਹਲਕੇ ਦੇ 3 ਸਰਕਾਰੀ ਸਕੂਲਾਂ ਅੰਦਰ 11 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਵੱਲੋਂ ਕੀਤੇ ਗਏ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਜ਼ਿਲ੍ਹੇ ਦੇ 553 ਪ੍ਰਾਇਮਰੀ ਤੇ 255 ਸੀਨੀਅਰ ਸੈਕੰਡਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਦਿੱਤੀ ਜਾ ਰਹੀ ਮੁਫਤ ਤੇ ਗੁਣਵੱਤਾ ਭਰਪੂਰ ਸਿੱਖਿਆ ਦਾ ਲਾਭ ਦਿਵਾਉਣ ਲਈ ਸਰਕਾਰੀ ਸਕੂਲਾਂ ਵਿਚ ਦਾਖਲੇ ਦਿਵਾਉਣ।



## ਸ਼ਹੀਦੀ ਪੁਰਬ ਪਹਿਲੀ ਨੂੰ

**ਫਿਲੌਰ (ਬੀ ਐੱਸ ਕੈਨੇਡੀ)**- ਗੁਰਦੁਆਰਾ ਗੁਰੂ ਨਾਨਕਪੁਰਾ ਮਾਈਆਂ ਵਾਲਾ ਮੁਹੱਲਾ ਸੇਖਾਂ ਫਿਲੌਰ ਦੇ ਮੁੱਖ ਸੇਵਾਦਾਰ ਜਰਮਨਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 1 ਜੂਨ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਦੀ ਹਾਜ਼ਰੀ ਬੀਬੀ ਭਾਨੀ ਜੀ ਸ਼ਬਦੀ ਕੀਰਤਨ ਲੁਧਿਆਣਾ ਵਾਲੇ ਦਾ ਜੱਥਾ ਭਰੇਗਾ। ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ।

## ਦੋਆਬਾ ਫੁੱਟਬਾਲ ਵੈੱਲਫੇਅਰ ਕਲੱਬ ਬੱਡੋਂ ਵਲੋਂ ਸਮਰ ਲੀਗ ਪਹਿਲੀ ਤੋਂ



**ਮਾਹਿਲਪੁਰ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਫੁੱਟਬਾਲ ਵੈੱਲਫੇਅਰ ਕਲੱਬ ਬੱਡੋਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਇਕੱਤਰਤਾ ਖ਼ਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬੱਡੋਂ ਵਿਖੇ ਪ੍ਰਧਾਨ ਪਟਵਾਰੀ ਕ੍ਰਿਸ਼ਨ ਚੰਦ ਡਨੋਟ ਦੀ ਅਗਵਾਈ ਹੇਠ ਹੋਈ, ਜਿਸ 'ਚ ਪਿਛਲੇ 25 ਸਾਲਾਂ ਤੋਂ ਕਲੱਬ ਵਲੋਂ ਕਰਵਾਈ ਜਾ ਰਹੀ ਫੁੱਟਬਾਲ ਸਮਰਲੀਗ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਇਹ ਫ਼ੈਸਲਾ ਕੀਤਾ ਗਿਆ ਕਿ ਫੁੱਟਬਾਲ ਸਮਰਲੀਗ 1 ਜੂਨ ਤੋਂ ਸ਼ੁਰੂ ਹੋਵੇਗੀ। ਪ੍ਰਧਾਨ ਨੇ ਦੱਸਿਆ ਕਿ ਸਮਰਲੀਗ ਲਈ ਕੁਆਲੀਫਾਈਂਗ ਰਾਊਂਡ 24 ਮਈ ਤੋਂ ਬੱਡੋਂ ਅਤੇ 27 ਮਈ ਤੋਂ ਪਿੰਡ ਪਾਂਸ਼ਟਾਂ ਦੀਆਂ ਗਰਾਊਂਡਾਂ 'ਚ ਕਰਵਾਏ ਜਾਣਗੇ। ਕੁਆਲੀਫਾਈ ਹੋਣ ਤੋਂ ਬਾਅਦ 16 ਪਿੰਡਾਂ ਦੀਆਂ ਕਲੱਬਾਂ ਦੀ ਲੀਗ ਵੀ ਕਰਵਾਈ ਜਾਵੇਗੀ। ਇਸ ਲੀਗ 'ਚ ਜ਼ਿਲ੍ਹਾ ਹੁਸ਼ਿਆਰਪੁਰ, ਕਪੂਰਥਲਾ ਅਤੇ ਜਲੰਧਰ ਦੇ ਪਿੰਡਾਂ ਦੇ ਕਲੱਬ ਹਿੱਸਾ ਲੈਣਗੇ। ਇਸ ਮੌਕੇ ਸਰਪ੍ਰਸਤ ਸੁਖਦੇਵ ਸਿੰਘ, ਮਾ. ਹਰਭਜਨ ਸਿੰਘ ਅਜਨੋਹਾ, ਰਣਦੀਪ ਸਿੰਘ ਖ਼ਾਲਸਾ, ਕੋਚ ਗੁਰਦੀਪ ਸਿੰਘ ਬਾਂਪਾ, ਪ੍ਰਿੰ: ਜਸਮੇਲ ਸਿੰਘ ਭੱਡਾਂ, ਅਵਿਨਾਸ਼ ਪਾਂਸ਼ਟਾ, ਪ੍ਰਭਜੋਤ ਸਿੰਘ ਸਾਹਨੀ, ਵਿਸ਼ਾਲ ਅਹਿਰਾਣਾ ਕਲਾਂ, ਕੁਲਦੀਪ ਸਿੰਘ ਭੁੰਗਰਨੀ, ਸੰਨ੍ਹੀ ਨਡਾਲੋਂ, ਜਸ਼ਨ ਕਾਲਰਾਂ, ਅਰੁਣ ਕੁਮਾਰ ਲਟੇਰਾ, ਵਿਸ਼ਾਲ ਬੱਡੋਂ, ਤਰਨਜੀਤ ਸਿੰਘ ਬੱਡੋਂ ਆਦਿ ਹਾਜ਼ਰ ਸਨ।

# ਦਾ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ ਇੰਡੀਆ ਦੀ ਹੋਈ ਜ਼ੂਮ ਮੀਟਿੰਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਦਾ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ ਇੰਡੀਆ ਵੱਲੋਂ ਇੱਕ ਆਨਲਾਈਨ ਜ਼ੂਮ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਜਲੰਧਰ ਅਤੇ ਹੋਰ ਥਾਵਾਂ ਤੋਂ ਕਈ ਪੱਤਰਕਾਰਾਂ ਨੇ ਭਾਗ ਲਿਆ। ਮੀਟਿੰਗ ਦਾ ਮੁੱਖ ਉਦੇਸ਼ ਖ਼ਬਰਾਂ ਲਿਖਣ ਦਾ ਸਹੀ ਤਰੀਕਾ, ਮੀਡੀਆ ਨਾਲ ਸੰਬੰਧਤ ਮਸਲਿਆਂ ਤੇ ਵਿਚਾਰ-ਵਟਾਂਦਰਾ ਕਰਨਾ, ਪੱਤਰਕਾਰਾਂ ਦੇ ਹੱਕਾਂ ਦੀ ਰੱਖਿਆ ਅਤੇ ਭਵਿੱਖ ਲਈ ਰਣਨੀਤੀਆਂ ਤੈਅ ਕਰਨੀ ਸੀ। ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਪੰਜਾਬ ਦੇ ਚੇਅਰਮੈਨ ਜਸਵਿੰਦਰ ਸਿੰਘ ਆਜਾਦ ਨੇ ਕੀਤੀ। ਉਨ੍ਹਾਂ ਨੇ ਸੰਸਥਾ ਦੀ ਹਾਲੀਆ ਗਤਿਵਿਧੀਆਂ 'ਤੇ ਰੋਸ਼ਨੀ ਪਾਈ ਅਤੇ ਆਉਣ ਵਾਲੇ ਸਮੇਂ ਲਈ ਨਵੇਂ ਯਤਨਾਂ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਸਮੂਹ ਪੱਤਰਕਾਰ ਭਾਈਚਾਰੇ ਨੂੰ ਖ਼ਬਰ ਨੂੰ ਸਹੀ ਤਰੀਕੇ ਨਾਲ ਲਿਖਣ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਹਰ ਮਹੀਨੇ ਦੇ ਪਹਿਲੇ ਐਤਵਾਰ ਰਾਤ 9 ਤੋਂ 10 ਵਜੇ ਤੱਕ ਇਹ ਮੀਟਿੰਗ ਕੀਤੀ ਜਾਇਆ ਕਰੇਗੀ। ਐਸੋਸੀਏਸ਼ਨ ਵੱਲੋਂ ਫੈਸਲਾ ਲਿਆ ਗਿਆ ਕਿ ਹਰ ਮਹੀਨੇ ਇੱਕ ਜ਼ੂਮ ਮੀਟਿੰਗ ਰਾਹੀਂ ਦਾ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਰਿਪੋਰਟਰਾਂ ਨਾਲ ਸੰਪਰਕ ਕੀਤਾ ਜਾਵੇਗਾ, ਤਾਂ ਜੋ ਜ਼ਮੀਨੀ ਪੱਧਰ 'ਤੇ ਆ ਰਹੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕੀਤਾ ਜਾ ਸਕੇ। ਇਸ ਆਨਲਾਈਨ ਮੀਟਿੰਗ ਵਿੱਚ ਜਸਵਿੰਦਰ ਸਿੰਘ ਆਜਾਦ, ਕਰਮਵੀਰ ਸਿੰਘ, ਦਲਵੀਰ ਸਿੰਘ ਕਲੋਈਆ, ਦਲਜੀਤ ਸਿੰਘ ਕਲਸੀ, ਬਲਵੀਰ ਸਿੰਘ ਕਰਮ, ਰਣਜੀਤ ਸਿੰਘ ਬੈਂਸ, ਸਰਜੀਤ ਪਾਲ, ਸੁਰਿੰਦਰ ਕੁਮਾਰ, ਸੁਨੀਲ ਕੁਮਾਰ ਅਤੇ ਹੋਰ ਮੈਂਬਰ ਸ਼ਾਮਲ ਸਨ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਦੇ ਟਾਪਰ ਵਿਦਿਆਰਥੀਆਂ ਦਾ ਕੀਤਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਾਲ ਹੀ ਵਿੱਚ ਐਲਾਨੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਦਾ 8ਵੀਂ, 10ਵੀਂ ਅਤੇ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਮਲਕੀਤ ਕੌਰ ਅਤੇ ਸਮੂਹ ਸਟਾਫ ਨੇ ਇਨ੍ਹਾਂ ਨਤੀਜਿਆਂ ਵਿੱਚ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ। ਇਸ ਮੌਕੇ ਸਕੂਲ ਦਾ ਟੀਚਿੰਗ ਤੇ ਨਾਨ ਟੀਚਿੰਗ ਸਟਾਫ ਦੇ ਵਿਦਿਆਰਥੀ ਹਾਜਰ ਸਨ। ਮੌਂਦਗਿਲ ਨੇ ਦੱਸਿਆ ਕਿ 12ਵੀਂ ਜਮਾਤ ਦੀ ਅਮਨਦੀਪ ਸਿੰਘ ਨੇ 91 ਫੀਸਦੀ ਅੰਕ ਲੈ ਕੇ ਪਹਿਲਾ, ਓਨਾਮਿਕਾ ਅਤੇ ਨੇਹਾ ਨੇ ਦੂਜਾ ਅਤੇ ਗੌਰਵ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਹੋਰ ਹੋਣਹਾਰ ਵਿਦਿਆਰਥੀਆਂ ਹਨੀ ਸਿੰਘ, ਗੁਰਪ੍ਰੀਤ ਸਿੰਘ, ਚਾਹਤ, ਪ੍ਰੀਆ ਸੈਣੀ, ਸਾਗਰ ਭਾਟੀਆ, ਗੁਰਲੀਨ, ਹਰਜੋਤ ਕੌਰ ਅਤੇ ਮਨੀਸ਼ ਕੁਮਾਰ ਨੇ ਵੱਖ-ਵੱਖ ਵਿਸ਼ਿਆਂ ਵਿੱਚ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰਲੀਨ ਕੌਰ ਟੂਰਾ, ਕ੍ਰਿਸ਼ਨਾ ਅਤੇ ਲਵਪ੍ਰੀਤ ਲੋਈ ਨੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ ਜਦਕਿ ਰੂਪਮ, ਕਾਜਲ, ਯੁਵਰਾਜ ਬੈਂਸ, ਨਿਕਿਤਾ ਕੌਰ, ਪ੍ਰੀਤ ਇੰਦਰ, ਦੀਆ ਬੈਂਸ, ਅਰਪਿਤਾ, ਅਮਨਪ੍ਰੀਤ ਸਿੰਘ ਅਤੇ ਦਿਲਪ੍ਰੀਤ ਭਾਟੀਆ ਨੇ ਵੱਖ-ਵੱਖ ਵਿਸ਼ਿਆਂ ਵਿੱਚ 85 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਅੱਠਵੀਂ ਜਮਾਤ ਦੀ ਕੋਮਲ ਬੈਂਸ, ਲਵਦੀਪ ਅਤੇ ਗੁਰਲੀਨ ਨੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ ਜਦਕਿ ਹਿਨਾ, ਗੁਰਸਿਮਰ, ਸ਼ਜੁਨਪ੍ਰੀਤ ਅਤੇ ਜਸਮੀਨ ਵੱਖ-ਵੱਖ ਵਿਸ਼ਿਆਂ ਵਿੱਚ 85 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਪ੍ਰਿੰਸੀਪਲ ਮਲਕੀਤ ਕੌਰ ਨੇ ਇਸ ਸਾਨਦਾਰ ਪ੍ਰਦਰਸਨ ਲਈ ਵਿਦਿਆਰਥੀਆਂ, ਸਮੂਹ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।



# ਝਿੰਜਰ ਨੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਚਲਾਈ ਆਨਲਾਈਨ ਮੁਹਿੰਮ ਦੀ ਕੀਤੀ ਨਿੰਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਐਸ.ਜੀ.ਪੀ.ਸੀ. ਨੂੰ ਬਦਨਾਮ ਕਰਨ ਲਈ ਕੁਝ ਟਰੋਲਾਂ ਵੱਲੋਂ ਚਲਾਈ ਜਾ ਰਹੀ ਝੂਠੀ ਆਨਲਾਈਨ ਮੁਹਿੰਮ ਦੀ ਕੜੀ ਨਿੰਦਾ ਕੀਤੀ ਹੈ। ਇੱਕ ਫੌਜੀ ਅਧਿਕਾਰੀ ਦੁਆਰਾ ਇੱਕ ਇੰਟਰਵਿਊ ਵਿੱਚ ਝੂਠਾ ਦਾਅਵਾ ਕਿ, ਸ੍ਰੀ ਦਰਬਾਰ ਸਾਹਿਬ ਦੇ ਅੰਦਰ ਐਂਟੀ-ਡਰੋਨ ਮਿਜ਼ਾਈਲਾਂ ਤਾਇਨਾਤ ਕੀਤੀਆਂ ਗਈਆਂ ਸਨ, ਕਰਨ ਤੋਂ ਬਾਅਦ ਇਹ ਵਿਵਾਦ ਸ਼ੁਰੂ ਹੋ ਗਿਆ।ਉਨ੍ਹਾਂ ਨੇ ਤੁਰੰਤ ਇਸ ਬੇਬੁਨਿਆਦ ਦਾਅਵੇ ਦਾ ਖੰਡਨ ਕੀਤਾ, ਇਸਨੂੰ ਪੂਰੀ ਤਰ੍ਹਾਂ ਝੂਠਾ ਅਤੇ ਸਿੱਖ ਭਾਵਨਾਵਾਂ ਨੂੰ ਡੂੰਘਾ ਠੇਸ ਪਹੁੰਚਾਉਣ ਵਾਲਾ ਦੱਸਿਆ।ਉਨ੍ਹਾਂ ਦੱਸਿਆ ਕਿ ਭਾਰਤੀ ਫੌਜ ਨੇ ਵੀ ਬਾਅਦ ਵਿੱਚ ਇੱਕ ਅਧਿਕਾਰਤ ਸਪੱਸ਼ਟੀਕਰਨ ਜਾਰੀ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਕੋਈ ਐਂਟੀ-ਡਰੋਨ ਬੰਦੂਕਾਂ ਦੀ ਤਾਇਨਾਤੀ ਬਾਰੇ ਮੀਡੀਆ ਰਿਪੋਰਟਾਂ ਗਲਤ ਅਤੇ ਗੁੰਮਰਾਹਕੁੰਨ ਸਨ। ਜਿਸ ਨੇ ਕਿਹਾ 'ਜਦੋਂ ਫੌਜ ਨੇ ਖੁਦ ਇਸ ਦਾਅਵੇ ਤੋਂ ਇਨਕਾਰ ਕਰ ਦਿੱਤਾ ਹੈ, ਤਾਂ ਇਨ੍ਹਾਂ ਟ੍ਰੋਲਾਂ ਨੂੰ ਦੁਰਭਾਵਨਾਪੂਰਨ ਪ੍ਰਚਾਰ ਫੈਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ। ਸ੍ਰੀ ਦਰਬਾਰ ਸਾਹਿਬ ਵਰਗੀਆਂ ਸਿੱਖ ਸੰਸਥਾਵਾਂ ਪਵਿੱਤਰ ਹਨ ਅਤੇ ਉਨ੍ਹਾਂ ਨੂੰ ਅਜਿਹੇ ਗੈਰ-ਜ਼ਿੰਮੇਵਾਰਾਨਾ ਵਿਵਾਦਾਂ ਵਿੱਚ ਨਹੀਂ ਲਿਆਉਣਾ ਚਾਹੀਦਾ।' ਝਿੰਜਰ ਨੇ ਭਾਰਤੀ ਫੌਜ ਦੀ ਤੁਰੰਤ ਸਪੱਸ਼ਟੀਕਰਨ ਲਈ ਵੀ ਸ਼ਲਾਘਾ ਕੀਤੀ ਅਤੇ ਇਸਦੇ ਕਰਮਚਾਰੀਆਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ।ਝਿੰਜਰ ਨੇ ਅਸਲ ਵਿੱਚ ਝੂਠਾ ਦਾਅਵਾ ਕਰਨ ਵਾਲੇ ਫੌਜ ਦੇ ਅਧਿਕਾਰੀ ਤੋਂ ਜਨਤਕ ਮੁਆਫ਼ੀ ਮੰਗਣ ਦੀ ਮੰਗ ਕੀਤੀ ਅਤੇ ਧਾਰਮਿਕ ਸੰਸਥਾਵਾਂ ਦਾ ਰਾਜਨੀਤੀਕਰਨ ਕਰਨ ਦੀਆਂ ਕਿਸੇ ਵੀ ਕੋਸ਼ਿਸ਼ ਵਿਰੁੱਧ ਚੇਤਾਵਨੀ ਦਿੱਤੀ।

## ਬਿਜਲੀ ਦੀ ਸਪਲਾਈ ਨਿਰਵਿਘਨ ਦਿੱਤੀ ਜਾਵੇ : ਭਾਈ ਲਾਲੋ ਲੋਕ ਮੰਚ

**ਬਲਾਚੌਰ (ਜਸਵਿੰਦਰ ਬੈਂਸ)**- ਭਾਈ ਲਾਲੋ ਲੋਕ ਮੰਚ ਦੇ ਆਗੂਆਂ ਦੀ ਮੀਟਿੰਗ ਡਾਕਟਰ ਸੁਨੀਤਾ ਸਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੇ ਬਲਾਚੌਰ ਸਹਿਰ ਵਿੱਚ ਅਤੇ ਪੇਂਡੂ ਖੇਤਰਾਂ ਵਿੱਚ ਲੱਗ ਰਹੇ ਬਿਜਲੀ ਦੇ ਕੱਟਾਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਵਿਚਾਰ ਚਰਚਾ ਕੀਤੀ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ ਨੇ ਮੰਗ ਕੀਤੀ ਕਿ ਗਰਮੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਵਿਭਾਗ ਬਿਜਲੀ ਕੱਟਾਂ 'ਤੇ ਕੰਟਰੋਲ ਕਰੇ। ਕਹਿਰ ਦੀ ਗਰਮੀ ਉੱਤੋਂ ਬਿਜਲੀ ਦੇ ਲੰਬੇ ਕੱਟ ਲੋਕਾਂ ਦੇ ਨਿਤ ਦੇ ਜੀਵਨ 'ਤੇ ਮਾੜਾ ਅਸਰ ਪਾ ਰਹੇ ਹਨ। ਉਹਨਾਂ ਮੰਗ ਕੀਤੀ ਕਿ ਬਿਜਲੀ ਦੀ ਸਪਲਾਈ ਬਲਾਚੌਰ ਸਹਿਰ ਅਤੇ ਪੇਂਡੂ ਖੇਤਰਾਂ ਨੂੰ ਨਿਰਵਘਨ ਦੇਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਹਰਦੇਵ ਸਿੰਘ ਰਾਣਾ ਹਰਪਾਲ ਸਿੰਘ ਮੱਕੋਵਾਲ ਕਰਨੈਲ ਸਿੰਘ ਭੱਲਾ ਹੈਰੀ ਬਲਾਚੌਰ ਹੰਸਰਾਜ ਅਤੇ ਬੀਬੀ ਕਾਨਾ ਆਦਿ ਹਾਜਰ ਸਨ।



# .ਗੁਲਾਮ ਮੁਸਤਫਾ ਦਾ ਸਾਲਾਨਾ ਉਰਸ ਧੂਮ-ਧਾਮ ਨਾਲ ਮਨਾਇਆ

**ਸ਼ਾਹਕੋਟ (ਗਿਆਨ ਸੈਦਪੁਰੀ)** ਪੀਰ ਸੈਦਰਾਣਾ ਅਤੇ ਗੁਲਾਮ ਮੁਸਤਫਾ ਉਰਫ ਮਸਤ ਰਾਮ ਲਾਲ ਦਾ 44ਵਾਂ ਸਾਲਾਨਾ ਉਰਸ ਸ਼ਰਧਾ ਨਾਲ ਮਨਾਇਆ ਗਿਆ। 19 ਮਈ ਦੀ ਦੁਪਹਿਰ ਵੇਲੇ ਝੰਡਾ ਚੜਾਉਣ ਦੀ ਰਸਮ ਤੋਂ ਲੈ ਕੇ 20 ਮਈ ਦੀ ਸ਼ਾਮ ਨੂੰ ਮੱਲਾਂ ਦੇ ਜੌਹਰ ਦਿਖਾਉਣ ਤੱਕ ਚੱਲਿਆ ਮੇਲਾ ਮੇਲੀਆਂ ਦੇ ਮਨਾਂ ਅੰਦਰ ਕਈ ਕਿਸਮ ਦੀਆਂ ਯਾਦਾਂ ਪੱਕੀਆਂ ਕਰਕੇ ਸਮਾਪਤ ਹੋਇਆ। ਮੇਲੇ ਵਿੱਚ ਜਿੱਥੇ ਧਾਰਮਿਕ ਰੰਗ ਵਿੱਚ ਰੰਗੇ ਹੋਏ ਲੋਕਾਂ ਦੀ ਭਰਵੀਂ ਹਾਜ਼ਰੀ ਲੱਗੀ ਉੱਥੇ ਸਿਆਸੀ ਆਗੂਆਂ ਨੇ ਵੀ ਮੇਲੇ ਦਾ ਆਨੰਦ ਮਾਣਿਆ। ਵੱਖ ਵੱਖ ਪ੍ਰੋਗਰਾਮਾਂ ਦੌਰਾਨ ਗਾਇਕੀ ਦੀਆਂ ਵੱਖ ਵੱਖ ਵੰਨਗੀਆਂ ਦੀ ਪੇਸ਼ਕਾਰੀ ਹੋਈ। ਮੇਲੇ ਦੇ ਸਰਪ੍ਰਸਤ ਭੂਸ਼ਨ ਸਿੱਧੂ ਅਨੁਸਾਰ ਹਰੇਕ ਕਲਾਕਾਰ ਨੇ ਕੋਈ ਕਸਰ ਨਹੀ ਛੱਡੀ ਪਰ ਗਾਇਕ ਕਾਂਸ਼ੀ ਨਾਥ 'ਮੇਲਾ ਲੁੱਟਣ' ਵਾਲਿਆਂ ਵਿੱਚ ਮੋਹਰੀ ਰਿਹਾ। ਪ੍ਰਬੰਧਕਾਂ ਅਨੁਸਾਰ ਇਸ ਵਾਰ ਦੇ ਮੇਲੇ ਵਿੱਚ ਵਿਸ਼ੇਸ਼ ਗੱਲ ਇਹ ਰਹੀ ਕਿ ਮੇਲੀਆਂ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਅਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਦੂਸਰੇ ਵਿਸ਼ੇਸ਼ ਮਹਿਮਾਨ ਆਪ ਦੇ ਹਲਕਾ ਇਨਚਾਰਜ ਪਰਮਿੰਦਰ ਸਿੰਘ ਪੰਡੋਰੀ ਵੀ ਕਾਫੀ ਸਮਾਂ ਮੇਲੇ ਦਾ ਹਿੱਸਾ ਰਹੇ। ਮਹਿਮਾਨਾਂ ਨੇ ਪ੍ਰਬੰਧਕਾਂ ਨੂੰ ਮੇਲੇ ਦੀ ਵਧਾਈ ਦਿੱਤੀ ਤੇ ਮਾਇਕ ਸਹਿਯੋਗ ਦੇਣ ਦਾ ਐਲਾਨ ਵੀ ਕੀਤਾ। ਗਾਇਕੀ ਵਿੱਚ ਵੱਡਾ ਨਾਂ ਤੇ ਸਤਿਕਾਰ ਰੱਖਣ ਵਾਲੀ ਸੁਲਤਾਨਾ ਨੂਰਾਂ, ਪਰਪੱਕ ਗਾਇਕ ਮਨਜੀਤ ਸਹੋਤਾ, ਬਹੁਪੱਖੀ ਕਲਾਕਾਰ ਮਨਜਿੰਦਰ ਮਨੀ, ਵੱਡੇ ਕੱਵਾਲ ਕਰਾਮਤ ਅਲੀ ਮਲੇਰਕੋਟਲਾ, ਪਰਵੇਜ ਅਲੀ, ਤਾਰਿਕ ਹੁਸੈਨ, ਮੁਸਕਾਨ, ਰਾਹਤ ਅਲੀ, ਗੁਰਮੇਲ ਭੰਗਾਣੀਆ, ਨਿਰਮਲ ਢੰਡੋਵਾਲੀਆ, ਦੀਪ ਨੌਰਥ ਅਤੇ ਕਮਲ ਨੇ ਦਰਸ਼ਕਾਂ ਨੂੰ ਗਾਇਕਿ ਦੇ ਸਮੁੰਦਰ ਵਿੱਚ ਤਾਰੀਆਂ ਲਵਾਈਆਂ। ਐਂਕਟ ਵਜੋਂ ਰਣਜੀਤ ਮਾਨ ਨੇ ਵਧੀਆ ਭੂਮਿਕਾ ਨਿਭਾਈ। ਇਸ ਜਿੰਮੇਵਾਰੀ ਵਾਲੇ ਕੰਮ ਵਿੱਚ ਦੀਪੂ ਸੈਦਪੁਰੀ ਨੇ ਵੀ ਸਾਥ ਦਿੱਤਾ। ਸ਼ਾਮ ਵੇਲੇ ਹੋਏ ਛਿੰਝ ਮੇਲੇ ਵਿੱਚ ਨਾਮੀ ਪਹਿਲਵਾਨਾਂ ਨੇ ਆਪਣੀ ਤਾਕਤ ਦੇ ਜੌਹਰ ਵਿਖਾਏ। ਸੋਨੂੰ ਸਿਹੋੜਾ(ਹਿੰਦ ਕੇਸਰੀ) ਅਤੇ ਮੁਕੇਸ਼ ਕੁਹਾਲੀ(ਪੰਜਾਬ ਕੇਸਰੀ) ਦਰਮਿਆਨ ਪਟਕੇ ਦੀ ਕੁਸ਼ਤੀ ਹੋਈ। ਨਿਰਧਾਰਤ ਸਮੇਂ ਵਿੱਚ ਦੋਵਾਂ ਮੱਲਾਂ 'ਚੋਂ ਕੋਈ ਵੀ ਢਾਹੁਣ ਵਿੱਚ ਸਫਲ ਨਾ ਹੋਇਆ ਤਾਂ ਪੁਆਇੰਟਾਂ 'ਤੇ ਕੁਸ਼ਤੀ ਕਰਵਾਈ ਗਈ। ਚੋਟੀ ਦੇ ਮੱਲ ਮਲਕੀਤ ਕਾਂਝਲੀ, ਗਿਆਨ ਸਿੰਘ ਸਿੱਧੂ ਤੇ ਪਹਿਲਵਾਨ ਨਛੱਤਰ ਸਿੰਘ ਸੱਤੀ ਦੀ ਸਾਂਝੀ ਰਾਇ ਨਾਲ ਕੁਸ਼ਤੀ ਸਾਂਵੀ ਛਡਾ ਦਿੱਤੀ ਗਈ। ਦੰਗਲ ਵਿੱਚ ਕੁਮੈਂਟੇਟਰਾਂ ਵਜੋਂ ਦਵਿੰਦਰ ਕਿਲੀ ਅਤੇ ਮੰਗਾ ਅਲੀ ਨੇ ਡਿਊਟੀ ਨਿਭਾਈ। ਮੇਲੇ ਵਿੱਚ ਹੋਰਨਾਂ ਤੋਂ ਇਲਾਵਾ ਬਾਬਾ ਨਿੰਦ, ਤਰਸੇਮ ਸਿੰਘ ਧੰਜੂ ਸਰਪੰਚ ਸੈਦਪੁਰ ਝਿੜੀ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ, ਰਾਕੇਸ਼ ਕੁਮਾਰ ਭੱਲਾ(ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ), ਸੁਖਦੀਪ ਸਿੰਘ ਕੰਗ ਪੀ.ਏ, ਬਲਦੇਵ ਰਾਜ ਪੋਕਾ, ਜਸਵੀਰ ਸਿੰਘ ਜੱਸਾ, ਬਲਦੇਵ ਸਿੰਘ ਸਾਬਕਾ ਸਰਪੰਚ ਸਲੈਚਾ, ਅਮਰਜੀਤ ਸਿੰਘ ਬਿੱਟੂ ਸਾਬਕਾ ਸਰਪੰਚ ਹਾਜੀਪੁਰ, ਨਿਰਮਲ ਸਿੰਘ ਸਲੈਚਾ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਸੈਮੀ ਤੱਖਰ, ਸੋਨੂੰ ਕਿਲੀ ਨੰਬਰਦਾਰ, ਹਰਮੇਸ਼ ਚੌਧਰੀ, ਕਾਲਾ ਗੁੱਜਰ, ਵੀਰ ਕੁਲਵੰਤ ਸਿੰਘ ਢੰਡੋਵਾਲ, ਲਾਡੀ ਮਿੱਡਾ, ਅੰਮ੍ਰਿਤਪਾਲ ਸਿੰਘ ਧਨੋਆ ਸਾਬਕਾ ਸਰਪੰਚ, ਸਤੀਸ਼ ਰਿਹਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਤਲਵਿੰਦਰ ਸਿੰਘ ਨਿੱਕੂ ਧੰਜੂ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ: ਸੋਸਾਇਟੀ ਢੰਡੋਵਾਲ, ਮਾਸਟਰ ਜਤਿੰਦਰ ਪਾਲ ਸਿੰਘ ਬੱਲ੍ਹਾ, ਅਮਰੀਕ ਸਿੰਘ ਜੰਮੂ ਸਾਬਕਾ ਪੰਚ, ਪ੍ਰੀਤਮ ਸਿੰਘ ਸਾਬਕਾ ਸਰਪੰਚ, ਬਲਵਿੰਦਰ ਗਿੱਲ, ਮਨਜਿੰਦਰ ਸਿੰਘ ਸਰਪੰਚ ਮੇਦਾ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ, ਅਮਰਜੀਤ ਕੌਰ ਸਚਦੇਵਾ ਚੇਅਰਪਰਸਨ ਮਹਿਲਾ ਮੰਡਲ ਸ਼ਾਹਕੋਟ, ਟਿੰਪੀ ਕੁਮਰਾ, ਬਿੰਦਰ ਨਾਹਰ, ਬਿੱਟੂ ਖੈਹਿਰਾ ਸਾਬਕਾ ਸਰਪੰਚ, ਬੇਅੰਤ ਸਿੰਘ ਮੀਏਵਾਲ, ਜੱਗਾ ਧੰਜੂ, ਮਨਿੰਦਰ ਧੰਜੂ ਆਦਿ ਮੌਜੂਦ ਸਨ।



# ਟੀਨੂੰ ਦੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪੰਜਾਬ ਦੇ ਚੇਅਰਮੈਨ ਬਣਨ 'ਤੇ ਵੱਖ-ਵੱਖ ਆਗੂਆਂ ਵੱਲੋਂ ਵਧਾਈ

**ਆਦਮਪੁਰ (ਪਰਮਜੀਤ ਸਿੰਘ)**- ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਜ਼ਿਲ੍ਹਾ ਜਲੰਧਰ ਦੇ ਹਰਮਨ ਪਿਆਰੇ ਨੇਤਾ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਸਾਬਕਾ ਵਿਧਾਇਕ ਅਤੇ ਸਾਬਕਾ ਸੰਸਦੀ ਸਕੱਤਰ ਪੰਜਾਬ ਪਵਨ ਕੁਮਾਰ ਟੀਨੂੰ ਨੂੰ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪੰਜਾਬ ਦਾ ਚੈਅਰਮੈਨ ਬਣਨ 'ਤੇ ਵੱਖ-ਵੱਖ ਆਗੂਆਂ ਵੱਲੋਂ ਵਧਾਈ ਦਿੱਤੀ ਗਈ। ਆਗੂਆਂ ਨੇ ਕਿਹਾ ਕਿ ਪਵਨ ਕੁਮਾਰ ਟੀਨੂ ਇੱਕ ਅਜਿਹਾ ਲੀਡਰ ਹੈ ਜੋ ਹਰ ਇੱਕ ਦੇ ਦੁੱਖ ਸੁੱਖ ਵਿੱਚ ਉਹਨਾਂ ਨਾਲ ਖੜ੍ਹ ਜਾਂਦਾ ਹੈ ਅਤੇ ਸਾਰਿਆਂ ਨੂੰ ਆਪਣੇ ਪਰਵਾਰਕ ਮੈਂਬਰਾਂ ਦੀ ਤਰ੍ਹਾਂ ਸਮਝਦਾ ਹੈ। ਹਲਕੇ ਦੇ ਕਈ ਹੋਰ ਸੀਨੀਅਰ ਆਗੂਆਂ ਵੱਲੋਂ ਵੀ ਪਵਨ ਕੁਮਾਰ ਟੀਨੂ ਨੂੰ ਇਸ ਮੌਕੇ ਵਧਾਈ ਦਿੱਤੀ ਗਈ। ਇਸ ਮੌਕੇ ਚੇਅਰਮੈਨ ਪਵਨ ਕੁਮਾਰ ਟੀਨੂ ਵਧਾਈ ਦੇਣ ਅਮਨਦੀਪ ਸਿੰਘ ਬਿੱਟਾ, ਪ੍ਰਭਦਿਆਲ ਰਾਮਪੁਰ, ਹਰਕੀਤ ਸਿੰਘ ਨਿੱਜਰ, ਦਵਿੰਦਰ ਸਿੰਘ ਨੰਬਰਦਾਰ, ਲਖਵੀਰ ਸਿੰਘ ਸਾਬਕਾ ਸਰਪੰਚ ਸਾਰੋਬਾਦ, ਸੁਖਵੀਰ ਸਿੰਘ ਨੰਬਰਦਾਰ, ਰਾਜਾ ਡਰੋਲੀ, ਡਾਕਟਰ ਨਿਰਮਲ ਸਰਪੰਚ ਪਿੰਡ ਹਰੀਪੁਰ, ਕਨੂੰ ਬਾਂਸਲ ਕੌਂਸਲਰ, ਅਕਾਸ਼ਦੀਪ ਆਸੂ, ਦਵਿੰਦਰ ਬਾਂਸਲ ਡੀ.ਸੀ, ਜਗਜੀਤ ਜੱਗੀ, ਜਸਪਾਲ ਸਿੰਘ ਸਾਬਕਾ ਸਰਪੰਚ ਚੋਮੋ, ਅਨੂਪ ਸਿੰਘ ਨੁਪੀ, ਧਰਮਪਾਲ, ਰਣਵੀਰ ਸਿੰਘ ਸੇਠੀ ਪ੍ਰਧਾਨ ਨੌਜਵਾਨ ਸਭਾ ਹਰੀਪੁਰ, ਮੋਹਨ ਲਾਲ, ਸੁਖਜੋਤ ਸਿੰਘ ਭੇਲਾ, ਸੁਖਵਿੰਦਰ ਸਿੰਘ, ਮਨਪ੍ਰੀਤ ਸਿੰਘ ਨਰੰਗਪੁਰ, ਅਮਨਦੀਪ ਸਿੰਘ ਭੇਲਾ, ਰਾਜਕੁਮਾਰ, ਚਰਨਜੀਤ ਸ਼ੇਰੀ, ਅਨਮੋਲ ਅਵਤਾਰ ਸਿੰਘ, ਲੱਕੀ ਦਾਦਰਾ ਅਤੇ ਹੋਰ ਕਈ ਸੀਨੀਅਰ ਆਗੂ ਹਾਜ਼ਰ ਸਨ।



## ਛਿੰਝ ਮੇਲਾ ਕਰਵਾਇਆ



**ਕੁਰਾਲੀ (ਮੋਹਨ ਅੱਗਰਵਾਲ)**— ਸਖੀ ਸਰਵਰ ਸੁਲਤਾਨ, ਲੱਖਦਾਤਾ ਲਾਲਾਂ ਵਾਲੇ ਪੀਰ ਅਤੇ ਬਾਬਾ ਸਿੱਧ ਚੰਨੋਂ, ਹਸਤਬਲੀ ਦੇ ਦਰਬਾਰ ਅਤੇ ਨਗਰ ਖੇੜੇ ਦੀ ਸੁੱਖਸ਼ਾਂਤੀ ਲਈ ਪਿੰਡ ਬਰੌਲੀ, ਨੇੜੇ ਕੁਰਾਲੀ ਵਿਖੇ ਛਿੰਝ ਮੇਲਾ ਕਰਵਾਇਆ ਗਿਆ। ਜਿਸ ਵਿੱਚ ਮਾਨਾ ਡੂਮਛੇੜੀ ਅਤੇ ਗੋਲਡੀ ਫਿਰੋਜਪੁਰ ਦਰਮਿਆਨ ਝੰਡੀ ਦੀ ਕੁਸ਼ਤੀ ਹੋਈ। ਜਿਸ ਵਿੱਚ ਮਾਨਾ ਡੂਮਛੇੜੀ ਵੱਲੋਂ 21000 ਦੀ ਝੰਡੀ ਜਿੱਤੀ ਗਈ । ਇਸ ਮੌਕੇ ਉੱਘੇ ਖੇਡ ਪ੍ਰਮੋਟਮ ਗੁਰਪ੍ਰਤਾਪ ਸਿੰਘ ਪਡਿਆਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ। ਮੇਲਾ ਹਰਬੰਸ ਸਿੰਘ ਮਾਨ ਸਕੱਤਰ ਮੰਤਰੀ ਪੰਜਾਬ ਸਿਵਲ ਸੈਕਟਰੀ ਚੰਡੀਗੜ੍ਹ ਪਰਵਿੰਦਰ ਸਿੰਘ ਹਰਸ਼ਵਿੰਦਰ ਸਿੰਘ ਬੀਬੀ ਚਰਨਜੀਤ ਕੌਰ ਪੰਚ ਹਰਿੰਦਰਪ੍ਰੀਤ ਸਿੰਘ ਕਰਮਜੀਤ ਸਿੰਘ ਬਿਕਰਮਜੀਤ ਸਿੰਘ ਪਰਮਜੀਤ ਸਿੰਘ ਰੁਪਿੰਦਰ ਸਿੰਘ ਮਲਕੀਤ ਸਿੰਘ ਕੁਲਵਿੰਦਰ ਸਿੰਘ ਹਰਪ੍ਰੀਤ ਸਿੰਘ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

## ਹਨੇਰੀ ਨਾਲ ਦਰੱਖਤ ਟੁੱਟੇ



**ਅੱਡਾ ਸਰਾਂ (ਜਸਵੀਰ ਕਾਜਲ)** ਤੇਜ ਹਨੇਰੀ ਨਾਲ ਜਨ ਜੀਵਨ ਪ੍ਰਭਾਵਿਤ ਹੋਇਆ ਅਤੇ ਆਵਾਜਾਈ ਵਿੱਚ ਵੀ ਪਿਆ ਵਿਘਨ ਅਤੇ ਕਈ ਥਾਈਂ ਦਰਖ਼ਤ ਟੁੱਟੇ। ਪਿੰਡ ਸੰਧਰਾਂ ਦੇ ਪ੍ਰਾਇਮਰੀ ਸਕੂਲ ਕੋਲ ਸਫ਼ੈਦੇ ਟੁੱਟ ਕੇ ਬਿਜਲੀ ਦਾ ਖੰਭਾ ਮੀਟਰ ਸਮੇਤ ਟੁੱਟਿਆ। ਦੂਸਰੇ ਪਾਸੇ ਪਿਛਲੇ ਦਿਨਾਂ ਵਿੱਚ ਪੈ ਰਹੀ ਅੱਤ ਦੀ ਗਰਮੀ ਤੋਂ ਰਾਹਤ ਮਹਿਸੂਸ ਕੀਤੀ ।

## ਸਭਰਵਾਲ ਗੋਤ ਦੇ ਜਠੇਰਿਆਂ ਦਾ ਜੋੜ ਮੇਲਾ ਸ਼ਰਧਾਪੂਰਵਕ ਸੰਪੰਨ

**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਬੱਸੀ ਜਲਾਲ ਵਿਖੇ ਸਭਰਵਾਲ ਗੋਤ ਦੇ ਜਠੇਰਿਆਂ ਦਾ ਜੋੜ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਭਰਵਾਲ ਗੋਤ ਦੇ ਪਰਵਾਰਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਦਰਬਾਰ 'ਤੇ ਚਾਦਰ, ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਦੀ ਰਸਮ ਅਦਾ ਕਰਨ ਉਪਰੰਤ ਧਾਰਮਿਕ ਪੰਡਾਲ ਸਜਾਇਆ ਗਿਆ ਜਿਸ ਵਿਚ ਪੰਜਾਬ ਦੇ ਮਸ਼ਹੂਰ ਜੱਥਾ , ਰਹਿਮਤ ਕਵਾਲ ਪਾਰਟੀ ਬੈਚਾ ਤੇ ਸਾਬਰ ਨਕਾਲ ਪਾਰਟੀ ਤੋਂ ਇਲਾਵਾ ਹੋਰ ਕਵਾਲ ਜਥਿਆਂ ਨੇ ਆਪਣੇ ਫਨ ਦਾ ਮੁਜਾਹਰਾ ਕੀਤਾ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਅਤੇ ਅਤੁੱਟ ਲੰਗਰ ਵੀ ਵਰਤਿਆ ਗਿਆ ।ਇਸ ਮੌਕੇ, ਮੁੱਖ ਸੇਵਾਦਾਰ ਕਰਮ ਸਿੰਘ,ਏ ਐਸ ਆਈ ਜੋਗਿੰਦਰ ਸਿੰਘ, ਹਰਮੇਸ਼ ਲਾਲ, ਵਿਜੇ ਪਾਲ ਸਾਬਕ ਸਰਪੰਚ,ਏ ਐਸ ਆਈ ਸੁਖਵਿੰਦਰ ਸਿੰਘ, ਸੇਠੀ ਰਾਮ ਸੇਠੀ ਪੰਜਾਬ ਪ੍ਰਧਾਨ ਭਾਵਾਧਾਸ, ਅਸ਼ਵਨੀ ਸਭਰਵਾਲ ਮੁਕੇਰੀਆਂ, ਅਨਿਲ ਸਭਰਵਾਲ, ਬੋਬੀ ਬੁੱਢੀ ਪਿੰਡ,ਬੱਬੀ ਜਾਜਾ, ਬਲਵਿੰਦਰ ਸਿੰਘ ਨਿਕਾ,ਡਾ ਸੰਦੀਪ ਸਿੰਘ,ਰਵੀ ਬੈਚਾ, ਬਿਸ਼ਨ ਦਾਸ,ਸਾਬਰ ਬੈਚਾ, ਸੂਬੇ, ਹਰਦੀਪ ਸਿੰਘ, ਪਰਮਜੀਤ ਪੰਨਾ, ਅਫ਼ਜ਼ਲ ਸਭਰਵਾਲ ਮੁਕੇਰੀਆਂ,ਬਾਬਾ ਸੁਖਵੀਰ ਸਿੰਘ ਅਤੇ ਇਨਾਂ ਤੋਂ ਇਲਾਵਾ ਨਗਰ ਦੀਆਂ ਸੰਗਤਾਂ ਅਤੇ ਸਭਰਵਾਲ ਗੋਤ ਦੇ ਪਰਵਾਰਾਂ ਦੀਆਂ ਸੰਗਤਾਂ ਹਾਜ਼ਰ ਸਨ।



# ਵਿਦਿਆਰਥੀ ਸੰਤ ਸੁਰਿੰਦਰ ਸਿੰਘ ਸਕਾਲਰਸ਼ਿਪ ਐਵਾਰਡ ਨਾਲ ਸਨਮਾਨਤ



**ਗੁਰਾਇਆ (ਬਿੰਦਰ ਸੁੰਮਨ)**: ਬੌਧਿਕ ਵਿਲੱਖਣਤਾ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਵਜੋਂ, ਐੱਸ.ਟੀ.ਐੱਸ ਵਰਲਡ ਸਕੂਲ ਨੇ ਆਪਣੇ ਉੱਚ-ਪ੍ਰਾਪਤੀ ਕਰਨ ਵਾਲੇ ਵਿਦਵਾਨਾਂ ਨੂੰ ਸੰਤ ਸੁਰਿੰਦਰ ਸਿੰਘ ਸਕਾਲਰਸ਼ਿਪ ਨਾਲ ਸਨਮਾਨਿਤ ਕਰਨ ਲਈ ਇੱਕ ਰਸਮੀ ਸਮਾਗਮ ਦੀ ਮੇਜ਼ਬਾਨੀ ਕੀਤੀ। ਇਹ ਪ੍ਰਸ਼ੰਸਾ ਦੱਸਵੀਂ ਜਮਾਤ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਗਈ ਜਿਨ੍ਹਾਂ ਨੇ ਆਪਣੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ 90% ਅਤੇ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ। ਇਸ ਸਮਾਗਮ ਗ੍ਰੇਡ ਦੱਸਵੀਂ ਦੇ ਵਿਦਿਆਰਥੀਆਂ ਦੀ ਮਿਸਾਲੀ ਅਕਾਦਮਿਕ ਵਚਨਬੱਧਤਾ 'ਤੇ ਚਾਨਣਾ ਪਾਇਆ। ਗੁਰਵੀਰ ਸਿੰਘ 96.4%, ਹਰਜੋਤ ਸਿੰਘ 95.4%, ਪ੍ਰਭਜੀਤ ਸਿੰਘ 93.6%, ਪ੍ਰਭਨੂਰ ਕੌਰ 92.4%, ਜਸਮੀਨ ਰਾਜ ਸਿੰਘ 92.4%, ਅਨੂਪ ਕੌਰ ਨੇ 90.4% ਅੰਕ ਪ੍ਰਾਪਤ ਕੀਤੇ। ਗ੍ਰੇਡ ਬਾਰ੍ਹਵੀਂ ਤੋਂ ਨੰਦਨੀ ਬਾਲਾ ਪਹਿਲੀ ਡਿਵੀਜ਼ਨ, ਕਰਨਜੀਤ ਸਿੰਘ ਢੇਸੀ ਦੂਜੀ ਡਿਵੀਜ਼ਨ, ਨਿਖਿਲ ਸਿਮਰ ਤੀਜੀ ਡਿਵੀਜ਼ਨ ਪ੍ਰਾਪਤ ਕੀਤੀ, ਜਿਸ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਸਾਰੇ ਵਿਦਿਆਰਥੀਆਂ ਨੂੰ ਜੋਸ਼ ਅਤੇ ਲਗਨ ਨਾਲ ਅੱਗੇ ਵੱਧਣ ਦੀ ਅਪੀਲ ਕੀਤੀ। ਇਸ ਸਮਾਗਮ ਦੌਰਾਨ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਬੱਚਿਆਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਬਹੁਤ ਮਾਣ ਹੈ।

# ਅੱਖਾਂ ਦੇ ਮੁਫ਼ਤ ਚੈੱਕਅੱਪ ਕੈਂਪ 'ਚ 154 ਲੋਕਾਂ ਦੀ ਜਾਂਚ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਐਜੂਕੇਸ਼ਨ ਟਰੱਸਟ ਥਾਦੀਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਸਮਰਪਿਤ ਸਰਬੱਤ ਦੇ ਭਲੇ ਲਈ ਅੱਖਾਂ ਦਾ ਮੁਫ਼ਤ ਚੈੱਕ ਅੱਪ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਅਰਦਾਸ ਕਰਕੇ ਕੀਤੀ ਗਈ। ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਮੈਨੇਜਰ ਲਲਿਤ ਮਹਾਜਨ ਨੇ ਦੱਸਿਆ ਕਿ ਲੋੜਵੰਦ ਗਰੀਬ ਲੋਕਾਂ ਅੱਖਾਂ ਦੇ ਮੁਫ਼ਤ ਅਪਰੇਸ਼ਨ ਕਰਵਾਏ ਜਾਣਗੇ। ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਵੀ ਹਾਜਰੀ ਲਗਵਾਈ। ਕੈਂਪ ਵਿੱਚ ਡਾ ਮੁਕੇਸ਼ ਕੁਮਾਰ ਨੇ 154 ਲੋਕਾਂ ਨੇ ਅੱਖਾਂ ਦੀ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਕੈਪ ਦੌਰਾਨ 10 ਮਰੀਜ਼ਾਂ ਨੂੰ ਅਪਰੇਸ਼ਨ ਕਰਨਯੋਗ ਮੰਨਿਆ ਗਿਆ ਹੈ। ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਅਤੇ 100 ਮਰੀਜ਼ਾਂ ਨੂੰ ਐਨਕਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਫਾਰਮਾਸਿਸਟ ਰਾਜ ਕੁਮਾਰ, ਦੀਪਕ ਪਰਾਸ਼ਰ, ਸੈਕਟਰੀ ਡਾ. ਜੌਹਲ, ਪਰਮਜੀਤ ਪੱਤਰਕਾਰ ਕਾਸ਼ੀ ਟੀ ਵੀ ਗੁਰੂ ਕੁਲਵਿੰਦਰ ਸਿੰਘ ਸੋਨੂੰ ਸੁਰਜੀਤ ਰਾਮ ਮੱਖਣ ਲਾਲ ਚੌਹਾਨ ਮੌਜੂਦ ਸਨ।



# 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਬਸਪਾ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ : ਐਡਵੋਕੇਟ ਮਾਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਮੇਹਟੀਆਣਾ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ, ਸੁਦੇਸ਼ ਭੱਟੀ ਹਲਕਾ ਵਾਇਸ ਪ੍ਰਧਾਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਹ ਮੀਟਿੰਗ ਪੰਜਾਬ ਸੰਭਾਲੋ ਮੁਹਿੰਮ ਤਹਿਤ 22 ਮਈ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਦੇ ਸਬੰਧ ਵਿੱਚ ਕੀਤੀ ਗਈ ਜੋ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਪੂਰੇ ਪੰਜਾਬ ਦੇ ਅੰਦਰ ਇਹ ਰੋਸ ਪ੍ਰਦਰਸ਼ਨ ਡਰੱਗ ਮਾਫੀਆ ਅਤੇ ਪੰਜਾਬ ਸਰਕਾਰ ਖਿਲਾਫ ਕੀਤਾ ਜਾ ਰਿਹਾ ਹੈ।ਆਏ ਹੋਏ ਆਗੂਆਂ ਨੇ ਲੋਕਾਂ ਨੂੰ ਲਾਮਬੰਦ ਕੀਤਾ ਤੇ ਵੱਡੀ ਗਿਣਤੀ 'ਚ 22 ਮਈ ਨੂੰ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਠੀਕ 10.00 ਵਜੇ ਸਵੇਰੇ ਪਹੁੰਚਣ ਦੀ ਅਪੀਲ ਕੀਤੀ। ਪਿੰਡ ਮੇਹਟੀਆਣਾ ਦੇ ਸਾਥੀਆਂ ਨੇ ਵਿਸ਼ਵਾਸ ਦੁਆਇਆ ਕਿ ਵੱਡੀ ਗਿਣਤੀ 'ਚ ਪਿੰਡ ਮੇਹਟੀਆਣਾ ਤੋਂ ਵੱਡੀ ਗਿਣਤੀ ਸਾਥੀ ਪਹੁੰਚਣਗੇ ਤੇ ਹੋਰ ਵੀ ਪਿੰਡ ਮੁੱਖਲਿਆਣਾ, ਪਿੰਡ ਸਿੰਬਲੀ, ਪਿੰਡ ਡਵਿਡਾ ਅਹਿਰਾਣਾ ਅਤੇ ਪਿੰਡ ਭੁੰਗਰਨੀ ਤੋਂ ਆਏ ਹੋਏ ਸਾਥੀਆਂ ਨੇ ਵੀ ਵੱਧ ਤੋਂ ਵੱਧ ਸਾਥੀ ਲਿਆਉਣ ਦਾ ਵਿਸ਼ਵਾਸ ਦਿਵਾਇਆ। ਐਡਵੋਕੇਟ ਮਾਨਾ ਨੇ ਕਿਹਾ ਕੇ 2027 ਤੱਕ ਬਸਪਾ ਜ਼ਮੀਨੀ ਪੱਧਰ 'ਤੇ ਡਰੱਗ ਮਾਫੀਆ ਖਿਲਾਫ ਸੰਘਰਸ਼ ਕਰੇਗੀ ਅਤੇ ਬਸਪਾ ਨਵੇਂ ਪੰਜਾਬ, ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ। ਇਸ ਮੌਕੇ ਐਡਵੋਕੇਟ ਮਾਨਾ ਨੇ ਪਿੰਡ ਮੇਹਟੀਆਣਾ ਦਾ ਬਸਪਾ ਯੂਨਿਟ ਬਣਾਉਂਦੇ ਹੋਏ ਬੂਥ ਕਮੇਟੀ ਦਾ ਗਠਨ ਕੀਤਾ। ਇਸ ਮੌਕੇ ਹਾਜ਼ਰ ਸਾਥੀਆਂ ਵਿੱਚ ਬਾਬੂ ਰੋਸ਼ਨ ਲਾਲ, ਰਿੱਕੀ ਮੁੱਖਲਿਆਣਾ, ਇੰਦਰਪਾਲ ਭੁੰਗਰਨੀ, ਸੰਜੀਵ ਕੁਮਾਰ ਡਵਿਡਾ ਅਹਿਆਣਾ, ਮਾਸਟਰ ਸਤਨਾਮ ਸਿੰਘ, ਜਸਵੀਰ ਸਿੰਘ, ਦਵਿੰਦਰ ਪਾਲ ਸਿੰਘ, ਤੇਜ ਪਾਲ, ਚਚਲ ਸਿੰਘ, ਅਮਰਜੀਤ ਸਿੰਘ, ਗੁਰਦੇਵ ਸਿੰਘ ਖਾਲਸਾ ਤੇ ਹੋਰ ਵੀ ਵੱਡੀ ਗਿਣਤੀ 'ਚ ਬੀਬੀਆਂ ਅਤੇ ਬਜ਼ੁਰਗ ਹਾਜ਼ਰ ਸਨ।

# ਡੀ ਟੀ ਐੱਫ ਵੱਲੋਂ ਮਜ਼ਦੂਰਾਂ ਦੀਆਂ ਗ੍ਰਿਫ਼ਤਾਰੀਆਂ ਦੀ ਸਖ਼ਤ ਸ਼ਬਦਾਂ 'ਚ ਨਿੰਦਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ਼.) ਨੇ ਸੂਬਾ ਸਰਕਾਰ ਦੇ ਇਸ਼ਾਰੇ ਉੱਤੇ ਬੁਖਲਾਹਟ ਵਿੱਚ ਆ ਕੇ ਪੁਲਸ ਵਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਜਨਰਲ ਸਕੱਤਰ ਗੁਰਵਿੰਦਰ ਬੋੜਾ ਦੀ ਪਤਨੀ ਅਤੇ ਕਮੇਟੀ ਆਗੂ ਧਰਮਵੀਰ ਹਰੀਗੜ੍ਹ ਦੀ ਪਤਨੀ ਤੇ ਨੰਨ੍ਹੀ ਬੱਚੀ ਤੱਕ ਨੂੰ ਹਿਰਾਸਤ ਵਿੱਚ ਲੈਣ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ 500 ਤੋਂ ਵੱਧ ਪਿੰਡ ਪੱਧਰੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਕੱਲ੍ਹ ਸੰਗਰੂਰ ਜ਼ਿਲ੍ਹੇ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਮਜ਼ਦੂਰਾਂ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਮਹਿਲਾਵਾਂ, ਜਿਨ੍ਹਾਂ ਵਿੱਚ ਕਈਆਂ ਦੇ ਕੁੱਛੜ ਛੋਟੇ ਛੋਟੇ ਬੱਚੇ ਵੀ ਸਨ, ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇਸ ਸੰਬੰਧੀ ਡੀ.ਟੀ.ਐੱਫ਼. ਦੇ ਸੂਬਾ ਜੁਆਇੰਟ ਸਕੱਤਰ ਮੁਕੇਸ਼ ਗੁਜਰਾਤੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ ਅਤੇ ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ ਆਦਿ ਆਗੂਆਂ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਜੀਂਦ ਦੇ ਰਾਜੇ ਦੀ ਬੀੜ ਐਸਵਾਨ ਸੰਗਰੂਰ ਸਥਿਤ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ 'ਚ ਬੇਗਮਪੁਰਾ ਵਸਾਉਣ ਦਾ ਐਲਾਨ ਕੀਤਾ ਗਿਆ ਸੀ ਜਿਸ 'ਤੇ ਭਗਵੰਤ ਮਾਨ ਸਰਕਾਰ ਵਲੋਂ ਬੇਜ਼ਮੀਨੇ ਦਲਿਤਾਂ, ਮਜ਼ਦੂਰਾਂ ਨੂੰ ਬੀੜ ਐਸਵਾਨ 'ਚ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਪਿਛਲੇ ਕਈ ਦਿਨ ਤੋਂ ਪੰਜਾਬ ਨੂੰ ਪੂਰੀ ਤਰ੍ਹਾਂ ਪੁਲਸ ਰਾਜ ਵਿੱਚ ਤਬਦੀਲ ਕਰਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਇਸਤਰੀ ਜਾਗ੍ਰਿਤੀ ਮੰਚ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ, ਘਰਾਂ ਵਿੱਚ ਛਾਪੇਮਾਰੀਆਂ ਕੀਤੀਆਂ ਗਈਆਂ ਹਨ ਅਤੇ ਕੱਲ੍ਹ ਸੈਂਕੜਿਆਂ ਦੀ ਗਿਣਤੀ ਵਿੱਚ ਬੀੜ ਐਸਵਾਨ ਜਾ ਰਹੇ ਮਜ਼ਦੂਰਾਂ ਦੇ ਕਾਫ਼ਲਿਆਂ ਨੂੰ ਸੜਕਾਂ ਵਿੱਚ ਮਿੱਟੀ ਦੇ ਭਰੇ ਟਿੱਪਰ ਲਗਾ ਕੇ ਰੋਕ ਕੇ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ ਅਤੇ ਔਰਤਾਂ ਜਿਨ੍ਹਾਂ ਵਿੱਚ ਕਈਆਂ ਦੇ ਕੁੱਛੜ ਬੱਚੇ ਸਨ ਸਮੇਤ ਸੈਂਕੜੇ ਮਜ਼ਦੂਰਾਂ ਨੂੰ ਅੱਤ ਦੀ ਗਰਮੀ ਵਿੱਚ ਭੁੱਖੇ ਤਿਹਾਇਆਂ ਨੂੰ ਕਈ ਘੰਟੇ ਪੁਲਸ ਦੀਆਂ ਬੱਸਾਂ ਵਿੱਚ ਬੰਦ ਰੱਖਿਆ ਗਿਆ ਅਤੇ ਫ਼ੇਰ ਥਾਨਿਆਂ ਵਿੱਚ ਡੱਕ ਦਿੱਤਾ ਜੋ ਕਿ ਸਰਕਾਰ ਦਾ ਗ਼ਰੀਬ ਮਜ਼ਦੂਰਾਂ ਪ੍ਰਤੀ ਅਣਮਨੁੱਖੀ ਵਤੀਰਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਬੀੜ ਐਸਵਾਨ ਵਾਲੀ ਜ਼ਮੀਨ ਉੱਪਰ ਪੇਂਡੂ ਧਨਾਢਾਂ, ਅਫ਼ਸ਼ਰਸ਼ਾਹੀ ਅਤੇ ਸਿਆਸਤਦਾਨਾਂ ਦਾ ਗੱਠਜੋੜ ਅੱਖ ਟਿਕਾਈ ਬੈਠਾ ਹੈ। ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤਾਂ ਦਾ ਬੇਚਿਰਾਗ ਪਿੰਡਾਂ ਵਿੱਚ ਰਾਜਿਆਂ, ਸਰਦਾਰਾਂ ਦੀਆਂ ਜ਼ਮੀਨਾਂ ਵਿੱਚ ਬਣਦਾ ਜ਼ਮੀਨੀਂ ਹੱਕ ਮਾਰਨ ਚਲਾਏ ਦਮਨ ਚੱਕਰ ਨੇ ਪਹਿਲੀਆਂ ਸਰਕਾਰਾਂ ਨੂੰ ਵੀ ਮਾਤ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬੇਜ਼ਮੀਨੇ ਮਜ਼ਦੂਰਾਂ, ਕਿਸਾਨਾਂ ਵਿਰੋਧੀ ਅਤੇ ਪੇਂਡੂ ਧਨਾਢਾਂ, ਜਾਗੀਰਦਾਰਾਂ ਅਤੇ ਕਾਰਪੋਰੇਟ ਪੱਖੀ ਨੀਤੀਆਂ ਉੱਪਰ ਚੱਲ ਰਹੀ ਹੈ ਅਤੇ ਲੈਂਡ ਸੀਲਿੰਗ ਐਕਟ ਜਿਸ ਤਹਿਤ ਕੋਈ ਵੀ ਵਿਅਕਤੀ 17 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਨਹੀਂ ਰੱਖ ਸਕਦਾ, ਦੀ ਵੀ ਉਲੰਘਣਾ ਕਰ ਰਹੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਬੇਜ਼ਮੀਨੇ ਗ਼ਰੀਬ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਹਿੱਸੇ ਦੀਆਂ ਜ਼ਮੀਨਾਂ ਦਿੱਤੀਆਂ ਜਾਣ ਨਹੀਂ ਤਾਂ ਸਰਕਾਰ ਦੇ ਜਬਰ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਨੰਦ ਰਾਮ, ਪ੍ਰਵੀਨ ਸ਼ੇਰਪੁਰ, ਮਨਜੀਤ ਸਿੰਘ ਸੈਣੀ, ਰਜਿੰਦਰ ਹੇਜਮਾਂ, ਰੇਸ਼ਮ ਸਿੰਘ ਧੁੱਗਾ, ਵਰਿੰਦਰ ਸੈਣੀ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਜਰਨੈਲ ਡਘਾਮ, ਪ੍ਰਦੀਪ ਕੁਮਾਰ, ਮਨਜੀਤ ਬਾਬਾ ਅਤੇ ਦਲਜਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

# ਵਿਕਾਸ ਕਾਰਜਾਂ ਦੀ ਘਾਟ ਨਹੀਂ ਆਉਣ ਦਿਆਂਗੇ : ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ )**- ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਵਲੋਂ ਪਿੰਡ ਬੇਲਾ ਤਾਜੋਵਾਲ ਨੂੰ 1.50 ਲੱਖ ਰੁਪਏ ਦੀ ਗਰਾਂਟ ਸ਼ਮਸ਼ਾਨ ਘਾਟ ਲਈ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ ਗਈ। ਉਨਾਂ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਕੋਈ ਵੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਪਿੰਡ ਦੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਇਹ ਮੰਗ ਸੀ ਕਿ ਉਹਨਾਂ ਦੇ ਸ਼ਮਸ਼ਾਨ ਘਾਟ ਦੀ ਚਾਰ ਦਿਵਾਰੀ ਅਤੇ ਸ਼ਮਸ਼ਾਨ ਘਾਟ ਦੀ ਰਿਪੇਅਰ ਕਰਵਾਈ ਜਾਵੇ। ਉਹਨਾਂ ਨੇ ਪਿੰਡ ਵਾਸੀਆਂ ਦੀ ਮੰਗ 'ਤੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਡੇਢ ਲੱਖ ਰੁਪਏ ਦੀ ਗਰਾਂਟ ਪਿੰਡ ਦੀ ਪੰਚਾਇਤ ਨੂੰ ਦਿੱਤੀ। ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਪੱਖਪਾਤ ਤੋਂ ਪਿੰਡਾਂ ਦਾ ਵਿਕਾਸ ਪਹਿਲ ਦੇ ਆਧਾਰ 'ਤੇ ਕਰਨ ਵਿੱਚ ਲੱਗੀ ਹੋਈ ਹੈ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਦੇ ਵਿਕਾਸ ਵਿੱਚ ਹੋਰ ਤੇਜੀ ਲਿਆਂਦੀ ਜਾਵੇਗੀ। ਇਸ ਮੌਕੇ 'ਤੇ ਸਤਨਾਮ ਸਿੰਘ (ਸਰਪੰਚ) ,ਚਰਨਜੀਤ ਕੌਰ ਪੰਚ, ਪਰੀਆ ਰਾਣੀ ਪੰਚ ,ਬਲਵਿੰਦਰ ਸਿੰਘ, ਪ੍ਰੇਮ ਚੰਦ ਲੰਬੜਦਾਰ, ਦੇਸ ਰਾਜ ਲੰਬੜਦਾਰ ,ਮਨਜੀਤ ਕੁਮਾਰ,ਹੁਸਨ ਚੰਦ ,ਪਵਨ ਕੁਮਾਰ ,ਕੁਲਵਿੰਦਰ ਸਿੰਘ, ਬਿਮਲਾ ਦੇਵੀ ,ਕੁਲਵਿੰਦਰ ਕੌਰ, ਨੀਲਮ ਰਾਣੀ, ਨਮਨ ਚੋਪੜਾ, ਬਿਕਰਰਾਮ ,ਬਲਦੇਵਰਾਜ,ਧਰਮਪ੍ਰੀਤ ਚੌਧਰੀ, ਲਵਜੀਤ ਚੌਧਰੀ, ਐਸ ਐਚ ਓ ਰਣਜੀਤ ਸਿੰਘ ਮੌਜੂਦ ਸਨ।

## ਬੁੱਧ ਧਰਮ ਦੇ ਪਸਾਰ ਤੇ ਪ੍ਰਚਾਰ ਲਈ ਅਸੀਂ ਹਮੇਸ਼ਾ ਵਚਨਬੱਦ ਹਾਂ : ਹੁਸਨ ਲਾਲ ਬੋਧ

**ਅੱਡਾ ਸਰਾਂ (ਜਸਵੀਰ ਕਾਜਲ)** ਬੁੱਧਿਸਟ ਸੁਸਾਇਟੀ ਆਫ ਇੰਡੀਆ ਪੰਜਾਬ ਪ੍ਰਾਂਤ ਅਤੇ ਡਾ ਬੀ ਆਰ ਅੰਬੇਡਕਰ ਮੈਮੋਰੀਅਲ ਟਰੱਸਟ ਜਲੰਧਰ ਜਿਲ੍ਹੇ ਦੇ ਸਿਧਾਰਥ ਨਗਰ ਵਿੱਚ ਬੁੱਧ ਬਿਹਾਰ 'ਚ ਬੁੱਧ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਬਹੁਤ ਲੰਬੇ ਸਮੇਂ ਤੋਂ ਅਹਿਮ ਭੂਮਿਕਾ ਨਿਭਾ ਰਹੀ ਹੈ।ਇਸੇ ਲੜੀ ਤਹਿਤ ਬੁਧਿਸਟ ਸੁਸਾਇਟੀ ਆਫ ਇੰਡੀਆ ਪੰਜਾਬ ਪ੍ਰਾਂਤ ਦੇ ਪ੍ਰਧਾਨ ਹੁਸਨ ਲਾਲ ਬੋਧ ਹੁਸ਼ਿਆਰਪੁਰ ਵਿਖੇ ਪਹੁੰਚੇ ਜਿੱਥੇ ਡਾ. ਬੀ ਆਰ ਅੰਬੇਡਕਰ ਯੂਥ ਕਲੱਬ ਰਜਿਸਟਰ ਕੰਧਾਲਾ ਜੱਟਾਂ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਪੜਬੱਗਾ, ਡਾ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਪਿੰਡ ਢੱਟਾ ਦੇ ਪ੍ਰਧਾਨ ਰਾਮ ਲੁਭਾਇਆ ਅਤੇ ਸਮੂਹ ਮੈਂਬਰਾਂ ਵੱਲੋਂ ਭਰਮਾ ਸਵਾਗਤ ਕੀਤਾ ਗਿਆ।ਇਸ ਮੌਕੇ ਹੁਸਨ ਲਾਲ ਬੋਧ ਨੇ ਕਿਹਾ ਕਿ ਅਸੀਂ ਡਾ ਭੀਮ ਰਾਓ ਅੰਬੇਡਕਰ ਜੀ ਦੇ ਅਪਣਾਏ ਬੁੱਧ ਧਰਮ ਨੂੰ ਵੱਖ ਵੱਖ ਜ਼ਿਲ੍ਹਿਆਂ ਵਿੱਚ ਅੰਬੇਡਕਰੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਮਿਲ ਕੇ ਬੁੱਧ ਧਰਮ ਦੀਆਂ ਸਿੱਖਿਆਵਾਂ ਲਈ ਪ੍ਰੇਰਿਤ ਕਰ ਰਹੇ।ਉਹਨਾਂ ਕਿਹਾ ਬੁੱਧਿਸਟ ਸੁਸਾਇਟੀ ਆਫ ਇੰਡੀਆ ਦੇ ਜਨਰਲ ਸੈਕਟਰੀ ਸੁਰੇਸ਼ ਚੰਦ, ਚੰਚਲ ਬੋਧ, ਸੁਖਦੇਵ ਰਾਜ ਬੋਧ , ਨਰਿੰਦਰ ਬੋਧ ਮੁੰਨਾ ਲਾਲ ਅਤੇ ਰਾਮ ਨਾਥ ਸੁੰਡਾ ਅਤੇ ਹੋਰ ਬਹੁਤ ਸਾਰੇ ਸਾਥੀ ਸਿਧਾਰਥ ਨਗਰ ਵਿੱਚ ਇਹ ਸੰਸਥਾ ਨੂੰ ਚਲਾਉਣ ਲਈ ਅਹਿਮਦ ਯੋਗਦਾਨ ਨਿਭਾ ਰਹੇ ਹਨ। ਇਸ ਮੌਕੇ ਡਾ ਅੰਬੇਡਕਰ ਯੂਥ ਕਲੱਬ ਰਜਿਸਟਰ ਕੰਧਾਲਾ ਜੱਟਾਂ ਵੱਲੋਂ ਹੁਸਨ ਲਾਲ ਜੀ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।



# ਠੇਕਾ ਮੁਲਾਜ਼ਮਾਂ ਦਾ ਟੈਂਡਰ ਖਤਮ ਹੋਣ ਕਾਰਨ ਸ਼ਹਿਰ ਤੇ ਪਿੰਡਾਂ 'ਚ ਬਿਜਲੀ ਸੰਕਟ ਦਾ ਡਰ

## ਬਿਜਲੀ ਸਪਲਾਈ ਲਈ ਕੇਵਲ 22 ਮੁਲਾਜ਼ਮ ਹੀ ਤਾਇਨਾਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸ਼ਹਿਰ ਤੇ ਅਧੀਨ ਆਉਂਦੇ 97 ਪਿੰਡਾਂ ਵਿੱਚ ਕਦੇ ਵੀ ਬਿਜਲੀ ਦਾ ਸੰਕਟ ਛਾ ਸਕਦਾ ਹੈ, ਕਿਉਂਕਿ ਇੱਥੇ ਪਾਵਰਕਾਮ ਦਫ਼ਤਰ ਵਿੱਚ ਬਿਜਲੀ ਸਪਲਾਈ ਦੀ ਮੁਰੰਮਤ ਲਈ ਠੇਕੇ 'ਤੇ ਕੰਮ ਕਰ ਰਹੇ 25 ਮੁਲਾਜ਼ਮਾਂ ਦਾ ਟੈਂਡਰ ਖਤਮ ਹੋ ਗਿਆ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਮਾਛੀਵਾੜਾ ਪਾਵਰਕਾਮ ਦਫ਼ਤਰ ਵਿਖੇ, ਜੋ 25 ਮੁਲਾਜ਼ਮ ਠੇਕੇ ਵਜੋਂ ਕੰਮ ਕਰ ਰਹੇ ਸਨ, ਉਹ ਟੈਂਡਰ ਖਤਮ ਹੋਣ ਕਾਰਨ ਅੱਜ ਦਫ਼ਤਰ ਵਿਖੇ ਧਰਨੇ 'ਤੇ ਬੈਠੇ। ਇਨ੍ਹਾਂ ਮੁਲਾਜ਼ਮਾਂ 'ਚ ਸ਼ਾਮਲ ਗੁਰਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਬਲਜਿੰਦਰ ਸਿੰਘ, ਰਵਿੰਦਰ ਕੁਮਾਰ, ਮਨਜੀਤ ਸਿੰਘ, ਗੁਰਮੇਲ ਸਿੰਘ, ਕੁਲਵਿੰਦਰ ਸਿੰਘ, ਜਸਵੰਤ ਸਿੰਘ, ਗਗਨਪ੍ਰੀਤ ਸਿੰਘ, ਸੁਰਮੀਤ ਸਿੰਘ, ਜਤਿੰਦਰ ਸਿੰਘ, ਚਰਨਜੀਤ ਸਿੰਘ, ਸੰਜੀਵ ਕੁਮਾਰ, ਕਰਮ ਸਿੰਘ, ਕੁਲਦੀਪ ਸਿੰਘ ਨੇ ਕਿਹਾ ਕਿ ਸਰਕਾਰ ਟੈਂਡਰ ਰਾਹੀਂ ਉਨ੍ਹਾਂ ਨੂੰ ਕੇਵਲ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੰਦੀ ਹੈ, ਜਿਸ ਨਾਲ ਘਰ ਦਾ ਗੁਜ਼ਾਰਾ ਕਰਨਾ ਵੀ ਮੁਸ਼ਕਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਠੇਕੇ 'ਤੇ ਭਰਤੀ ਕੀਤੀ ਮੁਲਾਜ਼ਮ ਆਪਣੀ ਜਾਨ ਦਾਅ 'ਤੇ ਲਗਾ ਕੇ ਬਿਜਲੀ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹਨ ਤੇ ਐਨੀ ਅੱਤ ਦੀ ਗਰਮੀ ਵਿੱਚ ਨਿਗੁਣੀਆਂ ਤਨਖਾਹਾਂ 'ਤੇ ਕੰਮ ਕਰਦੇ ਹਨ। ਠੇਕਾ ਮੁਲਾਜ਼ਮਾਂ ਨੇ ਮੰਗ ਕੀਤੀ ਕਿ ਸਰਕਾਰ ਉਨ੍ਹਾਂ ਨੂੰ ਰੈਗੂਲਰ ਕਰੇ ਤੇ ਬਣਦੇ ਹੱਕ ਦਿੱਤੇ ਜਾਣ।

### ਪਾਵਰਕਾਮ ਦਫ਼ਤਰ 'ਚ 140 'ਚੋਂ 118 ਅਸਾਮੀਆਂ ਖਾਲੀ

ਪ੍ਰਾਪਤ ਜਾਣਕਾਰੀ ਅਨੁਸਾਰ ਪਾਵਰਕਾਮ ਦਫਤਰ ਵਿੱਚ ਪਹਿਲਾਂ ਹੀ ਮੁਲਾਜ਼ਮਾਂ ਦੀ ਬੜੀ ਵੱਡੀ ਘਾਟ ਹੈ, ਕਿਉਂਕਿ ਇੱਥੇ 140 ਅਸਾਮੀਆਂ 'ਚੋਂ ਪਹਿਲਾਂ ਹੀ 118 ਖਾਲੀ ਪਈਆਂ ਹਨ। ਸਭ ਤੋਂ ਵੱਡੀ ਜ਼ਰੂਰਤ ਮਾਛੀਵਾੜਾ ਪਾਵਰਕਾਮ ਦਫ਼ਤਰ ਵਿਖੇ ਬਿਜਲੀ ਸਪਲਾਈ ਨੂੰ ਨਿਰਵਿਘਨ ਜਾਰੀ ਰੱਖਣ ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ 119 ਲਾਈਨਮੈਨ ਤੇ ਸਹਾਇਕ ਲਾਈਨਮੈਨਾਂ ਦੀ ਜ਼ਰੂਰਤ ਹੈ, ਪਰ ਇੱਥੇ ਕੇਵਲ 14 ਲਾਈਨਮੈਨ ਤੇ ਸਹਾਇਕ ਲਾਈਨਮੈਨ ਤਾਇਨਾਤ ਹਨ। ਪਾਵਰਕਾਮ ਵੱਲੋਂ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਨਹੀਂ ਕੀਤੀ ਗਈ, ਪਰ ਲੋਕਾਂ ਨੂੰ ਬਿਜਲੀ ਸਪਲਾਈ ਨਿਰਵਿਘਨ ਜਾਰੀ ਰੱਖਣ ਲਈ 25 ਮੁਲਾਜ਼ਮ ਠੇਕੇ 'ਤੇ ਰੱਖੇ ਹੋਏ ਸਨ, ਜੋ 21 ਮਈ ਨੂੰ ਇਨ੍ਹਾਂ 25 ਮੁਲਾਜ਼ਮਾਂ ਦਾ ਟੈਂਡਰ ਖਤਮ ਹੋਣ ਤੋਂ ਬਾਅਦ ਉਹ ਡਿਊਟੀ ਤੋਂ ਫਾਰਗ ਹੋ ਗਏ ਅਤੇ ਹੁਣ ਮਾਛੀਵਾੜਾ ਸ਼ਹਿਰ ਤੇ 97 ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਦਾ ਕੰਮ 24 ਘੰਟੇ ਜਾਰੀ ਰੱਖਣ ਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਕੇਵਲ 14 ਲਾਈਨਮੈਨ ਹੀ ਰਹਿ ਗਏ ਹਨ। ਇਸ ਅੱਤ ਦੀ ਗਰਮੀ ਵਿੱਚ 14 ਲਾਈਨਮੈਨਾਂ ਵੱਲੋਂ 156.89 ਸਕੇਅਰ ਕਿਲੋਮੀਟਰ ਦੇ ਏਰੀਏ ਵਿੱਚ 32 ਹਜ਼ਾਰ ਤੋਂ ਵੱਧ ਬਿਜਲੀ ਖਪਤਕਾਰਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨਾ ਅਸੰਭਵ ਹੈ।

## ਸ੍ਰੀ ਨਵ ਦੁਰਗਾ ਭਜਨ ਮੰਡਲੀ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ੍ਰੀ ਨਵ ਦੁਰਗਾ ਭਜਨ ਮੰਡਲੀ (ਗਿਆਨ ਸਾਗਰ ਪੀਰ ਮੰਦਰ ਚੈਰੀਟੇਬਲ ਟਰੱਸਟ, ਭੋਲਾ ਬਾਬਾ ਵਾਲਾ ਪੀਰਖਾਨਾ) ਦੀ ਭਰਵੀਂ ਇਕੱਤਰਤਾ ਭੋਲਾ ਬਾਬਾ ਜੀ ਵਾਲਾ ਪੀਰਖਾਨਾ ਵਿਖੇ ਜਸਕਰਨ ਬਾਂਸਲ ਜੱਸੀ ਬਾਬਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਮੈਂਬਰਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ।ਸਭ ਤੋਂ ਪਹਿਲਾਂ ਪੁਰਾਣੀ ਬਾਡੀ ਵੱਲੋਂ ਪਿਛਲੇ ਸਾਲ ਦੀਆਂ ਸਰਗਰਮੀਆਂ ਤੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਉਪਰੰਤ ਪੁਰਾਣੀ ਬਾਡੀ ਨੂੰ ਭੰਗ ਕੀਤਾ ਗਿਆ ਤੇ ਜਸਕਰਨ ਬਾਂਸਲ ਉਰਫ ਜੱਸੀ ਬਾਬਾ ਦੀ ਅਗਵਾਈ ਵਿੱਚ ਚੋਣ ਪ੍ਰਕਿਰਿਆ ਦਾ ਆਗਾਜ਼ ਕਰਦੇ ਹੋਏ ਸਰਬਸੰਮਤੀ ਨਾਲ ਗੁਰਗੱਦੀ ਵਜੋਂ ਜਸਕਰਨ ਬਾਂਸਲ ਜੱਸੀ ਬਾਬਾ, ਜੋ ਇਸ ਮੰਡਲੀ ਦੇ ਸੰਸਥਾਪਕ ਵੀ ਹਨ, ਦੀ ਚੋਣ ਕੀਤੀ ਗਈ। ਇਸ ਉਪਰੰਤ ਸਰਪ੍ਰਸਤ ਅੰਮ੍ਰਿਤ ਲਾਲ (ਬਿੱਟੂ) ਬਠਿੰਡਾ ਵਾਲੇ, ਚੇਅਰਮੈਨ ਪਿੰਕੀ ਵਾਲੀਆ, ਸੀਨੀਅਰ ਵਾਈਸ ਚੇਅਰਮੈਨ ਪ੍ਰਵੀਨ ਗਰਗ ਸੋਨੂੰ, ਵਾਈਸ ਚੇਅਰਮੈਨ ਵਿਜੈ ਗਰਗ, ਪ੍ਰਧਾਨ ਸੰਦੀਪ ਵਰਮਾ ਸਹਾਰਾ, ਸੀਨੀਅਰ ਮੀਤ ਪ੍ਰਧਾਨ ਸੰਜੀਵ ਗਰਗ, ਮੀਤ ਪ੍ਰਧਾਨ ਜਤਿੰਦਰ ਗਰਗ ਦੀਪਾ, ਵਿੱਤ ਸਕੱਤਰ ਨੀਤਿਨ ਗੋਇਲ ਸੰਗਰੂਰ, ਜੁਆਇੰਟ ਵਿੱਤ ਸਕੱਤਰ ਰਮਨ ਗਰਗ ਸੰਗਰੂਰ, ਸਹਾਇਕ ਵਿੱਤ ਸਕੱਤਰ ਸੰਦੀਪ ਗਰਗ, ਜਨਰਲ ਸਕੱਤਰ ਰਜਨੀਸ਼ ਕਰਕਰਾ, ਡਾਇਰੈਕਟਰ ਸੁਰਿੰਦਰ ਧੀਰ, ਸੀਨੀਅਰ ਸਹਾਇਕ ਡਾਇਰੈਕਟਰ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ ਦੀਪਕ ਬਾਂਸਲ ਸੰਗਰੂਰ, ਪੀ.ਆਰ.ਓ. ਗੌਰਵ ਅਰੋੜਾ, ਪ੍ਰੈੱਸ ਸਕੱਤਰ ਉਮੇਸ਼ ਸਿੰਗਲਾ, ਸਕੱਤਰ ਕੈਮਰਾਮੈਨ ਅਨਿਕੇਤ ਕਰਕਰਾ, ਸਟੋਰ ਕੀਪਰ ਪ੍ਰਵੀਨ ਗਰਗ, ਸਿਕੰਦਰ ਸਿੰਘ ਰਾਈਆ, ਜੋਤੀ ਸੇਵਕ ਗੌਰਵ ਗਰਗ ਤੇ ਵਿਜੈ ਬਾਂਸਲ ਦੀ ਚੋਣ ਕੀਤੀ ਗਈ।

## ਪੰਜਾਬੀ ਯੂਨੀਵਰਸਿਟੀ ਕੈਂਪਸ 'ਚ ਪੁਸਤਕ ਚਰਚਾ ਸਾਂਝਾ ਮੰਚ ਦੀ ਸ਼ੁਰੂਆਤ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਸਾਂਝੀ ਪੁਸਤਕ ਚਰਚਾ ਲੜੀ ਦੀ ਸ਼ੁਰੂਆਤ ਕੀਤੀ ਗਈ।ਇਸ ਚਰਚਾ ਵਿੱਚ ਕਿਤਾਬਾਂ ਦੇ ਸੰਗ ਗੁਫ਼ਤਗੂ ਤਹਿਤ ਦੋਵੇਂ ਵਿਭਾਗਾਂ ਦੇ ਫੈਕਲਟੀ ਮੈਂਬਰ ਕਿਸੇ ਇੱਕ ਕਿਤਾਬ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਦੀ ਕੋਸ਼ਿਸ਼ ਕਰਨਗੇ।ਪਲੇਠੀ ਪੁਸਤਕ ਚਰਚਾ ਸ਼ੁਰੂਆਤ ਪ੍ਰੋਫੈਸਰ ਕੁਮਾਰ ਸੁਸ਼ੀਲ (ਸਾਬਕਾ ਮੁਖੀ ਭਾਸ਼ਾਵਾਂ ਵਿਭਾਗ) ਨੇ ਹਰਕੀਰਤ ਸਿੰਘ ਦੀ ਕਿਤਾਬ 'ਤੇ ਵਿਸਥਾਰਤ ਚਰਚਾ ਕੀਤੀ।ਕੁਮਾਰ ਸੁਸ਼ੀਲ ਨੇ ਗੱਲ ਕਰਦਿਆਂ ਇਤਿਹਾਸ ਤੇ ਸਾਹਿਤ ਦਰਮਿਆਨ ਸਮੇਤ ਕਿਹਾ ਕਿ 1761 ਤੋਂ 1947 ਤੱਕ ਦੀਆਂ ਔਰਤਾਂ ਦਾ ਬਹੁਤ ਘੱਟ ਜ਼ਿਕਰ ਹੋਇਆ ਹੈ, ਪ੍ਰੰਤੂ ਤਸ਼ੱਦਦ ਸਭ ਤੋਂ ਵੱਧ ਔਰਤਾਂ ਦੁਆਰਾ ਸਹਿਣ ਕੀਤਾ ਗਿਆ।ਨਾਲ ਹੀ ਉਨ੍ਹਾਂ ਕਿਹਾ ਕਿ ਇਤਿਹਾਸ, ਇਸਲਾਮ ਅਸਲ 'ਚ ਔਰਤ ਦਾ ਬਾਗੀਪਣ ਹੈ, ਜਿਸ ਨੂੰ ਸਮਾਜ ਸਵੀਕਾਰ ਨਹੀਂ ਕਰਦਾ।ਡਾ. ਬਲਦੇਵ ਸਿੰਘ ਸ਼ੇਰਗਿੱਲ (ਮੁਖੀ ਸੋਸ਼ਲ ਸਾਇੰਸ ਵਿਭਾਗ) ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਨਾਲ ਹੀ ਖੋਜ ਨਾਲ ਸੰਬੰਧਤ ਦਿੱਲੀ ਤੇ ਪੱਛਮੀ ਯੂਨੀਵਰਸਿਟੀਆਂ ਦੇ ਹਵਾਲੇ ਨਾਲ ਕਿਹਾ ਕਿ ਸਾਨੂੰ ਕਿਤਾਬਾਂ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ।ਡਾ. ਸੰਦੀਪ ਰਾਣਾ (ਮੁਖੀ ਭਾਸ਼ਾਵਾਂ ਵਿਭਾਗ) ਸਾਰੀ ਫੈਕਲਟੀ ਦਾ ਧੰਨਵਾਦ ਕੀਤਾ ਕਿਹਾ ਕਿ ਸਾਨੂੰ ਇਸ ਕਿਤਾਬ ਬਾਰੇ ਹੋਰ ਚਰਚਾ ਕਰਨ ਦੀ ਲੋੜ ਹੈ।ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਨੇ ਪੁਸਤਕ ਚਰਚਾ ਸ਼ੁਰੂਆਤ ਕਰਨ ਤੇ ਸ਼ਲਾਘਾ ਕੀਤੀ ਤੇ ਅੱਗੇ ਹੋਰ ਚਰਚਾ ਕਰਨ ਲਈ ਹੱਲਾਸ਼ੇਰੀ ਦਿੱਤੀ।ਮੰਚ ਸੰਚਾਲਨ ਦੀ ਭੂਮਿਕਾ ਸਹਾਇਕ ਪ੍ਰੋਫੈਸਰ ਹਰਪ੍ਰੀਤ ਕੁਮਾਰ ਨੇ ਬਾਖੂਬੀ ਨਿਭਾਈ।

## ਸਵ: ਮਾਤਾ ਮੂਰਤੀ ਕੌਰ ਦਾ ਸਰੀਰ ਮੈਡੀਕਲ ਖੋਜਾਂ ਲਈ ਦਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਚੁਨਾਗਰਾ ਦੀ ਰਹਿਣ ਵਾਲੀ ਡੇਰਾ ਸੱਚਾ ਸੌਦਾ ਸਿਰਸਾ ਦੀ ਸ਼ਰਧਾਲੂ ਮਾਤਾ ਮੂਰਤੀ ਕੌਰ ਇੰਸਾਂ ਦੀ ਅਰਥੀ ਨੂੰ ਉਨ੍ਹਾਂ ਦੀਆਂ ਧੀਆਂ ਤੇ ਨੂੰਹਾਂ ਵਲੋਂ ਮੋਢਾ ਦਿੱਤਾ ਗਿਆ। ਉਨ੍ਹਾਂ ਨੇ ਜਿਉਂਦੇ ਜੀਅ ਡੇਰਾ ਸੱਚਾ ਸੌਦਾ ਦੀ ਪ੍ਰੇਰਨਾ ਅਨੁਸਾਰ ਪ੍ਰਣ ਕੀਤਾ ਹੋਇਆ ਸੀ ਕਿ ਮਰਨ ਉਪਰੰਤ ਸਰੀਰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਜਾਵੇ।ਇਸ ਤੋਂ ਬਾਅਦ ਉਨ੍ਹਾਂ ਦੇ ਪ੍ਰਣ ਨੂੰ ਪਰਿਵਾਰਕ ਮੈਂਬਰਾਂ ਵੱਲੋਂ ਪੂਰਾ ਕਰਦਿਆਂ ਮਾਤਾ ਮੂਰਤੀ ਕੌਰ ਇੰਸਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਗਿਆ।ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਐੱਸਕੇਐੱਸ ਹਸਪਤਾਲ ਮੈਡੀਕਲ ਕਾਲਜ ਤੇ ਖੋਜ ਕੇਂਦਰ ਮਥੁਰਾ ਲਈ ਰਵਾਨਾ ਕਰ ਦਿੱਤਾ ਗਿਆ।ਇਸ ਤੋਂ ਪਹਿਲਾਂ ਸਰੀਰਦਾਨੀ ਮਾਤਾ ਮੂਰਤੀ ਕੌਰ ਇੰਸਾਂ ਦੇ ਨਿਵਾਸ ਸਥਾਨ ਵਿਖੇ ਇਕੱਠੇ ਹੋਏ ਡੇਰਾ ਪ੍ਰੇਮੀਆਂ ਨੇ ਅਰਦਾਸ ਬੋਲਣ ਤੋਂ ਬਾਅਦ ਸੱਚਖੰਡ ਵਾਸੀ ਸਰੀਰਦਾਨੀ ਮਾਤਾ ਮੂਰਤੀ ਕੌਰ ਇੰਸਾਂ ਦੀ ਮਿਰਤਕ ਦੇਹ ਨੂੰ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਪਿੰਡ 'ਚ ਲਿਜਾਇਆ ਗਿਆ।ਡੇਰਾ ਪ੍ਰੇਮੀਆਂ ਵੱਲੋਂ ਸੱਚਖੰਡ ਵਾਸੀ ਮਾਤਾ ਮੂਰਤੀ ਕੌਰ ਇੰਸਾਂ ਅਮਰ ਰਹੇ, ਅਮਰ ਰਹੇ ਦੇ ਨਾਅਰੇ ਲਗਾਤਾਰ ਲਗਾਏ ਜਾ ਰਹੇ ਸਨ ਤੇ ਫੁੱਲਾਂ ਨਾਲ ਸਜਾਈ ਗੱਡੀ ਨੂੰ ਇਕ ਕਾਫ਼ਲੇ ਦੇ ਰੂਪ ਵਿੱਚ ਅੰਤਮ ਵਿਦਾਈ ਦਿੱਤੀ।

## ਸਪਰਿੰਗ ਡਿਊ ਸਕੂਲ 'ਚ ਸੈਮੀਨਾਰ



**ਜਗਰਾਉਂ (ਅਮਿਤ ਖੰਨਾ)**-ਸਪਰਿੰਗ ਡਿਊ ਪਬਲਿਕ ਸਕੂਲ, ਨਾਨਕਸਰ ਵਿਖੇ ਡਾ. ਅੰਕੁਰ ਗੁਪਤਾ ਐਸ.ਐਸ.ਪੀ. ਲੁਧਿਆਣਾ ਦਿਹਾਤੀ (ਆਈ.ਪੀ.ਐਸ.) ਦੇ ਦਿਸ਼ਾ-ਨਿਰਦੇਸ਼ ਤੇ ਸ੍ਰੀ ਗੋਪਾਲ ਕ੍ਰਿਸ਼ਨ(ਡੀ.ਐਸ.ਪੀ. ਹੈਡ ਕੁਆਟਰ) ਦੀ ਅਗਵਾਈ ਹੇਠ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੇ ਪ੍ਰਤੀ ਜਾਗਰੂਕ ਕਰਨ ਲਈ ਇੱਕ ਵਿਸ਼ੇਸ ਸੈਮੀਨਾਰ ਲਾਇਆ ਗਿਆ।ਸੈਮੀਨਾਰ ਵਿੱਚ ਕੁਮਾਰ ਸਿੰਘ (ਇੰਚਾਰਜ ਟ੍ਰੈਫ਼ਿਕ), ਹਰਪਾਲ ਸਿੰਘ (ਇੰਚਾਰਜ ਐਜੂਕੇਸ਼ਨ ਸੈੱਲ) ਤੇ ਏ.ਐਸ.ਆਈ ਸੁਖਵਿੰਦਰ ਸਿੰਘ ਨੇ ਨਾਨਕਸਰ ਪੁਲ ਦੇ ਥੱਲੇ ਬੱਚਿਆਂ ਨੂੰ ਇਕੱਠਾ ਕਰਕੇ ਕੈਂਪ ਲਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਪ੍ਰਤੀ ਜਾਗਰੂਕ ਕਰਾਇਆ ਗਿਆ ਅਤੇ ਪਬਲਿਕ ਨੂੰ ਰੋਕ ਕੇ ਉਨ੍ਹਾਂ ਦੀਆਂ ਗਲਤੀਆਂ ਦੱਸੀਆਂ ਗਈਆਂ ਤੇ ਇਸ ਦੇ ਪ੍ਰਤੀ ਸੁਚੇਤ ਰਹਿਣ ਲਈ ਕਿਹਾ ਗਿਆ।ਇਸ ਮੌਕੇ 'ਯੁੱਧ ਨਸ਼ਿਆਂ ਵਿਰੁੱਧ' ਤੇ ਟ੍ਰੈਫ਼ਿਕ ਨਿਯਮਾਂ ਦੇ ਪਰਚੇ ਵੀ ਦਿੱਤੇ ਗਏ।ਪ੍ਰਿੰਸੀਪਲ ਮੈਡਮ ਗੀਨਾ ਰਾਣੀ ਵੱਲੋਂ ਇਸ ਸੈਮੀਨਾਰ ਦੀ ਸ਼ਲਾਘਾ ਕੀਤੀ ਗਈ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਟ੍ਰੈਫ਼ਿਕ ਨਿਯਮਾਂ ਪ੍ਰਤੀ ਸੁਚੇਤ ਰਹਿਣ ਲਈ ਕਿਹਾ ਗਿਆ।ਵਾਈਸ ਪ੍ਰਿੰਸੀਪਲ ਸ਼੍ਰੀ ਬੇਅੰਤ ਬਾਵਾ ਤੇ ਮੈਨੇਜਰ ਮਨਦੀਪ ਚੌਹਾਨ ਵੱਲੋਂ ਆਏ ਗਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

## ਨੌਜਵਾਨਾਂ ਨੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਥਾਣਾ ਰੋਡ 'ਤੇ ਨੌਜਵਾਨਾਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ।ਪਿਛਲੇ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਵਧੀ ਗਰਮੀ ਵਿੱਚ ਰਾਹਗੀਰਾਂ ਨੂੰ ਇਸ ਨਾਲ ਕੁਝ ਰਾਹਤ ਮਿਲੀ।ਇਸ ਮੌਕੇ ਇਕੱਤਰ ਨੌਜਵਾਨਾਂ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਅਜਿਹੀਆਂ ਛਬੀਲਾਂ ਤੇ ਲੰਗਰ ਲਗਾਉਂਦੇ ਰਹਿਣਗੇ।

## ਹੈੱਡ ਕਾਂਸਟੇਬਲ ਸ਼ਮਿੰਦਰਪਾਲ ਸਿੰਘ ਦੇ ਦੇਹਾਂਤ 'ਤੇ ਹਨੀ ਫੱਤਣਵਾਲਾ ਵੱਲੋਂ ਅਫਸੋਸ ਪ੍ਰਗਟ



**ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰਪਾਲ)**-ਇਥੋਂ ਨੇੜਲੇ ਪਿੰਡ ਗੋਨਿਆਣਾ ਨਿਵਾਸੀ ਹੈੱਡ ਕਾਂਸਟੇਬਲ ਸ਼ਮਿੰਦਰਪਾਲ ਸਿੰਘ (52), ਜਿਨਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਦੇ ਦਿਹਾਂਤ 'ਤੇ ਮ੍ਰਿਤਕ ਦੇ ਪੁੱਤਰ ਮਨਪ੍ਰੀਤ ਸਿੰਘ ਧਾਮੂ ਨਾਲ ਅਫਸੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਹਨੀ ਫੱਤਣਵਾਲਾ ਨੇ ਕਿਹਾ ਕਿ ਸ਼ਮਿੰਦਰਪਾਲ ਸਿੰਘ ਇੱਕ ਮਿਲਣਸਾਰ ਤੇ ਨੇਕ ਦਿਲ ਇਨਸਾਨ ਸੀ। ਉਸ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਬਲਵਿੰਦਰ ਸਿੰਘ ਸਾਬਕਾ ਏ.ਐੱਸ.ਆਈ, ਮੁਕੇਸ਼ ਕੁਮਾਰ ਬਰੀਵਾਲਾ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਬੱਬੂ, ਸੁਖਦੇਵ ਸਿੰਘ ਸਹੋਤਾ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਘਰ 'ਚੋਂ ਲੱਖਾਂ ਦਾ ਸਾਮਾਨ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰੂ ਨਗਰ ਇਲਾਕੇ ਵਿੱਚ ਇੱਕ ਔਰਤ ਦੇ ਘਰ 'ਚ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਦੀ ਘਟਨਾ ਸਾਹਮਣੇ ਆਈ ਹੈ। ਪੁਲਸ ਨੇ ਚੋਰਾਂ ਵਿਰੁੱਧ 305 ਬੀਐੱਨਐੱਸ ਅਧੀਨ ਮਾਮਲਾ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਗੁਰਮੀਤ ਕੌਰ ਪਤਨੀ ਮਹਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਹ 26 ਅਪ੍ਰੈਲ ਨੂੰ ਪਟਿਆਲੇ ਵਿਖੇ ਰਿਸ਼ਤੇਦਾਰਾਂ ਕੋਲ ਗਈ ਹੋਈ ਸੀ ਅਤੇ ਉਸ ਨੇ ਘਰ ਨੂੰ ਤਾਲਾ ਲਾਇਆ ਹੋਇਆ ਸੀ। ਜਦ ਉਹ 8 ਮਈ ਨੂੰ ਵਾਪਸ ਘਰ ਆਈ, ਤਾਂ ਘਰ ਅੰਦਰ ਦਾ ਸਮਾਨ ਬਿਖਰਾ ਹੋਇਆ ਸੀ ਅਤੇ ਕਈ ਕੀਮਤੀ ਚੀਜ਼ਾਂ ਗਾਇਬ ਸਨ।

ਚੋਰੀ ਹੋਏ ਸਮਾਨ ਵਿੱਚ 2 ਏਸੀ, ਇਕ ਗੀਜਰ, ਇਨਵੇਟਰ, ਬੈਟਰਾ, ਐਗਜ਼ੌਸਟ ਫੈਨ, ਗੈਸ ਸਿਲੰਡਰ, ਚਿਮਨੀ, ਜਸੂਰ, ਮਿਕਸੀ, ਪ੍ਰੈਸ ਅਤੇ ਤਿੰਨ ਘੜੀਆਂ ਸ਼ਾਮਲ ਹਨ। ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱ ਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਿਸ ਵੱਲੋਂ ਜਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਜਾਂਚ ਜਾਰੀ ਹੈ।

## ਜ਼ਿਲ੍ਹਾ ਪੱਧਰੀ ਪੈਨਸ਼ਨਰਾਂ ਦੀ ਇਕੱਤਰਤਾ 'ਚ ਮੰਗਾਂ ਮੰਨਵਾਉਣ ਲਈ ਇਕੱਠੇ ਹੋਣ ਦਾ ਸੱਦਾ



**ਸੰਗਰੂਰ (ਪ੍ਰਵੀਨ ਸਿੰਘ)**

ਜ਼ਿਲ੍ਹਾ ਪੈਨਸ਼ਨਰਜ਼ ਭਵਨ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਦੀ ਜ਼ਿਲ੍ਹਾ ਪੱਧਰੀ ਕਾਰਜਕਰਨੀ ਦੀ ਇਕੱਤਰਤਾ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਗਰੂਰ ਜਿਲ੍ਹੇ ਨਾਲ ਸਬੰਧਤ 9 ਯੂਨਿਟਾਂ ਦੇ ਪ੍ਰਧਾਨ, ਜਨਰਲ ਸਕੱਤਰ, ਅਹੁਦੇਦਾਰ ਤੇ ਕਾਰਜਕਾਰੀ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਸ੍ਰੀ ਅਰੋੜਾ ਨਾਲ ਪ੍ਰਧਾਨਗੀ ਮੰਡਲ ਵਿੱਚ ਜ਼ਿਲ੍ਹਾ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਜਨਰਲ ਸਕੱਤਰ ਦਰਸ਼ਨ ਸਿੰਘ ਨੌਰਥ, ਵਿੱਤ ਸਕੱਤਰ ਕਰਨੈਲ ਸਿੰਘ ਸੇਖੋਂ, ਸੀਨੀ. ਮੀਤ ਪ੍ਰਧਾਨ ਆਰ.ਐਲ. ਪਾਂਧੀ, ਮੁੱਖ ਸਲਾਹਕਾਰ ਭੁਪਿੰਦਰ ਸਿੰਘ ਜੱਸੀ, ਜ਼ਿਲ੍ਹਾ ਭਵਾਨੀਗੜ੍ਹ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਜ਼ਿਲ੍ਹਾ ਧੂਰੀ ਦੇ ਪ੍ਰਧਾਨ ਚਰਨਜੀਤ ਕੈਥ, ਦਿੜ੍ਹਬਾ ਦੇ ਪ੍ਰਧਾਨ ਦਰਸ਼ਨ ਸਿੰਘ ਰੋਗਲਾ, ਸੁਨਾਮ ਦੇ ਡਾ. ਸਵਿੰਦਰ ਸਿੰਘ, ਲਹਿਰਾਗਾਗਾ ਦੇ ਪ੍ਰਧਾਨ ਜਰਨੈਲ ਸਿੰਘ, ਸ਼ੇਰਪੁਰ ਦੇ ਪ੍ਰਧਾਨ ਵੇਦ ਸਿੰਘ ਸਿੱਧੂ, ਮੂਨਕ ਦੇ ਮੇਘ ਸਿੰਘ, ਅਮਰਗੜ੍ਹ ਦੇ ਤੇਜਾ ਸਿੰਘ ਮੌਜੂਦ ਸਨ।ਜਨਰਲ ਸਕੱਤਰ ਦਰਸ਼ਨ ਸਿੰਘ ਨੌਰਥ ਵਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਸਭ ਤੋਂ ਪਹਿਲਾਂ ਜੋ ਸਾਥੀ ਤੇ ਪੈਨਸ਼ਨਰਾਂ ਦੇ ਰਿਸ਼ਤੇਦਾਰ ਪਿਛਲੇ 3 ਮਹੀਨਿਆਂ ਦੇ ਵਿੱਚ ਸਵਰਗਵਾਸ ਹੋ ਗਏ ਹਨ ਤੇ ਪਹਿਲਗਾਮ ਵਿਖੇ ਸਵਰਗਵਾਸ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗਾਂ ਦਾ ਸੱਦਾ ਦੇ ਕੇ ਮੀਟਿੰਗਾਂ ਮੁਲਤਵੀ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਪੈਨਸ਼ਨਰਾਂ ਦਾ 2.59 ਦਾ ਗੁਣਾਂਕ ਮੁਤਾਬਕ ਪੈਨਸ਼ਨਾਂ ਫਿਕਸ ਕੀਤੀਆਂ ਜਾਣ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ, ਮੈਡੀਕਲ ਭੱਤੇ ਵਿੱਚ ਵਾਧਾ ਕੀਤਾ ਜਾਵੇ, ਕੈਸ਼ਲੈੱਸ ਮੈਡੀਕਲ ਸਕੀਮ ਸੋਧਾਂ ਤਹਿਤ ਜਾਰੀ ਕੀਤੀ ਜਾਵੇ।

## ਚੰਦ ਭਾਨ ਐਕਸ਼ਨ ਕਮੇਟੀ ਨੇ ਵਿਧਾਇਕ ਦਾ ਪੁਤਲਾ ਫੂਕਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਪਿੰਡ ਚੰਦ ਭਾਨ ਦੇ ਮਜ਼ਦੂਰਾਂ ਨੂੰ ਇਨਸਾਫ ਨਾ ਦਿਵਾਉਣ ਦੇ ਰੋਸ ਵਜੋਂ ਚੰਦ ਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ 19, 20, 21 ਨੂੰ ਪਿੰਡਾਂ ਵਿੱਚ ਪੁਤਲੇ ਫੂਕਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ, ਅੱਜ ਆਖਰੀ ਦਿਨ ਪਿੰਡ ਔਲਖ ਦੇ ਆਮ ਲੋਕਾਂ ਤੇ ਮਜ਼ਦੂਰਾਂ ਨੇ ਚੰਦ ਭਾਨ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਆਪਣਾ ਰੋਸ ਪ੍ਰਗਟ ਕਰਦਿਆਂ ਪਿੰਡ ਔਲਖ ਵਿਖੇ ਵਿਧਾਇਕ ਅਮੋਲਕ ਸਿੰਘ ਦਾ ਪੁਤਲਾ ਫੂਕਿਆ।

ਮਜ਼ਦੂਰਾਂ ਦੀ ਅਗਵਾਈ ਕਰ ਰਹੇ ਚੰਦ ਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਦੇ ਕੋ-ਕਨਵੀਨਰ ਕਾਮਰੇਡ ਗੋਰਾ ਸਿੰਘ ਪਿਪਲੀ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਬਲਕਾਰ ਸਿੰਘ ਔਲਖ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ, ਰੇਸ਼ਮ ਸਿੰਘ ਜਟਾਣਾ, ਨਰੇਗਾ ਮਜ਼ਦੂਰਾਂ ਦੇ ਆਗੂ ਸਿਕੰਦਰ ਸਿੰਘ ਔਲਖ ਨੇ ਇਕੱਠੇ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਚੰਦ ਭਾਨ ਦੇ ਪੀੜਤ ਪਰਵਾਰ ਮਾਨਸਿਕ ਸੰਤਾਪ ਹੰਢਾ ਰਹੇ ਹਨ, ਕਿਉਂਕਿ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਉਨ੍ਹਾਂ ਵਿਰੁੱਧ ਦਰਜ ਕੀਤੇ ਹੋਏ ਮੁਕੱਦਮੇ ਨੂੰ ਕੈਂਸਲ ਨਹੀਂ ਕੀਤਾ ਜਾ ਰਿਹਾ ਤੇ ਮਜ਼ਦੂਰਾਂ ਉੱਤੇ ਗੋਲੀ ਚਲਾਉਣ ਵਾਲੇ ਧਨਾਢ ਗਮਦੂਰ ਸਿੰਘ ਤੇ ਉਸ ਦੇ ਨਾਲ ਦਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਪ੍ਰਸ਼ਾਸਨ ਜਾਣ-ਬੁੱਝ ਕੇ ਟਾਲਮਟੋਲ ਦੀ ਨੀਤੀ ਬਣਾ ਰਿਹਾ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਹੁਣ ਫਿਰ ਮਜ਼ਦੂਰ ਤੇ ਇਨਸਾਫ ਪਸੰਦ ਜਥੇਬੰਦੀਆਂ ਦੁਬਾਰਾ ਧਰਨਾ ਲਾਉਣ ਲਈ ਮਜਬੂਰ ਹੋਣਗੀਆਂ, ਜਿੰਨਾ ਚਿਰ ਮਜ਼ਦੂਰਾਂ ਨੂੰ ਇਨਸਾਫ ਨਹੀਂ ਮਿਲਦਾ, ਉਨੀ ਦੇਰ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੰਦ ਭਾਨ ਦੇ ਮਜ਼ਦੂਰਾਂ 'ਤੇ ਦਰਜ ਹੋਇਆ ਮੁਕੱਦਮਾ ਰੱਦ ਕੀਤਾ ਜਾਵੇ ਅਤੇ ਮਜ਼ਦੂਰਾਂ ਉੱਪਰ ਗੋਲੀ ਚਲਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਵੇ, ਜੇਕਰ ਸਰਕਾਰ ਨੇ ਟਾਲ ਮਟੋਲ ਵਾਲੀ ਨੀਤੀ ਜਾਰੀ ਰੱਖੀ ਤਾਂ ਮਜ਼ਦੂਰ ਕਿਸੇ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਹਟਣਗੇ। ਇਸ ਸਮੇਂ ਗੁਰਚਰਨ ਸਿੰਘ ਔਲਖ, ਜਸਵੰਤ ਸਿੰਘ ਔਲਖ, ਅਮਰ ਸਿੰਘ, ਬਲਵੀਰ ਸਿੰਘ ਆਦਿ ਆਗੂ ਹਾਜ਼ਰ ਸਨ।

## ਹਸਪਤਾਲ 'ਚੋਂ ਮੋਟਰਸਾਈਕਲ ਚੋਰੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਵਲ ਹਸਪਤਾਲ ਵਿੱਚੋਂ ਇਕ ਵਿਅਕਤੀ ਦਾ ਮੋਟਰਸਾਈਕਲ ਚੋਰੀ ਹੋ ਜਾਣ ਦੀ ਘਟਨਾ ਸਾਹਮਣੇ ਆਈ ਹੈ। ਪੁਲਸ ਨੇ ਅਣਪਛਾਤੇ ਵਿਅਕਤੀ ਵਿਰੁੱਧ 303 (2) ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਤਹਿਤ ਮਾਮਲਾ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਅਕਾਸ਼ਦੀਪ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਪਿੰਡ ਹਬੀਬ ਕੇ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 20 ਮਈ 2025 ਨੂੰ ਦੁਪਹਿਰ ਕਰੀਬ 12.30 ਵਜੇ ਉਹ ਆਪਣਾ ਮੋਟਰਸਾਈਕਲ ਸਿਵਲ ਹਸਪਤਾਲ ਵਿੱਚ ਖੜ੍ਹਾ ਕਰਕੇ ਗਿਆ ਸੀ, ਜਿਥੋਂ ਇੱਕ ਅਣਪਛਾਤਾ ਵਿਅਕਤੀ ਉਹ ਮੋਟਰਸਾਈਕਲ ਚੋਰੀ ਕਰਕੇ ਲੈ ਗਿਆ। ਸਹਾਇਕ ਥਾਣੇਦਾਰ ਅਯੂਬ ਮਸੀਹ ਦੇ ਅਨੁਸਾਰ ਮਾਮਲੇ ਦੀ ਜਾਂਚ ਜਾਰੀ ਹੈ ਤੇ ਮੋਟਰਸਾਈਕਲ ਦੀ ਤਲਾਸ਼ ਲਈ ਕਦਮ ਚੁੱਕੇ ਜਾ ਰਹੇ ਹਨ।

## ਟਿੱਕਾ ਗੈਸ ਏਜੰਸੀ ਵੱਲੋਂ ਖ਼ਪਤਕਾਰਾਂ ਨੂੰ ਕੇ ਵਾਈ ਸੀ ਕਰਵਾਉਣ ਦੀ ਅਪੀਲ

**ਮਾਨਸਾ (ਆਤਮਾ ਸਿੰਘ ਪਮਾਰ)**-ਇੰਡੇਨ ਗੈਸ ਕੰਪਨੀ ਦੁਆਰਾ ਗੈਸ ਕੁਨੈਕਸ਼ਨ ਧਾਰਕਾਂ ਲਈ ਕੇ.ਵਾਈ.ਸੀ. ਕਰਵਾਉਣੀ ਜ਼ਰੂਰੀ ਕਰ ਦਿੱਤੀ ਗਈ ਹੈ।ਇਸ ਸਬੰਧੀ ਟਿੱਕਾ ਗੈਸ ਏਜੰਸੀ ਦੇ ਪ੍ਰੋਪ. ਸੱਤਿਆ ਨਰੈਣ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਆਦੇਸ਼ਾਂ ਅਨੁਸਾਰ ਹਰ ਗੈਸ ਖਪਤਕਾਰ ਲਈ ਬਾਇਓਮੈਟ੍ਰਿਕ ਕੇ.ਵਾਈ.ਸੀ. ਕਰਵਾਉਣੀ ਜ਼ਰੂਰੀ ਹੈ ਤੇ ਅਜਿਹਾ ਨਾ ਕਰਵਾਉਣ ਲਈ ਖ਼ਪਤਕਾਰ ਦਾ ਗੈਸ ਕੁਨੈਕਸ਼ਨ ਬੰਦ ਵੀ ਹੋ ਸਕਦਾ ਹੈ।ਖਪਤਕਾਰ ਨੂੰ ਮਿਲਣ ਵਾਲੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਅੰਦਰ ਚੱਲ ਰਹੀ ਪ੍ਰਧਾਨ ਮੰਤਰੀ ਉੱਜਵਲ ਯੋਜਨਾ ਤਹਿਤ ਗੈਸ ਕੁਨੈਸ਼ਨਾਂ 'ਤੇ 322.79 ਰੁਪਏ ਤੇ ਹੋਰ ਕੁਨੈਕਸ਼ਨਾਂ 'ਤੇ 22.79 ਰੁਪਏ ਦੀ ਸਬਸਿਡੀ ਪ੍ਰਦਾਨ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਖਪਤਕਾਰ ਵੱਲੋਂ ਕੇ.ਵਾਈ.ਸੀ. ਨਹੀਂ ਕਰਵਾਈ ਜਾਂਦੀ ਤਾਂ ਸਬਸਿਡੀ ਬੰਦ ਹੋ ਜਾਵੇ ਤੇ ਪ੍ਰਸ਼ਾਨੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।ਉਨ੍ਹਾਂ ਦੱਸਿਆ ਕਿ ਕੇ.ਵਾਈ.ਸੀ. ਕਰਵਾਉਣ ਲਈ ਖਪਤਕਾਰ ਗੈਸ ਏਜੰਸੀ ਦੇ ਦਫ਼ਤਰ ਆ ਕੇ ਵੀ ਕੇ.ਵਾਈ.ਸੀ. ਕਰਵਾ ਸਕਦੇ ਹਨ।ਇਸ ਤੋਂ ਇਲਾਵਾ ਟਿੱਕਾ ਗੈਸ ਏਜੰਸੀ ਵੱਲੋਂ ਘਰ ਘਰ ਜਾ ਕੇ ਵੀ ਕੇ.ਵਾਈ.ਸੀ. ਕੀਤੀ ਜਾ ਰਹੀ ਹੈ।ਹੁਣ ਕੰਪਨੀ ਦੀਆਂ ਹਦਾਇਤਾਂ ਅਨੁਸਾਰ ਗੈਸ ਦੀ ਬੁਕਿੰਗ ਆਨ ਲਾਈਨ ਹੀ ਹੋਇਆ ਕਰੇਗੀ ਤੇ ਗਾਹਕ ਨੂੰ ਡੀ.ਏ.ਸੀ. ਕੋਡ ਦੇਣਾ ਲਾਜ਼ਮੀ ਹੋਵੇਗਾ, ਜਿਸ ਤੋਂ ਬਾਅਦ ਹੀ ਗੈਸ ਸਿਲੰਡਰ ਦੀ ਸਪਲਾਈ ਮਿਲੇਗੀ। ਉਨ੍ਹਾਂ ਅਪੀਲ ਕੀਤੀ ਕਿ ਖਪਤਕਾਰ ਵੱਧ ਤੋਂ ਵੱਧ ਆਨਲਾਈਨ ਬੁਕਿੰਗ ਤੇ ਡਿਜੀਟਲ ਪੇਮੈਂਟ ਕਰਨ ਦੀ ਖੇਚਲ ਕਰਨ।

## ਬੱਚਿਆਂ ਦੇ ਦਾਖਲੇ ਲਈ ਸਕੂਲ ਦੀ ਚੋਣ ਮਾਪਿਆਂ ਦਾ ਨਿੱਜੀ ਫੈਸਲਾ : ਡੀ ਟੀ ਐੱਫ

**ਸਮਰਾਲਾ (ਸੁਰਜੀਤ ਸਿੰਘ)**

ਚੰਗੀ ਤੋਂ ਚੰਗੀ ਸਿੱਖਿਆ ਪ੍ਰਾਪਤੀ ਲਈ ਆਪਣੇ ਬੱਚਿਆਂ ਕਿਸ ਸਕੂਲ ਵਿੱਚ ਦਾਖਲ ਕਰਾਉਣਾ ਹੈ, ਇਹ ਹਰ ਮਾਪੇ ਦਾ ਨਿੱਜੀ ਫ਼ੈਸਲਾ ਹੈ।ਉਸ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ ਕਿ ਉਹ ਬੱਚੇ ਨੂੰ ਕਿਸੇ ਵਿਸ਼ੇਸ਼ ਸਕੂਲ ਵਿਚ ਹੀ ਦਾਖਲ ਕਰਾਏ।ਇਹ ਵਿਚਾਰ ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ ਤੇ ਸਕੱਤਰ ਰੁਪਿੰਦਰਪਾਲ ਸਿੰਘ ਗਿੱਲ ਨੇ ਪ੍ਰਗਟ ਕੀਤੇ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਲੁਧਿਆਣਾ ਵੱਲੋਂ ਪੱਤਰ ਜਾਰੀ ਕਰਦਿਆਂ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਹੈ ਕਿ ਸਕੂਲ ਦੇ ਕਿਸੇ ਵੀ ਵਿਦਿਆਰਥੀ ਨੇ ਸਕੂਲ ਆਫ਼ ਐਮੀਨੈਂਸ ਦੇ ਦਾਖਲੇ ਸਬੰਧੀ ਟੈੱਸਟ ਪਾਸ ਕੀਤਾ ਹੈ ਤਾਂ ਉਸ ਵਿਦਿਆਰਥੀ ਨੂੰ ਜਿਸ ਸਕੂਲ ਆਫ਼ ਐਮੀਨੈਂਸ ਉਹ ਸਿਲੈਕਟ ਹੋਇਆ, ਉਹ ਉਸ ਵਿੱਚ ਹੀ ਦਾਖਲ ਕਰਾਉਣਾ ਯਕੀਨੀ ਬਣਾਇਆ ਜਾਵੇ।

ਡੀ.ਈ.ਓ ਨੇ ਚੇਤਾਵਨੀ ਦਿੱਤੀ ਕਿ ਅਣਗਹਿਲੀ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ।ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਲੁਧਿਆਣਾ ਨੇ ਡੀ.ਈ.ਓ. ਦਫ਼ਤਰ ਦੇ ਇਸ ਪੱਤਰ ਨੂੰ ਗੈਰ ਵਾਜਿਬ ਕਰਾਰ ਦਿੰਦਿਆਂ ਇਸ ਧਮਕਾਊ ਫ਼ਰਮਾਨ ਦਾ ਵਿਰੋਧ ਕੀਤਾ ਹੈ ਅਤੇ ਇਸ ਪੱਤਰ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਿਆਂ ਇਸ ਪੱਤਰ ਨੂੰ ਲੈ ਕੇ ਕਈ ਤਰ੍ਹਾਂ ਦੇ ਗੰਭੀਰ ਸਵਾਲ ਵੀ ਚੁੱਕੇ ਹਨ। ਡੀ.ਟੀ.ਐੱਫ. ਲੁਧਿਆਣਾ ਦੇ ਆਗੂਆਂ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਲੁਧਿਆਣੇ ਦੇ ਸਾਰੇ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਸਕੂਲ ਆਫ਼ ਐਮੀਨੈਂਸ ਦੀ ਦਾਖਲਾ ਪ੍ਰੀਖਿਆ ਪਾਸ ਕੀਤੀ ਹੈ, ਉਹਨਾਂ ਨੂੰ ਐਮੀਨੈਂਸ ਸਕੂਲਾਂ ਵਿੱਚ ਹੀ ਦਾਖਲ ਕਰਾਉਣ ਦੀ ਜ਼ਿੰਮੇਵਾਰੀ ਸਕੂਲ ਮੁਖੀਆਂ ਦੀ ਹੀ ਹੋਵੇਗੀ।ਅਣਗਹਿਲੀ ਦੀ ਸੂਰਤ ਵਿੱਚ ਅਨੁਸ਼ਾਸਨੀ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਡੀ ਈ ਓ ਦੇ ਇਸ ਫ਼ਰਮਾਨ ਦਾ ਡੈਮੋਕਰੇਟਿਕ ਟੀਚਰਜ਼ ਫਰੰਟ ਲੁਧਿਆਣਾ ਵੱਲੋਂ ਜ਼ੋਰਦਾਰ ਸ਼ਬਦਾਂ ਵਿੱਚ ਵਿਰੋਧ ਕੀਤਾ ਹੈ। ਡੀ.ਟੀ.ਐਫ. ਆਗੂਆਂ ਨੇ ਦੱਸਿਆ ਕਿ ਇੱਥੇ ਇਹ ਗੱਲ ਧਿਆਨ ਮੰਗਦੀ ਹੈ ਕਿ ਹਰੇਕ ਵਿਦਿਆਰਥੀ ਅਤੇ ਉਸਦੇ ਮਾਪਿਆਂ ਦਾ ਇਹ ਨਿੱਜੀ ਫੈਸਲਾ ਹੈ ਕਿ ਉਸਦਾ ਬੱਚਾ ਕਿਸ ਸਕੂਲ ਵਿੱਚ ਦਾਖਲ ਹੋਣਾ ਚਾਹੁੰਦਾ ਹੈ।ਬੇਸ਼ੱਕ ਉਨ੍ਹਾਂ ਨੇ ਸਕੂਲ ਆਫ ਐਮੀਨੈਂਸ ਦਾ ਐਂਟਰੈਂਸ ਟੈੱਸਟ ਪਾਸ ਕੀਤਾ ਹੋਵੇ, ਜੋ ਸਰਕਾਰੀ ਸਕੂਲ ਦੂਰੀ ਮੁਤਾਬਕ ਉਨ੍ਹਾਂ ਨੂੰ ਨੇੜੇ ਲੱਗਦਾ ਹੈ, ਉਹ ਉੱਥੇ ਆਪਣੀ ਮਰਜ਼ੀ ਮੁਤਾਬਕ ਦਾਖਲ ਹੋ ਸਕਦੇ ਹਨ, ਪਰ ਇਸ ਪੱਤਰ ਮੁਤਾਬਕ ਉਨ੍ਹਾਂ ਨੂੰ ਸਕੂਲ ਆਫ਼ ਐਮੀਨੈਂਸ ਵਿੱਚ ਹੀ ਦਾਖਲ ਕਰਾਉਣ ਲਈ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਬਣਾ ਦਿੱਤੀ ਗਈ ਹੈ, ਜੋ ਇੱਕ ਗੈਰ ਤਰਕ ਸੰਗਤ ਫੈਸਲਾ ਹੈ ।

## .ਗਰਮੀ ਦੇ ਕਹਿਰ ਕਾਰਨ ਸਕੂਲੀ ਸਮਾਂ ਬਦਲਣਾ ਜ਼ਰੂਰੀ : ਮਲਕੀਤ ਹਰਾਜ/ਲਖਵਿੰਦਰ ਸਿਮਕ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਸੂਬੇ ਵਿੱਚ ਵਧ ਰਹੀ ਗਰਮੀ ਦੇ ਕਹਿਰ ਕਾਰਨ ਪੂਰਾ ਜਨਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋ ਰਿਹਾ ਹੈ ਤੇ ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਤੇ ਪੈ ਰਿਹਾ ਹੈ, ਜਿਸ ਦੇ ਚੱਲਦਿਆਂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੀ ਜ਼ਿਲ੍ਹਾ ਇਕਾਈ ਫ਼ਿਰੋਜ਼ਪੁਰ ਨੇ ਸੂਬਾ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਸਕੂਲਾਂ ਦਾ ਸਮਾਂ ਬਦਲਣ ਲਈ ਸਹਾਇਕ ਕਮਿਸ਼ਨਰ ਫ਼ਿਰੋਜ਼ਪੁਰ (ਜ) ਹਰਜੋਤ ਕੌਰ ਪੀ.ਸੀ.ਐੱਸ. ਰਾਹੀਂ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਦਿੱਤਾ ਗਿਆ। ਡੀ.ਟੀ.ਐੱਫ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਹਰਾਜ , ਸਕੱਤਰ ਅਮਿਤ ਕੁਮਾਰ, ਸੀਨੀਅਰ ਮੀਤ ਪ੍ਰਧਾਨ ਦਵਿੰਦਰ ਨਾਥ ਅਤੇ ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਭਾਵੜਾ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿਚ ਪੈ ਰਹੀ ਅੱਤ ਦੀ ਗਰਮੀ ਕਾਰਨ ਸਕੂਲੀ ਬੱਚਿਆਂ ਦੀ ਸਿਹਤ ਨਾਲ ਸੰਬੰਧਤ ਬਹੁਤ ਸਾਰੀਆਂ ਮੁਸ਼ਕਲਾਂ ਆ ਰਹੀਆਂ ਹਨ ਅਤੇ ਬਹੁਤੀਆਂ ਥਾਵਾਂ 'ਤੇ ਬਿਜਲੀ ਦੇ ਕੱਟ ਲੱਗਣ ਕਾਰਨ ਹੋਰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਲਈ ਪੰਜਾਬ ਸਰਕਾਰ ਨੂੰ ਤੁਰੰਤ ਸਕੂਲਾਂ ਦਾ ਸਮਾਂ ਤਬਦੀਲ ਕਰਨ ਦੇ ਹੁਕਮ ਜਾਰੀ ਕਰਨੇ ਚਾਹੀਦੇ ਹਨ। ਜ਼ਿਲ੍ਹਾ ਆਗੂਆਂ ਨੇ ਗੁਰਵਿੰਦਰ ਸਿੰਘ ਖੋਸਾ, ਸੰਦੀਪ ਕੁਮਾਰ ਮੱਖੂ, ਮਨੋਜ ਕੁਮਾਰ, ਨਰਿੰਦਰ ਸਿੰਘ ਜੰਮੂ, ਸਵਰਨ ਸਿੰਘ ਜੋਸਨ, ਵਰਿੰਦਰਪਾਲ ਸਿੰਘ ਖਾਲਸਾ, ਸ਼ਾਮ ਸੁੰਦਰ ਨੇ ਕਿਹਾ ਕਿ ਸਕੂਲਾਂ ਦਾ ਸਮਾਂ ਸਵੇਰੇ 7.30 ਤੋਂ ਵਜੇ ਦੁਪਹਿਰ ਦੇ 12 ਵਜੇ ਤੱਕ ਕੀਤਾ ਜਾਵੇ, ਕਿਉਂਕਿ ਪੰਜਾਬ ਵਿਚ ਤਾਪਮਾਨ 46 ਡਿਗਰੀ ਤੋਂ ਪਾਰ ਹੋਣ ਕਰਕੇ ਸਕੂਲੀ ਬੱਚਿਆਂ ਨੂੰ ਗਰਮੀ ਵਿਚ ਸਕੂਲ ਆਉਣ ਅਤੇ ਜਾਣ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ ਤੇ ਛੋਟੇ ਸਕੂਲੀ ਬੱਚਿਆਂ ਉਪਰ ਗਰਮੀ ਦਾ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲ ਰਿਹਾ। ਉਨ੍ਹਾਂ ਪੰਜਾਬ ਸਰਕਾਰ, ਸਿੱਖਿਆ ਮੰਤਰੀ ਅਤੇ ਸਿੱਖਿਆ ਵਿਭਾਗ ਤੋਂ ਤੁਰੰਤ ਸਕੂਲਾਂ ਦਾ ਸਮਾਂ ਤਬਦੀਲ ਕਰਨ ਦੀ ਮੰਗ ਕੀਤੀ।

## ਗੁਰਤਾਗੱਦੀ ਦਿਵਸ ਮੌਕੇ ਗੁਰਮਤਿ ਸਮਾਗਮ

**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਸਾਹਿਬ ਹਰਿਗੋਬਿੰਦਪੁਰਾ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਮੌਕੇ ਵਿਸ਼ੇਸ਼ ਗੁਰਮਤਿ ਸਮਾਗਮ ਭਾਈ ਜਗਤਾਰ ਸਿੰਘ ਪ੍ਰਧਾਨ, ਹਰਪ੍ਰੀਤ ਸਿੰਘ ਪ੍ਰੀਤ, ਕੁਲਵੀਰ ਸਿੰਘ, ਬਲਵੰਤ ਕੌਰ ਇਸਤਰੀ ਸਤਿਸੰਗ ਸਭਾ ਦੀ ਦੇਖ-ਰੇਖ ਹੇਠ ਕੀਤਾ ਗਿਆ। ਵਿਦੇਸ਼ ਫੇਰੀ ਤੋਂ ਵਾਪਸ ਪਰਤੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਧਿਆਨ ਸਿੰਘ ਦੇ ਜਥੇ ਅਤੇ ਭਾਈ ਹਰਫੂਲ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ।ਭਾਈ ਸਤਵਿੰਦਰ ਸਿੰਘ ਭੋਲਾ ਹੈੱਡ ਗ੍ਰੰਥੀ ਨੇ ਬਾਬਾ ਬੁੱਢਾ ਜੀ ਵੱਲੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਬਖਸ਼ਣ, ਮੀਰੀ ਪੀਰੀ ਦੀਆਂ ਕਿਰਪਾਨਾਂ ਪਹਿਨਣ ਦੇ ਇਤਿਹਾਸ ਦਾ ਵਰਨਣ ਕੀਤਾ ਤੇ ਗੁਰੂ ਸਾਹਿਬ ਵੱਲੋਂ ਯੋਧਾ, ਪਰਉਪਕਾਰੀ, ਅਡੋਲਤਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਪ੍ਰਸੰਗ ਬਾਰੇ ਕਥਾ ਵਿਚਾਰ ਕੀਤੀ।ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸੰਗਤਾਂ ਨੂੰ ਗੁਰਤਾ ਗੱਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।ਭਾਈ ਲਾਭ ਸਿੰਘ ਝੰਮਟ ਵੱਲੋਂ ਗੁਰੂ ਇਤਿਹਾਸ ਸਬੰਧੀ ਕਵੀਸ਼ਰੀ ਗਾਇਨ ਕੀਤੀ ਗਈ। ਭਾਈ ਗੁਰਧਿਆਨ ਸਿੰਘ ਦੀ ਵਿਦੇਸ਼ ਫੇਰੀ ਦੌਰਾਨ ਭਾਈ ਹਰਫੂਲ ਸਿੰਘ ਵੱਲੋਂ ਰਾਗੀ ਜਥੇ ਦੀ ਸੇਵਾ ਨਿਭਾਉਣ 'ਤੇ ਪ੍ਰਬੰਧਕ ਕਮੇਟੀ ਵੱਲੋਂ ਜਗਤਾਰ ਸਿੰਘ, ਕੁਲਵੀਰ ਸਿੰਘ ਖ਼ਜ਼ਾਨਚੀ, ਹਮੀਰ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਰਸਵਿੰਦਰ ਸਿੰਘ ਟੁਰਨਾ, ਭਾਈ ਗੁਰਧਿਆਨ ਸਿੰਘ, ਭਾਈ ਸਤਵਿੰਦਰ ਸਿੰਘ ਭੋਲਾ, ਹਰਜੀਤ ਸਿੰਘ ਢੀਂਗਰਾ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਬੀਬੀ ਬਲਵੰਤ ਕੌਰ ਨੇ ਦੱਸਿਆ ਕਿ ਇਸਤਰੀ ਸਤਿਸੰਗ ਸਭਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਚੱਲ ਰਹੀ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਦੀ ਸਮਾਪਤੀ 25 ਮਈ ਨੂੰ ਸਵੇਰੇ 10 ਵਜੇ ਹੋਵੇਗੀ ਉਪਰੰਤ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਵਿਸ਼ਾਲ ਕੀਰਤਨ ਦਰਬਾਰ ਹੋਵੇਗਾ।

## ਡਾ. ਸਤਪਾਲ ਨਾਭਾ ਪ੍ਰਧਾਨ ਬਣੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ੍ਰੀ ਨੈਣਾਂ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ ਤੇ ਹਿਮਾਚਲ (ਰਜਿ:) ਦੀ ਸਾਲਾਨਾ ਜਨਰਲ ਮੀਟਿੰਗ ਸ੍ਰੀ ਨਵ ਦੁਰਗਾ ਮਾਤਾ ਮੰਦਰ ਸਰਾਫਾ ਨਗਰ ਲੁਧਿਆਣਾ ਵਿਖੇ ਹੋਈ।ਇਸ ਸਾਲ ਕਮੇਟੀ ਦੀ ਟਰਮ ਪੂਰੀ ਹੋਣ ਕਾਰਨ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਕਮੇਟੀ ਦੇ ਸਰਪ੍ਰਸਤ ਤੇ ਜੈ ਸ਼ਕਤੀ ਭੰਡਾਰਾ ਸੁਸਾਇਟੀ ਦੇ ਪ੍ਰਧਾਨ ਅਜੀਤ ਪਾਲ ਜੱਗਾ (ਟੋਨੀ) ਨੂੰ ਕਮੇਟੀ ਦੀ ਚੋਣ ਦੇ ਸਬੰਧ ਵਿੱਚ ਮੁੱਖ ਵਿਚਾਰ ਵਿਟਾਂਦਰਾ ਕਰਨ ਲਈ ਕਿਹਾ ਗਿਆ।ਚੋਣ ਵਿੱਚ ਸਰਬਸੰਮਤੀ ਨਾਲ ਡਾ. ਸਤਪਾਲ ਨਾਭਾ ਨੂੰ ਪ੍ਰਧਾਨ ਬਣਾਇਆ ਗਿਆ। ਜੈ ਸ਼ਕਤੀ ਭੰਡਾਰਾ ਸੁਸਾਇਟੀ ਦੇ ਸੀਨੀਅਰ ਮੈਂਬਰ ਜਗਦੀਸ਼ ਕੁਮਾਰ ਸਿੰਗਲਾ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਡਾ. ਪਵਨ ਕੁਮਾਰ ਸ਼ਰਮਾ ਸੈਕਟਰੀ ਬਣਾਇਆ ਗਿਆ।ਸਰਪ੍ਰਸਤ ਅਜੀਤਪਾਲ ਟੋਨੀ ਜੱਗਾ ਨੇ ਕਿਹਾ ਕਿ ਮਹਾਂਮਾਈ ਦੀ ਅਪਾਰ ਕ੍ਰਿਪਾ ਸਦਕਾ ਨਿਰਾਂ ਕੇ ਸਾਉਣ ਮਹੀਨੇ 'ਚ ਲੰਗਰ ਜਾਣ ਵਾਲੇ ਲੰਗਰ ਲਈ ਬਿਹਤਰ ਇੰਤਜ਼ਾਮ ਕੀਤੇ ਜਾਣਗੇ ਤਾਂ ਜੁ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

## ਲਖਮੀਰ ਕੇ ਉਤਾੜ ਤੋਂ ਜੇਤੂ ਸਰਪੰਚ ਨੇ ਵਿਧਾਇਕ ਤੋਂ ਲਿਆ ਆਸ਼ੀਰਵਾਦ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਗ੍ਰਾਮ ਪੰਚਾਇਤ ਲਖਮੀਰ ਕੇ ਉਤਾੜ ਤੋਂ ਸਰਪੰਚ ਦੀ ਹੋਈ ਚੋਣ ਦੌਰਾਨ ਜੇਤੂ ਸਰਪੰਚ ਗੁਰਮੀਤ ਕੌਰ ਦੇ ਪਤੀ ਬਲਵੀਰ ਸਿੰਘ ਨੇ ਹਲਕਾ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਕੁਮਾਰ ਦਹੀਆ ਦਾ ਮੂੰਹ ਮਿੱਠਾ ਕਰਾ ਕੇ ਉਨ੍ਹਾਂ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਹਰਪ੍ਰੀਤ ਸਿੰਘ ਹੱਪੀ ਸੀਨੀਅਰ ਆਗੂ ਆਮ ਆਦਮੀ ਪਾਰਟੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਹਲਕਾ ਵਿਧਾਇਕ ਰਜਨੀਸ਼ ਕੁਮਾਰ ਦਹੀਆ ਨੇ ਕਿਹਾ ਕਿ ਪਿੰਡ ਲਖਮੀਰ ਕੇ ਉਤਾੜ ਦੇ ਵਿਕਾਸ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਪੂਰੀ ਪੰਚਾਇਤ ਰਲ-ਮਿਲ ਕੇ ਪਿੰਡ ਦੇ ਵਿਕਾਸ ਕੰਮ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵਿਕਾਸ ਕੰਮਾਂ ਦੀ ਹਨੇਰੀ ਲਿਆਂਦੀ ਹੋਈ ਹੈ। ਉਨ੍ਹਾਂ ਕਿਹਾ ਕਿ ਸਮੂਹ ਪੰਚਾਇਤਾਂ ਦੀ ਤਰ੍ਹਾਂ ਸਾਰੇ ਰਲ-ਮਿਲ ਕੇ ਸੂਬੇ ਵਿੱਚੋ ਨਸ਼ਾ ਮੁਕਤੀ ਤਹਿਤ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਵੀ ਰਲ ਮਿਲ ਕੇ ਯਤਨ ਕੀਤੇ ਜਾਣ।

## ਝੋਨੇ ਦੇ ਸੀਜ਼ਨ ਲਈ 8 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ : ਭਾਕਿਯੂ ਬਹਿਰਾਮਕੇ



**ਕੋਟ ਈਸੇ ਖਾਂ (ਅਰੋੜਾ)**-ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਬਾਬਾ ਝੁੱਗੀ ਵਾਲੇ ਦੇ ਅਸਥਾਨ 'ਤੇ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ, ਬਾਜ ਸਿੰਘ ਸੰਗਲਾ ਐਗਜਿਕਟਿਵ ਮੈਂਬਰ ਪੰਜਾਬ, ਮਲੂਕ ਸਿੰਘ ਮਸਤੇਵਾਲਾ ਅਗਜੈਕਟਿਵ ਮੈਂਬਰ ਪੰਜਾਬ, ਜਗੀਰ ਸਿੰਘ ਸਾਦੀਵਾਲਾ ਸੂਬਾ ਆਗੂ, ਤੋਤਾ ਸਿੰਘ ਬਹਿਰਾਮਕੇ ਅਗਜੈਕਟਿਵ ਮੈਂਬਰ ਪੰਜਾਬ, ਜਗੀਰ ਸਿੰਘ ਫੌਜੀ ਹੈੱਡ ਕੈਸ਼ੀਅਰ, ਕੈਪਟਨ ਬਹਾਦਰ ਸਿੰਘ, ਬਿੱਕਰ ਸਿੰਘ ਅਗਜੈਕਟਿਵ ਮੈਂਬਰ, ਮੁਖਤਿਆਰ ਸਿੰਘ ਚੱਕ ਸਿੰਘ ਪੁਰਾ, ਗੁਰਮੇਲ ਸਿੰਘ ਗਿੱਲ ਸ਼ਹਿਰੀ ਪ੍ਰਧਾਨ ਧਰਮਕੋਟ, ਸਵਰਨ ਸਿੰਘ ਬਲਾਕ ਪ੍ਰਧਾਨ, ਬਲਵੀਰ ਸਿੰਘ ਮਾਨ ਸੰਗਲਾ, ਜੀਤ ਸਿੰਘ ਅਮੀਵਾਲਾ ਇਨ੍ਹਾਂ ਆਗੂਆਂ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿਚ ਇਕਾਈਆਂ ਦੇ ਪ੍ਰਧਾਨ ਤੇ ਵਰਕਰ ਹਾਜ਼ਰ ਹੋਏ।ਬੁਲਾਰਿਆਂ ਨਕਿਹਾ ਕਿ ਝੋਨੇ ਦਾ ਪੇਡ਼ੀ ਸੀਜਨ ਪੰਜਾਬ 'ਚ 1 ਜੂਨ ਤੋਂ ਸੁਰੂ ਹੋ ਰਿਹਾ ਹੈ।ਓਵਰਲੋਡ ਟ੍ਰਾਂਸਫਾਰਮਰ ਅੰਡਰ ਕੀਤੇ ਜਾਣ ਤੇ ਢਿੱਲੀਆਂ ਤਾਰਾ ਖਿੱਚ ਕੇ ਸਹੀ ਕੀਤੀਆਂ ਜਾਣ।ਜਥੇਬੰਦੀ ਵੱਲੋਂ ਮੰਗ ਕੀਤੀ ਜਾਂਦੀ ਹੈ ਕਿ ਪੇਡ਼ੀ ਸੀਜਨ ਵਾਸਤੇ 8 ਘੰਟੇ ਦਿਹਾਤੀ ਸਪਲਾਈ ਨਿਰਵਿਘਨ ਯਕੀਨੀ ਬਣਾਈ ਜਾਵੇ ਤਾਂ ਜੁ ਪੇਡ਼ੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ।ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੁਲਿਸ ਵੱਲੋਂ ਬਾਬਾ ਝੁੱਗੀ ਵਾਲੇ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਫੌਜੀ 'ਤੇ ਬੇਬੁਨਿਆਦ ਐਫ ਆਈ ਆਰ ਦਰਜ ਕੀਤੀ ਹੈ, ਜਥੇਬੰਦੀ ਉਸ ਦਾ ਖੰਡਨ ਕਰਦੀ ਹੇ ਅਤੇ ਇਸ ਤਰ੍ਹਾਂ ਕਰਨ ਨਾਲ ਕਿਸੇ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।

## ਸਾਬਕਾ ਵਿਧਾਇਕ ਵੱਲੋਂ ਸਕੂਲ ਨੂੰ ਵਾਟਰ ਕੂਲਰ ਤੇ ਆਰ.ਓ. ਭੇਟ




**ਭੀਖੀ (ਧਰਮਵੀਰ ਸ਼ਰਮਾ)**-ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੱਲੋਂ ਪਿੰਡ ਹਮੀਰਗੜ੍ਹ ਢੈਪਈ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ 45 ਹਜ਼ਾਰ ਰੁਪਏ ਦੀ ਲਾਗਤ ਵਾਲਾ ਆਰ. ਓ. ਸਿਸਟਮ ਤੇ ਵਾਟਰ ਕੂਲਰ ਭੇਟ ਕੀਤਾ।ਇਸ ਮੌਕੇ ਉਨ੍ਹਾਂ ਇਕੱਤਰ ਪਤਵੰਤਿਆਂ, ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਖਿੱਤੇ ਦਾ ਜਮੀਨਦੋਜ਼ ਪਾਣੀ ਪੀਣਯੋਗ ਨਹੀਂ ਅਤੇ ਇਸ ਵਿੱਚ ਕਈ ਅਜਿਹੇ ਹਾਨੀਕਾਰਕ ਰਸਾਇਣ ਪਾਏ ਜਾ ਰਹੇ ਹਨ, ਜੋ ਇਨਸਾਨੀ ਸਰੀਰ ਲਈ ਬੇਹੱਦ ਘਾਤਕ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ ਸਥਾਨਾਂ ਲਈ ਦਾਨ ਕਰਨ ਵਿੱਚ ਅੱਗੇ ਆਉਣ ਤਾਂ ਜੋ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ ਅਤੇ ਉਹ ਸਿਹਤਮੰਦ ਵੀ ਰਹਿਣ।ਉਨ੍ਹਾਂ ਕਿਹਾ ਕਿ ਉਹ ਵੱਖ ਵੱਖ ਸਮਾਜ ਸੇਵੀ ਕਾਰਜਾਂ ਦੇ ਨਾਲ ਨਾਲ ਸਿੱਖਿਆ ਸਥਾਨਾਂ ਦੀਆਂ ਲੋੜੀਂਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਨਿੱਜੀ ਤੌਰ 'ਤੇ ਆਪਣੀ ਪੂਰੀ ਵਾਹ ਲਗਾਉਂਦੇ ਹਨ।ਇਸ ਮੌਕੇ ਸਰਪੰਚ ਰਣਜੀਤ ਕੌਰ, ਸਮਾਜ ਸੇਵੀ ਅਮਰਿੰਦਰ ਸਿੰਘ ਜੱਸੜ, ਮੁੱਖ ਅਧਿਆਪਕਾ ਮਨਦੀਪ ਕੌਰ, ਸਮਾਜ ਸੇਵੀ ਤੋਤਾ ਰਾਮ, ਸੁਖਪਾਲ ਸਿੰਘ, ਸ਼ਿੰਦਰ ਕੌਰ ਪੰਚ, ਪ੍ਰਦੀਪ ਸਿੰਘ ਪੰਚ, ਗੁਰਸੇਵਕ ਸਿੰਘ ਪੰਚ, ਕਾਕਾ ਸਿੰਘ, ਕੁਲਵਿੰਦਰ ਸਿੰਘ ਤੋਂ ਇਲਾਵਾ ਸਕੂਲ ਸਟਾਫ ਤੇ ਪਤਵੰਤੇ ਮੌਜੂਦ ਸਨ।

## ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਡਾਕਟਰਾਂ ਦਾ ਸਨਮਾਨ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਰਕਾਰੀ ਹਸਪਤਾਲ ਵਿੱਚ ਚਮੜੀ ਤੇ ਨੱਕ ਕੰਨ ਗਲ਼ੇ ਦੇ ਡਾਕਟਰ ਦੀ ਪੋਸਟ ਕਾਫ਼ੀ ਸਮੇਂ ਤੋਂ ਖ਼ਾਲੀ ਪਈ ਸੀ।ਹੁਣ ਹਲਕਾ ਵਿਧਾਇਕ ਸ੍ਰੀ ਬੁੱਧ ਰਾਮ ਦੇ ਯਤਨਾਂ ਸਦਕਾ ਚਮੜੀ ਡਾਕਟਰ ਔਰੇਲੀਆ ਗੋਇਲ ਤੇ ਨੱਕ ਕੰਨ ਗਲ਼ੇ ਦੇ ਡਾਕਟਰ ਨੀਤਨ ਨੇ ਆਪਣੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ।ਸਥਾਨਕ ਨਿਵਾਸੀਆਂ ਦੀ ਬਹੁਤ ਵੱਡੀ ਮੰਗ ਪੂਰੀ ਹੋ ਗਈ ਹੈ।ਦੋਨੋਂ ਡਾਕਟਰ ਬਹੁਤ ਮਾਹਰ ਡਾਕਟਰ ਹਨ।ਸਥਾਨਕ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਇਨ੍ਹਾਂ ਦੋਵਾਂ ਡਾਕਟਰਾਂ ਨੂੰ ਬੁੱਕੇ ਤੇ ਸਨਮਾਨ ਚਿੰਨ੍ਹ ਦੇ ਕੇ ਸਵਾਗਤ ਕੀਤਾ ਗਿਆ।ਇਸਦੇ ਨਾਲ ਹੀ ਹਲਕਾ ਵਿਧਾਇਕ ਸ੍ਰੀ ਬੁੱਧ ਰਾਮ ਦਾ ਵੀ ਧੰਨਵਾਦ ਕੀਤਾ ਗਿਆ।ਇਸ ਮੌਕੇ ਸੰਸਥਾ ਮੈਂਬਰ ਮਾਸਟਰ ਕੁਲਵੰਤ ਸਿੰਘ, ਕੁਲਵਿੰਦਰ ਸਿੰਘ ਈ ਓ, ਸੋਹਣ ਸਿੰਘ ਕਣਕਵਾਲੀਆ, ਦਵਿੰਦਰਪਾਲ ਸਿੰਘ ਲਾਲਾ, ਰਜਿੰਦਰ ਸਿੰਘ ਭੋਲਾ, ਇੰਦਰਜੀਤ ਸਿੰਘ ਟੋਨੀ, ਮਹਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

## ਵੱਖਰਾ ਫੀਡਰ ਸਥਾਪਤ ਕਰਨ ਲਈ ਬਹਿਲੋਲਪੁਰ ਵਾਸੀਆਂ ਵੱਲੋਂ ਐੱਸ ਡੀ ਓ ਨੂੰ ਮੰਗ ਪੱਤਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਾਵਰਕਾਮ ਵਿਭਾਗ ਨੂੰ ਪਿੰਡ ਬਹਿਲੋਲਪੁਰ ਦੇ ਵਾਸੀਆਂ ਵੱਲੋਂ ਇੱਕ ਮੰਗ ਪੱਤਰ ਦੇ ਕੇ ਵੱਖਰਾ ਫੀਡਰ ਸਥਾਪਤ ਕਰਨ ਦੀ ਮੰਗ ਕੀਤੀ ਹੈ। ਪਿੰਡ ਬਹਿਲੋਲਪੁਰ ਦੇ ਵਾਸੀ ਨੰਬਰਦਾਰ ਹਰਦੀਪ ਸਿੰਘ, ਹਰਭਜਨ ਸਿੰਘ, ਕੁਲਵਿੰਦਰ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਹਰਪਾਲ ਸਿੰਘ, ਅਮਨਦੀਪ ਸਿੰਘ, ਗੁਰਮੇਲ ਸਿੰਘ, ਸੋਹਣ ਸਿੰਘ, ਕੁਲਦੀਪ ਸਿੰਘ, ਰਾਜਵਿੰਦਰ ਕੌਰ, ਜਸਵੀਰ ਕੌਰ ਨੇ ਬਿਜਲੀ ਵਿਭਾਗ ਦੇ ਐੱਸ.ਡੀ.ਓ. ਨੂੰ ਇੱਕ ਮੰਗ ਪੱਤਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਪਿੰਡ ਵਿੱਚ ਬਿਜਲੀ ਦੀ ਕਾਫ਼ੀ ਸਮੱਸਿਆ ਰਹਿੰਦੀ ਹੈ, ਜਿਸ ਦੇ ਹੱਲ ਲਈ ਪਿੰਡ ਵਿੱਚ ਵੱਖਰਾ ਫੀਡਰ ਸਥਾਪਤ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ 4 ਤੋਂ 5 ਆਟਾ ਚੱਕੀਆਂ ਹਨ ਤੇ ਕਾਫ਼ੀ ਘਰ ਪਿੰਡ ਦੇ ਬਾਹਰ ਡੇਰਿਆਂ ਵਿੱਚ ਵੀ ਰਹਿੰਦੇ ਹਨ। ਇਸ ਤੋਂ ਇਲਾਵਾ ਬਹਿਲੋਲਪੁਰ ਪਿੰਡ ਦਾ ਫੀਡਰ ਕਈ ਪਿੰਡਾਂ ਨਾਲ ਜੁੜਿਆ ਹੈ ਅਤੇ ਜਦੋਂ ਕਦੇ ਬਿਜਲੀ ਸਪਲਾਈ 'ਚ ਨੁਕਸ ਪੈਂਦਾ ਹੈ ਤਾਂ ਸਾਰਾ ਫੀਡਰ ਬੰਦ ਹੁੰਦਾ ਹੈ, ਜਿਸ ਲਈ ਉਹ ਵੱਖਰਾ ਫੀਡਰ ਬਣਾਉਣ ਦੀ ਮੰਗ ਕਰਦੇ ਹਨ।

# ਬੇਰੁਜ਼ਗਾਰੀ ਤੇ ਨਸ਼ਿਆਂ ਵਿਰੁੱਧ 24 ਨੂੰ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਲਈ ਨੌਜਵਾਨਾਂ 'ਚ ਭਾਰੀ ਉਤਸ਼ਾਹ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-** ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਬੇਰੁਜ਼ਗਾਰੀ ਤੇ ਨਸ਼ਿਆਂ ਵਿਰੁੱਧ ਜਿਹੜੀ 24 ਮਈ ਨੂੰ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ ਉਸ ਲਈ ਨੌਜਵਾਨਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਨੌਜਵਾਨਾਂ ਸਭਾ ਦੇ ਸੈਕਟਰੀ ਸੁੱਚਾ ਸਿੰਘ ਘੋਗਾ, ਸਭਾ ਦੇ ਵਿੱਤ ਸਕੱਤਰ ਗਾਇਕ ਗੁਰਪਾਲ ਗਿੱਲ ਸੈਦਪੁਰ, ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਡੱਲਾ ਤੇ ਨੌਜਵਾਨ ਸੀਨੀਅਰ ਆਗੂ ਡਾਕਟਰ ਬਲਵਿੰਦਰ ਸਿੰਘ ਬੱਲ ਲੱਬੇ ਦਰਿਆ ਆਗੂ ਪਿੰਡ ਪਿੰਡ ਨੌਜਵਾਨਾਂ ਦੀਆਂ ਮੀਟਿੰਗਾਂ ਕਰ ਰਹੇ ਹਨ। ਅਜਿਹੀ ਇੱਕ ਨੌਜਵਾਨਾਂ ਦੀ ਮੀਟਿੰਗ ਡੱਲਾ ਰਾਜਪੂਤਾਂ ( ਪੱਕਾ ਡੱਲਾ ) ਵਿਖੇ ਕਾਲਾ ਸਿੰਘ ਮੈਂਬਰ ਪੰਚਾਇਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਆਲ਼ੇ ਦੁਆਲ਼ੇ ਦੇ ਪਿੰਡਾਂ ਦੇ ਨੌਜਵਾਨ ਪ੍ਰਤੀਨਿਧਾਂ ਨੇ ਭਾਗ ਲਿਆ। ਇਥੇ ਵਿਸ਼ੇਸ਼ ਤੌਰ 'ਤੇ ਭਰਾਤਰੀ ਜਥੇਬੰਦੀ ਵੱਲੋਂ ਸਹਿਯੋਗ ਦੇਣ ਲਈ ਪਹੁੰਚੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਨੌਜਵਾਨਾਂ ਨੂੰ ਅਹਿਸਾਸ ਕਰਾਇਆ ਕਿ ਤੁਸੀਂ ਦੇਸ਼ ਦੇ ਥੰਮ੍ਹ ਤੇ ਨਿਰਮਾਣਕਾਰੀ ਹੋ, ਪੰਜਾਬ ਸਮੇਤ ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੀ ਅਬਾਦੀ ਦਾ ਤਕਰੀਬਨ 65 ਪ੍ਰੀਸ਼ਦ ਹਿੱਸਾ ਨੌਜਵਾਨ ਹਨ। ਜੇਕਰ ਦੇਸ਼ ਅਤੇ ਸੂਬੇ ਦੀਆਂ ਸਰਕਾਰਾਂ ਨੌਜਵਾਨਾਂ ਲਈ ਚੰਗੇਰੀ ਵਿੱਦਿਆ, ਮੁਫ਼ਤ ਸਿਹਤ ਅਤੇ ਰੁਜ਼ਗਾਰ ਦੀ ਪੱਕੀ ਗਰੰਟੀ ਬਣਾਵੇ ਤਾਂ ਸਮਾਜ ਵਿੱਚੋਂ ਨਸ਼ੇ ਦੀ ਲਾਹਨਤ, ਹਰ ਪ੍ਰਕਾਰ ਦੀਆਂ ਸਮਾਜਿਕ ਬੁਰਾਈਆਂ ਚੋਰੀਆਂ, ਡਾਕੇ, ਕਤਲੋਗਾਰਤ ਤੇ ਗੁੰਡਾਗਰਦੀ ਆਦਿ ਨੂੰ ਜੜ੍ਹੋਂ ਪੁੱਟਿਆ ਜਾ ਸਕੇ। ਇਸ ਮੌਕੇ ਨੌਜਵਾਨ ਸਭਾ ਦੇ ਸੀਨੀਅਰ ਆਗੂ ਸ਼ਮਸ਼ੇਰ ਸਿੰਘ ਡੱਲਾ ਨੇ ਵਿਸ਼ਵਾਸ ਦਿਵਾਇਆ ਕਿ ਭਾਰਤ- ਪਾਕਿ ਸਰਹੱਦੀ ਪਿੰਡਾਂ ਦੇ ਨੌਜਵਾਨ ਮੁੰਡੇ ਤੇ ਕੁੜੀਆਂ ਵੱਡੀ ਗਿਣਤੀ ਵਿਚ ਬੱਸਾਂ ਰਾਹੀਂ ਜਲੰਧਰ 24 ਮਈ ਦੀ ਕਨਵੈਨਸ਼ਨ ਵਿੱਚ ਵੱਧ ਚੜ੍ਹ ਕੇ ਭਾਗ ਲੈਣਗੇ । ਅਜਿਹੀ ਹੀ ਇੱਕ ਵਿਸ਼ੇਸ਼ ਮੀਟਿੰਗ ਨੌਜਵਾਨ ਆਗੂ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਜੋਸ਼ ਵਿਖੇ ਹੋਈ ਜਿਸ ਮੀਟਿੰਗ ਦੀ ਵਿਸ਼ੇਸ਼ਤਾ ਹੈ ਕਿ ਜਿੱਥੇ ਵੱਡੀ ਗਿਣਤੀ ਚੇ ਨੌਜਵਾਨਾਂ ਨੇ ਸ਼ਿਰਕਤ ਕੀਤੀ ਉੱਥੇ ਉਹਨਾਂ ਦੇ ਵਾਲਦਾਨ ਵੀ ਪੁੱਜੇ। ਮੀਟਿੰਗ 'ਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਦੀ ਨੌਜਵਾਨਾਂ ਨੇ ਆਪਣੀ ਜਥੇਬੰਦੀ ਬਣਾਈ ਹੈ ਉਦੋਂ ਤੋਂ ਸਾਡੇ ਪਿੰਡ ਵਿੱਚ ਸਮਾਜਿਕ ਬੁਰਾਈਆਂ ਵਿੱਚ ਕਮੀ ਆਈ ਹੈ ਅਤੇ ਨੌਜਵਾਨ ਪਿੰਡ ਦੇ ਸਾਂਝਿਆਂ ਕੰਮਾਂ ਵਿੱਚ ਦਿਲਚਸਪੀ ਲੈ ਲੱਗ ਪਏ ਹਨ। ਸਾਡੇ ਪਿੰਡ ਵਿੱਚੋਂ ਇੱਕ ਬੱਸ ਨੌਜਵਾਨਾਂ ਦੀ ਜਲੰਧਰ ਪਹੁੰਚੇਗੀ। ਅਜਿਹੀ ਨੌਜਵਾਨਾਂ ਦੀਆਂ ਭਰਵੀਂ ਮੀਟਿੰਗ ਬਲਕਾਰ ਸਿੰਘ ਗੁੱਲਗੜ ਦੀ ਅਗਵਾਈ ਵਿੱਚ ਗੁੱਲਗੜ ਵਿਖੇ ਹੋਈ। ਇਸੇ ਤਰ੍ਹਾਂ ਸਰਹੱਦੀ ਪਿੰਡ ਘੋਗਾ ਵਿਖੇ ਸੁੱਚਾ ਸਿੰਘ ਘੋਗਾ ਦੀ ਅਗਵਾਈ ਵਿੱਚ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਨਾਅਰੇ ਮਾਰਦਿਆਂ 24 ਮਈ ਜਲੰਧਰ ਚੱਲੋ ਦੀਆਂ ਗੂੰਜਾਂ ਪਾਈਆਂ। ਇਹਨਾਂ ਮੀਟਿੰਗਾਂ ਨੂੰ ਹੋਰਨਾਂ ਤੋਂ ਇਲਾਵਾ ਨੌਜਵਾਨ ਸਭਾ ਦੇ ਸੀਨੀਅਰ ਆਗੂ ਸਤਵਿੰਦਰ ਸਿੰਘ ਉਠੀਆਂ, ਬਲਕਾਰ ਸਿੰਘ ਤੇ ਜਸਕਰਨ ਸਿੰਘ ਜੋਸ਼, ਕਸ਼ਮੀਰ ਸਿੰਘ ਦੀਨੇਵਾਲ, ਸ਼ਮਸ਼ੇਰ ਸਿੰਘ ਮਟੀਆ, ਅਮਰਜੀਤ ਸਿੰਘ ਭਿੰਡੀ ਸੈਦਾਂ, ਦਵਿੰਦਰ ਸਿੰਘ ਰਿਆੜ ਆਦਿ ਨੇ ਵੀ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜਲੰਧਰ ਰੈਲੀ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਪਹੁੰਚਣ ਲਈ ਵਿਸ਼ਵਾਸ ਦਿਵਾਇਆ। ਇਹਨਾਂ ਮੀਟਿੰਗਾਂ 'ਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ 'ਤੇ ਪੁਲਸ ਦੀ ਲਾਪਰਵਾਹੀ ਕਾਰਨ ਹੋਏ ਜਾਨਲੇਵਾ ਹਮਲੇ ਦੀ ਨਿਖੇਧੀ ਕੀਤੀ ਅਤੇ ਪੁਰਜ਼ੋਰ ਮੰਗ ਕੀਤੀ ਕਿ ਜੇਕਰ ਦੋਸ਼ੀਆਂ ਨੂੰ 24 ਤਰੀਕ ਤੱਕ ਗ੍ਰਿਫ਼ਤਾਰ ਨਾ ਕੀਤਾ ਤਾਂ ਇਲਾਕੇ ਦੀਆਂ ਜਨਤਕ ਜਥੇਬੰਦੀਆਂ 26 ਮਈ ਨੂੰ ਥਾਣਾ ਅਜਨਾਲਾ ਸਾਹਮਣੇ ਧਰਨਾ ਦੇਣ ਲਈ ਮਜਬੂਰ ਹੋਣਗੀਆਂ ।

# ਵੱਖ-ਵੱਖ 9 ਪਿੰਡਾਂ ਅੰਦਰ ਨਸ਼ਾ ਮੁਕਤੀ ਯਾਤਰਾ ਅਧੀਨ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅੱਗੇ ਆਉਣ ਦੀ ਕੀਤੀ ਅਪੀਲ




**ਪਠਾਨਕੋਟ (ਦਵਿੰਦਰ ਸਿੰਘ)-** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਨਸ਼ਿਆਂ ਅੰਦਰ ਪਿੰਡ ਪਿੰਡ ਪਹੁੰਚ ਕਰਕੇ ਲੋਕਾਂ ਨੂੰ ਪੰਜਾਬ ਨਸ਼ਾ ਮੁਕਤ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਵੀ ਜ਼ਿਲ੍ਹਾ ਪਠਾਨਕੋਟ ਦੇ ਵੱਖ ਵੱਖ 9 ਪਿੰਡਾਂ ਅੰਦਰ ਨਸ਼ਾ ਮੁਕਤੀ ਯਾਤਰਾ ਅਧੀਨ ਪ੍ਰੋਗਰਾਮ ਆਯੋਜਿਤ ਕਰਕੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਜਕਰੌਰ, ਚਸਮਾਂ ਅਤੇ ਸੇਰਵਾਲ ਅੰਦਰ ਨਸ਼ਾ ਮੁਕਤੀ ਯਾਤਰਾ ਦੌਰਾਨ ਸੰਬੋਧਨ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਠਾਕੁਰ ਮਨੋਹਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਨਰੋਟ ਜੈਮਲ ਸਿੰਘ, ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਸੈਲ ਪਠਾਨਕੋਟ, ਵਿਜੇ ਕੁਮਾਰ ਕਟਾਰੂਚੱਕ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਪ੍ਰਤਾਪ ਪਠਾਨੀਆ, ਭੁਪਿੰਦਰ ਸਿੰਘ ਮੁੰਨਾ, ਸਰਪੰਚ ਅਸ਼ਵਨੀ ਕੁਮਾਰ, ਰੋਹਿਤ ਸਿਆਲ, ਕੁਲਦੀਪ ਰਕਵਾਲ ਬਲਾਕ ਪ੍ਰਧਾਨ, ਡਾ. ਸੁਰਜੀਤ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਜਕਰੌਰ, ਚਸਮਾਂ ਅਤੇ ਸੇਰਵਾਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਅਧੀਨ ਹੀ ਨਸ਼ਾ ਮੁਕਤੀ ਯਾਤਰਾ ਕੱਢੀ ਗਈ ਜਿਸ ਅਧੀਨ ਅੱਜ ਵੱਖ ਵੱਖ ਪਿੰਡਾਂ ਅੰਦਰ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਗਰ ਆਪ ਦੀ ਗਲੀ ਜਾਂ ਮੁਹੱਲੇ ਵਿੱਚ ਕੋਈ ਵੀ ਵਿਅਕਤੀ ਨਸ਼ੇ ਦਾ ਕਾਰੋਬਾਰ ਕਰਦਾ ਹੈ ਤਾਂ ਇਸ ਦੀ ਸੂਚਨਾ ਦਿੱਤੇ ਗਏ ਵੱਟਸਐਪ ਨੰਬਰਾਂ 'ਤੇ ਦਿੱਤੀ ਜਾਵੇ ਅਤੇ ਇਸ ਦੇ ਲਈ ਜਿਸ ਵਿਅਕਤੀ ਵੱਲੋਂ ਨਸ਼ੇ ਦੇ ਕਾਰੋਬਾਰ ਸਬੰਧੀ ਸੂਚਨਾ ਦਿੱਤੀ ਜਾਵੇਗੀ ਉਸ ਵਿਅਕਤੀ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ 6500 ਤੋਂ ਜਿਆਦਾ ਉਹ ਲੋਕ ਜੋ ਨਸ਼ੇ ਦਾ ਕਾਰੋਬਾਰ ਕਰਦੇ ਸਨ, ਉਨ੍ਹਾਂ 'ਤੇ ਮਾਮਲੇ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਇਆ ਜਾਵੇਗਾ।

# ਸਰਕਾਰੀ ਹਾਈ ਸਕੂਲ ਬਸਰਾਏ ਦੀਆਂ ਵਿਦਿਆਰਥਣਾਂ ਨੇ ਬਾਜ਼ੀ ਮਾਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਸਰਕਾਰੀ ਹਾਈ ਸਕੂਲ ਬਸਰਾਏ ਦੀਆਂ ਵਿਦਿਆਰਥਣਾਂ ਵੱਲੋਂ ਇਸ ਵਾਰ ਫਿਰ ਬੋਰਡ ਵੱਲੋਂ ਕਰਾਈਆਂ ਸਲਾਨਾ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਪ੍ਰਾਪਤ ਕਰਕੇ ਬਾਜ਼ੀ ਮਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ ਐੱਨ ਓ ਕਮ ਹੈੱਡਮਾਸਟਰ ਵਿਜੇ ਕੁਮਾਰ ਨੇ ਦੱਸਿਆ ਗਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਗਈਆਂ ਅੱਠਵੀਂ ਅਤੇ ਦਸਵੀਂ ਦੀਆਂ ਪ੍ਰੀਖਿਆਵਾਂ ਵਿੱਚ ਸਰਕਾਰੀ ਹਾਈ ਸਕੂਲ ਬਸਰਾਏ ਦੀਆਂ ਵਿਦਿਆਰਥਣਾਂ ਵੱਲੋਂ ਬਹੁਤ ਵਧੀਆ ਪ੍ਰਦਰਸਨ ਕੀਤਾ ਗਿਆ ਹੈ। ਦਸਵੀਂ ਜਮਾਤ ਵਿੱਚੋਂ ਹਰਮਨਪ੍ਰੀਤ ਕੌਰ, ਰਜਨੀ ਅਤੇ ਮੋਨਿਕਾ ਕ੍ਰਮਵਾਰ ਫਸਟ ਸੈਕਿੰਡ ਅਤੇ ਥਰਡ ਆਈਆਂ ਹਨ, ਜਿਨਾਂ ਵੱਲੋਂ 89 ਪ੍ਰਤੀਸਤ 88% ਅਤੇ 87% ਅੰਕ ਲੈ ਕੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਉਹਨਾਂ ਦੱਸਿਆ ਕਿ ਇਸ ਸਕੂਲ ਦੇ ਅੱਠਵੀਂ ਦੇ ਨਤੀਜੇ ਵੀ ਬਹੁਤ ਵਧੀਆ ਆਏ ਹਨ, ਜਿਸ ਵਿੱਚ ਵੀ ਲੜਕੀਆਂ ਵੱਲੋਂ ਵਧੀਆ ਪ੍ਰਦਰਸਨ ਕਰਦੇ ਹੋਏ ਪ੍ਰਿਅੰਕਾ,ਜਸਲੀਨ ਕੌਰ ਤੇ ਸਿਮਰਨਜੀਤ ਕੌਰ ਵੱਲੋਂ ਕ੍ਰਮਵਾਰ 96 ਪ੍ਰਤੀਸਤ 94% ਅਤੇ 89% ਅੰਕ ਲੈ ਕੇ ਸਕੂਲ ਦੇ ਸਮੁੱਚੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਉਹਨਾਂ ਮਾਪਿਆਂ ਨੂੰ ਵੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਵੱਲ ਵੱਧ ਤੋਂ ਵੱਧ ਧਿਆਨ ਦੇ ਕੇ ਉਹਨਾਂ ਨੂੰ ਪੜ੍ਹਾਉਣਾ ਚਾਹੀਦਾ ਹੈ ਅਤੇ ਸਮਾਜਿਕ ਕੁਰੀਤੀਆਂ ਤੋਂ ਬਚਾਉਣਾ ਚਾਹੀਦਾ ਹੈ। ਹੈੱਡਮਾਸਟਰ ਵਿਜੇ ਕੁਮਾਰ ਵੱਲੋਂ ਦੱਸਿਆ ਗਿਆ ਇਹ ਸਕੂਲ ਦਾ ਸਮੁੱਚਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ। ਦਸਵੀਂ ਜਮਾਤ ਵਿੱਚੋਂ ਸਤਾਈ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਅੱਠਵੀਂ ਜਮਾਤ ਵਿੱਚੋਂ 26 ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਸਮੂਹ ਸਕੂਲ ਸਟਾਫ ਵੱਲੋਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।



# ਅਧਿਆਪਕ ਨੇ ਬੀ ਪੀ ਓ ਵੱਲੋਂ ਪੁਲਸ ਵੈਰੀਫਿਕੇਸ਼ਨ ਫਾਈਲ ਗੁੰਮ ਕਰਨ ਦੇ ਲਾਏ ਦੋਸ਼

**ਵੇਰਕਾ (ਰਾਣਾ)-** ਦਫਤਰ ਬਲਾਕ ਸਿੱਖਿਆ ਅੰਮ੍ਰਿਤਸਰ-1 ਦੇ ਅਧੀਨ ਆਉਂਦੇ ਸਰਕਾਰੀ (ਐਲੀ:) ਸਕੂਲ ਕਿਲਾ ਜੀਵਨ ਸਿੰਘ ਦੇ ਅਧਿਆਪਕ ਨੇ ਬਲਾਕ ਅਧਿਕਾਰੀ ਵੱਲੋਂ ਉਸ ਦੀ ਸੇਵਾ ਦਾ ਪਰਖ ਕਾਲ ਰੋਕਣ ਲਈ ਪੁਲਸ ਕਲੀਅਰੈਂਸ ਦੀ ਫਾਈਲ ਜਾਣਬੁੱਝ ਕੇ ਦਫਤਰੋਂ ਗੁੰਮ ਕਰਨ ਦੇ ਦੋਸ਼ ਲਾਉਂਦੇ ਹੋਏ, ਸਿੱਖਿਆ ਮਹਿਕਮੇ ਦੇ ਉੱਚ ਅਧਿਕਾਰੀਆਂ ਪਾਸੋਂ ਇਨਸਾਫ਼ ਲੈਣ ਲਈ ਗੁਹਾਰ ਲਗਾਈ ਹੈ। ਇਸ ਸੰਬੰਧੀ ਅਧਿਆਪਕ ਕਰਨਦੀਪ ਨੇ ਮੁੱਖ ਮੰਤਰੀ ਪੰਜਾਬ ਸਰਕਾਰ, ਸਿੱਖਿਆ ਮੰਤਰੀ ਪੰਜਾਬ ਸਰਕਾਰ, ਸਿੱਖਿਆ ਸਕੱਤਰ ਪੰਜਾਬ ਸਰਕਾਰ, ਡੀ.ਪੀ.ਆਈ (ਐਲੀ:) ਨੂੰ ਲਿਖਤੀ ਸ਼ਿਕਾਇਤ ਕਰਦੇ ਹੋਏ ਦੱਸਿਆ ਕਿ ਮੇਰੀ ਸੇਵਾ ਦਾ ਪਰਖ ਸਮਾਂ 6 ਜੁਲਾਈ 2025 ਨੂੰ ਪੂਰਾ ਹੋਣਾ ਹੈ। ਜਿਸ ਲਈ ਮੈਂ ਆਪਣੀ ਪੁਲਸ ਵੈਰੀਫਿਕੇਸ਼ਨ ਕਰਵਾਉਣ ਦੀ ਫਾਈਲ ਬਲਾਕ ਸਿੱਖਿਆ ਦਫ਼ਤਰ ਅੰਮ੍ਰਿਤਸਰ - 1 ਵਿਖੇ ਪਹਿਲਾਂ ਵੀ ਕਈ ਵਾਰ ਦਿੱਤੀ ਸੀ। ਪ੍ਰੰਤੂ ਹੁਣ ਬਲਾਕ ਦਫ਼ਤਰ ਨੂੰ ਟੀਚਰਾਂ ਦੀਆਂ ਕੁੱਲ 8 ਫਾਈਲਾਂ ਜਮ੍ਹਾਂ ਕਰਵਾਈਆਂ ਸਨ। ਜਿਨ੍ਹਾਂ ਵਿੱਚੋਂ ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ 'ਚ ਸਿਰਫ 7 ਫਾਈਲਾਂ ਪੁੱਜੀਆਂ, ਪਰ ਮੇਰੀ ਫਾਈਲ ਫਿਰ ਗੁੰਮ ਸੀ। ਉਪਰੰਤ ਗਹਨ ਘੋਖਣ 'ਤੇ ਪਤਾ ਚੱਲਿਆ ਕਿ ਬਲਾਕ ਅਧਿਕਾਰੀ ਵੱਲੋਂ ਖੁਦ ਉਸ ਦੀ ਫਾਈਲ ਕੱਢ ਕੇ ਰੱਖ ਲਈ ਹੈ। ਇਸ ਬਾਬਤ ਅਧਿਆਪਕ ਨੇ ਆਪਣੇ ਸੈਂਟਰ ਹੈੱਡਟੀਚਰ ਹਰਮਨਦੀਪ ਸਿੰਘ ਨੂੰ ਦੱਸਿਆ ਅਤੇ ਉਨ੍ਹਾਂ ਵੀ ਬਲਾਕ ਅਫਸਰ ਨੂੰ ਤਰਲੇ ਪਾਏ। ਪਰ ਅਧਿਕਾਰੀ ਨੇ ਸਾਫ ਹੀ ਮਨ੍ਹਾਂ ਕਰ ਦਿੱਤਾ। ਇਸ ਸੰਬੰਧੀ ਪੀੜਤ ਅਧਿਆਪਕ ਨੇ ਇਨਸਾਫ ਲੈਣ ਲਈ ਗੁਹਾਰ ਲਗਾਈ ਹੈ।

# ਪੰਡੋਰੀ ਰੇਲਵੇ ਫਾਟਕ ਬੰਦ ਰਹਿਣ ਕਰਕੇ ਆਵਾਜਾਈ ਹੁੰਦੀ ਹੈ ਪ੍ਰਭਾਵਿਤ



**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ-ਪਠਾਨਕੋਟ ਅਤੇ ਪੰਡੋਰੀ ਰੋਡ 'ਤੇ ਫਾਟਕ ਰੇਲ ਗੱਡੀ ਆਉਣ ਸਮੇਂ ਬੰਦ ਰਹਿਣ ਕਰਕੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਪੇਸ਼ ਆਉਣ ਦੇ ਨਾਲ-ਨਾਲ ਉਨ੍ਹਾਂ ਦਾ ਸਮਾਂ ਵੀ ਕਾਫੀ ਬਰਬਾਦ ਹੁੰਦਾ ਹੈ। ਇਸ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਵੀ ਧਿਆਨ ਨਹੀਂ ਦੇ ਰਿਹਾ, ਜਿਸ ਕਰਕੇ ਸ਼ਹਿਰ ਵਾਸੀਆਂ ਅੰਦਰ ਇਸ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸ਼ਹਿਰ ਵਾਸੀ ਜੋਗਿੰਦਰ ਸਿੰਘ, ਬਿਕਰਮਜੀਤ ਸਿੰਘ, ਜਨਕ ਸ਼ਰਮਾ, ਰਾਮ ਲੁਭਾਇਆ, ਵਿਪਨ ਸ਼ਰਮਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸ਼ਹਿਰ ਦੀ ਮੁੱਖ ਸਮੱਸਿਆ ਰੇਲਵੇ ਫਾਟਕ ਪੰਡੋਰੀ ਰਹਿ ਗਈ ਹੈ ਅਤੇ ਜਦੋਂ ਕੋਈ ਰੇਲ ਗੱਡੀ ਆਉਂਦੀ ਹੈ ਤਾਂ ਕਾਫ਼ੀ ਸਮਾਂ ਫਾਟਕ ਬੰਦ ਰਹਿਣ ਕਰਕੇ ਗਰਮੀ ਵਿੱਚ ਲੋਕਾਂ ਦਾ ਬਹੁਤ ਮਾੜਾ ਹਾਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਪੰਡੋਰੀ ਰੋਡ 'ਤੇ ਓਵਰ ਬ੍ਰਿਜ ਬਣਾਉਣ ਵਾਸਤੇ ਕੇਂਦਰੀ ਮੰਤਰੀ ਤੇ ਪੰਜਾਬ ਸਰਕਾਰ ਦੇ ਮੰਤਰੀ ਨੂੰ ਮੰਗ ਪੱਤਰ ਦੇਣ ਦੇ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਨੇਕਾਂ ਵਾਰ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਹਨ ਪਰ ਫਿਰ ਵੀ ਪੰਡੋਰੀ ਰੋਡ 'ਤੇ ਰੇਲਵੇ ਓਵਰ ਬ੍ਰਿਜ ਦਾ ਕੋਈ ਵੀ ਹੱਲ ਨਹੀਂ ਹੋਇਆ। ਉਨ੍ਹਾਂ ਕੇਂਦਰੀ ਮੰਤਰੀ ਰੇਲਵੇ ਪਾਸੋਂ ਮੰਗ ਕੀਤੀ ਕਿ ਪੰਡੋਰੀ ਰੋਡ 'ਤੇ ਓਵਰ ਬ੍ਰਿਜ ਬਣਾਉਣ ਲਈ ਗੁਰਦਾਸਪੁਰ ਦੇ ਰੇਲਵੇ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤਾਂ ਕੀਤੀਆਂ ਜਾਣ। ਲੋਕਾਂ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਪਾਸੋਂ ਮੰਗ ਕੀਤੀ ਹੈ ਕਿ ਉਹ ਕੇਂਦਰੀ ਰੇਲਵੇ ਮੰਤਰੀ ਨਾਲ ਗੱਲਬਾਤ ਕਰਕੇ ਇਸ ਫਾਟਕ 'ਤੇ ਓਵਰਬ੍ਰਿਜ ਬਣਾਉਣ ਦੀ ਵਿਵਸਥਾ ਕਰਵਾਉਣ ਤਾਂ ਜੋ ਲੋਕਾਂ ਨੂੰ 70 ਸਾਲਾਂ ਤੋਂ ਲਟਕਦੀ ਮੰਗ ਪ੍ਰਵਾਨ ਹੋ ਸਕੇ।

# ਕੀਰਤਨ ਦਰਬਾਰ ਸੁਸਾਇਟੀ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ

**ਪੱਟੀ (ਬਲਦੇਵ ਸਿੰਘ ਸੰਧੂ)-** ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਮਹੀਨਾਵਾਰ ਲੋੜਵੰਦ ਪਰਿਵਾਰਾਂ ਅਤੇ ਵਿਧਵਾ ਔਰਤਾਂ ਨੂੰ ਰਾਸ਼ਨ ਦੀ ਸੇਵਾ ਗੁਰਦਵਾਰਾ ਬੀਬੀ ਰਜਨੀ ਜੀ ਪੱਟੀ ਵਿਖੇ ਕੀਤੀ ਗਈ। ਬਾਬਾ ਦੀਪ ਸਿੰਘ ਜੀ ਦੀ ਕਿਰਪਾ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਸੰਗਤ ਦੇ ਉਦਮ ਨਾਲ ਇਹ ਸੇਵਾਵਾਂ ਚੱਲ ਰਹੀਆਂ ਹਨ। ਇਸ ਮਹੀਨੇ ਦੀ ਰਾਸ਼ਨ ਦੀ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਹੈ।ਇਹ ਜਾਣਕਾਰੀ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੱਬੂ ਅਤੇ ਸਕੱਤਰ ਜੋਗਾ ਸਿੰਘ ਵੱਲੋਂ ਦਿੱਤੀ ਗਈ। ਇਸ ਮੌਕੇ ਪ੍ਰਧਾਨ ਗੁਰਦਵਾਰਾ ਬੀਬੀ ਰਜਨੀ ਜੀ ਬਲਕਾਰ ਸਿੰਘ ਲੁਹਾਰੀਆ, ਅਵਤਾਰ ਸਿੰਘ ਸੇਵਾ ਸਿੰਘ ਦੀ ਹੱਟੀ ਵਾਲੇ, ਭਾਈ ਕੰਵਲਜੀਤ ਸਿੰਘ ਰਾਗੀ ਜਥਾ ਪੱਟੀ, ਅਮਰੀਕ ਸਿੰਘ ਜੋਸ਼ੀ, ਹਰਜੀਤ ਸਿੰਘ ਭੈਣੀ, ਸੁਰਜੀਤ ਸਿੰਘ ਪ੍ਰਧਾਨ, ਜਸਪਾਲ ਸਿੰਘ ਮੈਡੀਕਲ ਸਟੋਰ ਵਾਲੇ ਮਨਜੀਤ ਸਿੰਘ ਕੈਨੇਡਾ, ਡਾ. ਸਰਵਪ੍ਰੀਤ ਸਿੰਘ, ਅੰਮ੍ਰਿਤ ਸਿੰਘ ਪੁੱਤਰ ਰਿਕਬਾਲ ਸਿੰਘ ਜੋਸ਼ੀ, ਸੁਖਚੈਨ ਸਿੰਘ ਜਸੂ ਕਲਾਥ ਹਾਊਸ ਵਾਲੇ, ਪ੍ਰਭਜੀਤ ਸਿੰਘ, ਹਰਿੰਦਰ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਕੈਪਟਨ ਮਹਿਲ ਸਿੰਘ ਸਿੱਧੂ, ਮਾਸਟਰ ਸਤਨਾਮ ਸਿੰਘ ਸਿੱਧੂ, ਮਾਸਟਰ ਅਜਸਦੀਪ ਸਿੰਘ, ਮਾਸਟਰ ਬਿਕਰਮਜੀਤ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਗੁਰਸੇਵਕ ਸਿੰਘ ਪਟਵਾਰੀ, ਅਵਤਾਰ ਸਿੰਘ ਫੌਜੀ ਚੀਮਾ, ਮੈਡਮ ਸਮਿੰਦਰ ਕੌਰ, ਪਰਮਜੀਤ ਸਿੰਘ ਬੈਂਕ ਵਾਲੇ, ਨਿਰਮਲ ਸਿੰਘ ਕਿਰਯਾਨਾ ਵਾਲੇ, ਗੁਰਦੇਵ ਸਿੰਘ ਲੁਹਾਰੀਆ, ਡੀਐਸਪੀ ਬਲਰਾਜ ਸਿੰਘ ਖਹਿਰਾ, ਬਲਜਿੰਦਰ ਸਿੰਘ ਬੀਟੀ, ਸੰਨਦੀਪ ਸਿੰਘ, ਜਗਦੀਪ ਸਿੰਘ ਪ੍ਰਿੰਸ, ਜੋਬਨਜੀਤ ਸਿੰਘ, ਜਸਪ੍ਰੀਤ ਸਿੰਘ ਪਟਿਆਲਾ, ਅਮਨ ਕਲਸੀ ਕਾਸਮੈਟਿਕ ਸੈਂਟਰ, ਪ੍ਰਭਜੋਤ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਹਰਚਰਨ ਸਿੰਘ ਵਿਰਦੀ, ਡਾਕਟਰ ਗੁਰਮੇਜ ਸਿੰਘ ਬੱਠੇਕੋਟੀ, ਜਗਤਾਰ ਸਿੰਘ ਮੁੱਕਰ, ਅਜੈਪਾਲ ਸਿੰਘ, ਹਰਵੇਲ ਸਿੰਘ ਕੌਰ, ਪਿੰਟੂ ਕਰਿਆਨਾ ਸਟੋਰ, ਹਰਪ੍ਰੀਤ ਸਿੰਘ ਲੇਡੀਜ਼ ਜ਼ੋਨ, ਨਿਰਮਲ ਸਿੰਘ, ਕਾਕਾ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਨੇ ਤਿਰੰਗਾ ਰੈਲੀ 'ਚ ਹਿੱਸਾ ਲਿਆ

**ਪਠਾਨਕੋਟ (ਦਵਿੰਦਰ ਸਿੰਘ)-** ਭਾਰਤੀ ਫੌਜਾਂ ਦੇ ਸਾਹਸ ਅਤੇ ਕੁਰਬਾਨੀ ਨੂੰ ਸਰਧਾਂਜਲੀ ਦੇਣ ਲਈ ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ 250 ਤੋਂ ਵੱਧ ਵਿਦਿਆਰਥੀਆਂ ਨੇ "ਆਪਰੇਸਨ ਸਿੰਦੂਰ" ਅਧੀਨ ਪਠਾਨਕੋਟ ਸਹਿਰ ਵਿੱਚ ਆਯੋਜਿਤ ਤਿਰੰਗਾ ਰੈਲੀ ਵਿੱਚ ਹਿੱਸਾ ਲਿਆ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਅਤੇ ਕਲਾਸ ਰੂਮ ਤੋਂ ਬਾਹਰ ਵਿਹਾਰਕ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ ਸੀ। ਰੈਲੀ ਵਿੱਚ ਦੇਸ਼ ਭਗਤੀ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ, ਜਿੱਥੇ ਪ੍ਰਤਾਪ ਵਰਲਡ ਸਕੂਲ ਨੇ 30 ਫੁੱਟ ਅਤੇ 20 ਫੁੱਟ ਦੇ ਦੋ ਵਿਸ਼ਾਲ ਤਿਰੰਗੇ ਅਤੇ ਕਈ ਛੋਟੇ ਤਿਰੰਗੇ ਝੰਡੇ ਰੈਲੀ ਵਿੱਚ ਸਾਮਲ ਕੀਤੇ, ਜਿਨ੍ਹਾਂ ਨੂੰ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਲਹਿਰਾਇਆ। ਸਕੂਲ ਦੇ ਐੱਨ ਸੀ ਸੀ ਕੈਡੇਟਾਂ ਨੇ ਵੀ ਰੈਲੀ ਵਿੱਚ ਹਿੱਸਾ ਲੈ ਕੇ ਅਨੁਸ਼ਾਸਨ, ਏਕਤਾ ਅਤੇ ਦੇਸ਼ ਭਗਤੀ ਦੀ ਮਿਸ਼ਾਲ ਪੇਸ ਕੀਤੀ। ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸ੍ਰੀ ਸੰਨੀ ਮਹਾਜਨ ਨੇ ਕਿਹਾ ਕਿ ਇਸ ਸਹਿਭਾਗਤਾ ਨਾਲ ਸਾਡੇ ਵਿਦਿਆਰਥੀਆਂ ਨੂੰ ਦੇਸਭਗਤੀ, ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਮੁੱਲਾਂ ਨਾਲ ਡੂੰਘਾ ਜੁੜਨ ਦਾ ਮੌਕਾ ਮਿਲਿਆ ਹੈ। ਅਸੀਂ ਅਜਿਹੇ ਨਾਗਰਿਕ ਤਿਆਰ ਕਰਨਾ ਚਾਹੁੰਦੇ ਹਾਂ, ਜੋ ਰਾਸ਼ਟਰ ਹਿੱਤ ਵਿੱਚ ਸਰਗਰਮ ਭੂਮਿਕਾ ਨਿਭਾਉਣ। ਸਕੂਲ ਸਾਰੇ ਤਿਰੰਗਾ ਰੈਲੀ ਦੇ ਆਯੋਜਕਾਂ ਦਾ ਧੰਨਵਾਦ ਕਰਦਾ ਹੈ ਕਿ ਉਨ੍ਹਾਂ ਨੇ ਅਜਿਹਾ ਸਾਰਥਕ ਮੰਚ ਪ੍ਰਦਾਨ ਕੀਤਾ ਅਤੇ ਭਵਿੱਖ ਵਿੱਚ ਵੀ ਨੌਜਵਾਨਾਂ ਵਿੱਚ ਦੇਸ ਪ੍ਰਤੀ ਸਨਮਾਨ ਅਤੇ ਮਾਣ ਦੀ ਭਾਵਨਾ ਨੂੰ ਵਿਕਸਿਤ ਕਰਨ ਦੇ ਯਤਨਾਂ ਨੂੰ ਜਾਰੀ ਰੱਖਣ ਦਾ ਸੰਕਲਪ ਲੈਂਦਾ ਹੈ।



# ਡਾਲੇਚੱਕ, ਅਕਰਪੁਰਾ ਕਲਾਂ ਤੇ ਚੰਦੂਮੰਜ 'ਚ ਨਸ਼ਾ ਮੁਕਤੀ ਯਾਤਰਾ ਤਹਿਤ ਸਮਾਗਮ



**ਬਟਾਲਾ/ਫਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)-** ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਲਕਾ ਫਤਿਹਗੜ੍ਹ ਚੂੜੀਆਂ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਪਿੰਡ ਡਾਲੇਚੱਕ, ਅਕਰਪੁਰਾ ਕਲਾਂ ਅਤੇ ਚੰਦੂਮੰਜ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਜਨਵਰੀ ਸਭਾਵਾਂ ਕੀਤੀਆਂ ਗਈਆਂ। ਇਸ ਮੌਕੇ ਉਨ੍ਹਾਂ ਹਾਜ਼ਰੀਨ ਨੂੰ ਨਸ਼ਿਆਂ ਖਿਲਾਫ਼ ਇੱਕਜੁਟ ਹੋ ਕੇ ਲੜਨ ਦੀ ਸਹੁੰ ਚੁਕਾਈ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਯਾਤਰਾ ਵਿੱਚ ਪਿੰਡ ਵਾਲਿਆਂ ਦਾ ਸਾਥ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਇੱਕ ਪਿੰਡ ਪਿੰਡ ਵਿੱਚ ਨਸ਼ਾ ਖਤਮ ਕੀਤਾ ਜਾ ਸਕੇ। ਪੰਜਾਬ ਨੂੰ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਫਿਰ ਤੋਂ ਹੱਸਦਾ ਵੱਸਦਾ ਪੰਜਾਬ ਮਿਲੇ। ਇਸ ਮੌਕੇ ਐਸ.ਡੀ.ਐਮ ਮੈਡਮ ਜਯੋਤਨਾ, ਸਿੰਘ, ਤਹਿਸੀਲਦਾਰ ਪਰਮਿੰਦਰ ਸਿੰਘ, ਡੀ.ਐਸ.ਪੀ ਵਿਪਨ ਕੁਮਾਰ, ਕੈਪਟਨ ਸੁਰਜਨ ਸਿੰਘ ਚੰਦੂ ਮੰਜ, ਗੁਰਦਿਆਲ ਸਿੰਘ, ਪੰਚ ਰਣਜੀਤ ਸਿੰਘ, ਸਰਪੰਚ ਗੁਰਪ੍ਰੀਤ ਸਿੰਘ, ਇੰਸਪੈਕਟਰ ਦਲਜੀਤ ਸਿੰਘ, ਏ.ਐਸ.ਆਈ ਕੁਲਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ,ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਅਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪਿਛਲੀਆਂ ਸਰਕਾਰਾਂ ਨਾ ਸਕੂਲਾਂ 'ਚ ਪੈਸਾ ਭੇਜਿਆ ਤੇ ਨਾ ਉਨ੍ਹਾਂ ਦੇ ਮੰਤਰੀ ਸਕੂਲਾਂ 'ਚ ਵੜੇ : ਧਾਲੀਵਾਲ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸੁਧਾਰ ਵਿਖੇ ਸਕੂਲ ਦੇ ਵਿਕਾਸ ਕੰਮ ਬੱਚਿਆਂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਾ ਸਕੂਲਾਂ ਦੇ ਵਿਕਾਸ ਲਈ ਕੋਈ ਪੈਸਾ ਭੇਜਿਆ ਅਤੇ ਨਾ ਹੀ ਉਹਨਾਂ ਦੇ ਮੰਤਰੀ ਕਦੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਵੇਖਣ ਆਏ। ਉਹਨਾਂ ਕਿਹਾ ਕਿ ਦਰਅਸਲ ਉਨਾਂ ਦੀ ਦਿਲਚਸਪੀ ਪੈਸੇ ਬਣਾਉਣ ਤੱਕ ਸੀਮਤ ਸੀ, ਲੋਕਾਂ ਉੱਤੇ ਖਰਚਣ ਵਿੱਚ ਨਹੀਂ ਸੀ। ਧਾਲੀਵਾਲ ਨੇ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਭੂਰੇ ਗਿੱਲ, ਸਰਕਾਰੀ ਪ੍ਰਾਇਮਰੀ ਸਕੂਲ ਦਿਆਲਪੁਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਧਾਰ ਵਿਖੇ ਲੱਖਾਂ ਰੁਪਏ ਦੀ ਲਾਗਤ ਨਾਲ ਨੇਪਰੇ ਚੜ੍ਹੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ । ਉਦਘਾਟਨੀ ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਧਾਲੀਵਾਲ ਨੇ ਸਾਬਕਾ ਕਾਂਗਰਸ ਤੇ ਅਕਾਲੀ+ਭਾਜਪਾ ਸਰਕਾਰਾਂ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਅਜ਼ਾਦੀ ਪਿੱਛੋਂ ਲਗਾਤਾਰ 70 ਸਾਲ ਕਾਬਜ਼ ਰਹੀਆਂ ਇਨ੍ਹਾਂ ਰਵਾਇਤੀ ਪਾਰਟੀਆਂ ਨੇ ਕਥਿਤ ਤੌਰ 'ਤੇ ਸਰਕਾਰੀ ਤੇ ਗੈਰ ਸਰਕਾਰੀ ਖਜ਼ਾਨੇ ਦੀ ਦੋਹੇਂ ਹੱਥੀ ਲੁੱਟ ਖਸੁੱਟ ਕਰਨ ਵੱਲ ਹੀ ਆਪਣਾ ਧਿਆਨ ਕੇਂਦਰਿਤ ਰੱਖਿਆ। ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਲ 2022 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਆਪਣਾ ਕਾਰਜਭਾਰ ਸੰਭਾਲਿਆ ਹੈ, ਉਦੋਂ ਤੋਂ ਹੀ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਵ ਪੱਖੀ ਵਿਕਾਸ ਕਰਵਾ ਰਹੇ ਹਨ। ਉਕਤ ਉਦਘਾਟਨੀ ਸਮਾਰੋਹਾਂ ਦੌਰਾਨ ਸਕੂਲ ਮੈਨਜਮੈਂਟ ਕਮੇਟੀਆਂ ਤੇ ਸਕੂਲ ਸਟਾਫ ਵਲੋਂ ਮੰਤਰੀ ਧਾਲੀਵਾਲ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ, ਓ. ਐਸ. ਡੀ. ਗੁਰਜੰਟ ਸਿੰਘ ਸੋਹੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਛੇਤੀ ਹੀ ਮਿਲੇਗੀ ਮੁਫ਼ਤ ਵਾਈਫਾਈ ਦੀ ਸੁਵਿਧਾ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਵਾਤਾਵਰਨ ਸਬੰਧੀ ਕਮੇਟੀ ਦੀ ਮੀਟਿੰਗ ਵਿੱਚ ਭਾਗ ਲੈਣ ਉਪਰੰਤ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਛੇਤੀ ਹੀ ਹਵਾਈ ਅੱਡੇ ਉੱਤੇ ਯਾਤਰੀਆਂ ਲਈ ਮੁਫਤ ਵਾਈਫਾਈ ਦੀ ਸੁਵਿਧਾ ਚਾਲੂ ਕਰ ਦਿੱਤੀ ਜਾਵੇਗੀ ਉਹਨਾਂ ਦੱਸਿਆ ਕਿ ਵਾਈਫਾਈ ਦੀ ਸੁਵਿਧਾ ਦੇਣ ਲਈ ਕੰਮ ਪ੍ਰਗਤੀ ਅਧੀਨ ਹੈ ਅਤੇ ਛੇਤੀ ਹੀ ਜਨਤਾ ਲਈ ਇਹ ਸਹੂਲਤ ਚਾਲੂ ਹੋ ਜਾਵੇਗੀ। ਉਨਾਂ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਹਵਾਈ ਅੱਡੇ ਦੇ ਪ੍ਰਬੰਧਕਾਂ ਨਾਲ ਅੰਮ੍ਰਿਤਸਰ ਸ਼ਹਿਰ ਦੇ 450 ਸਾਲਾ ਸਥਾਪਨਾ ਦਿਵਸ ਮਨਾਉਣ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਉੱਤੇ ਵੀ ਵਿਚਾਰ ਚਰਚਾ ਹੋਈ। ਉਹਨਾਂ ਕਿਹਾ ਕਿ ਇਹ ਸਮਾਗਮ ਬਹੁਤ ਵੱਡੇ ਪੱਧਰ ਉੱਤੇ ਕਰਵਾਏ ਜਾਣਗੇ ਸੋ ਸਮਾਗਮਾਂ ਵਿੱਚ ਭਾਗ ਲੈਣ ਲਈ ਦੇਸ਼ ਵਿਦੇਸ਼ ਤੋਂ ਲੱਖਾਂ ਸ਼ਰਧਾਲੂਆਂ ਦੇ ਨਾਲ ਨਾਲ ਅੰਤਰਰਾਸ਼ਟਰੀ ਪੱਧਰ ਦੀਆਂ ਮਹਾਨ ਹਸਤੀਆਂ ਵੀ ਸਮਾਗਮ ਵਿੱਚ ਆਉਣਗੀਆਂ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡੇ ਦਾ ਟਰਮੀਨਲ ਵਿੱਚ ਵਿਸਥਾਰ ਕਰਨਾ ਵੀ ਮੀਟਿੰਗ ਦਾ ਹਿੱਸਾ ਰਿਹਾ। ਬੀਤੇ ਸਮੇਂ ਦੌਰਾਨ ਇੱਥੇ ਯਾਤਰੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਸੋ ਲੋੜ ਹੈ ਕਿ ਇਸ ਦੇ ਟਰਮੀਨਲ ਵਿੱਚ ਵਾਧਾ ਕੀਤਾ ਜਾਵੇ।ਇਸ ਤੋਂ ਇਲਾਵਾ ਵਾਤਾਵਰਨ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਹਵਾਈ ਅੱਡੇ ਨੇੜੇ ਪੰਛੀਆਂ ਦੀ ਆਮਦ ਨੂੰ ਕੰਟਰੋਲ ਕਰਨ ਉਤੇ ਵੀ ਵਿਚਾਰ ਚਰਚਾ ਹੋਈ। ਮੀਟਿੰਗ ਵਿੱਚ ਡਾਇਰੈਕਟਰ ਏਅਰਪੋਰਟ ਐਸ ਕੇ ਕਪਾਹੀ, ਕਾਰਪੋਰੇਸ਼ਨ ਦੇ ਜੁਆਇੰਟ ਕਮਿਸ਼ਨਰ ਸੁਰਿੰਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਡਾਇਰੈਕਟਰ ਸਿਹਤ ਸੇਵਾਵਾਂ ਨਾਲ ਹੋਈ ਜਥੇਬੰਦਕ ਮੀਟਿੰਗ



**ਵੇਰਕਾ (ਰਾਣਾ)-** ਪੰਜਾਬ ਰਾਜ ਦੇ ਮਲਟੀਪਰਪਜ ਕੇਡਰ ਦੀ ( ਰਜਿ: ਅਧੀਨ ) ਐਸੋਸੀਏਸ਼ਨ ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ (ਬਸਕਾ) ਵੱਲੋਂ ਸੂਬਾ ਪ੍ਰਧਾਨ ਗਗਨਦੀਪ ਸਿੰਘ ਖਾਲਸਾ ਦੀ ਅਗੁਵਾਈ 'ਚ 7 ਮੈਂਬਰੀ ਵਫਦ ਵੱਲੋਂ ਪਲੇਠੀ ਮੀਟਿੰਗ ਕੀਤੀ ਗਈ। ਇਹ ਮੀਟਿੰਗ ਸਿਹਤ ਕਰਮਚਾਰੀਆਂ ਦੇ ਭਖਦੇ ਮਸਲਿਆਂ ਦੇ ਨਾਲ ਡਿਜ਼ਿਟਲ ਤਰੀਕਿਆਂ ਰਾਹੀਂ ਪ੍ਰਭਾਵਸ਼ਾਲੀ ਕੰਮਕਾਜ਼ ਕਰਨ, ਪ੍ਰਿੰਟ ਅਤੇ ਸੋਸਲ ਮੀਡੀਆ ਰਾਹੀਂ ਪਰੀਵੈਨਟਿਵ ਸਿਹਤ ਸਹੂਲਤਾਂ ਨੂੰ ਡਿਜ਼ਿਟਲ ਤਰੀਕੇ ਨਾਲ ਪ੍ਰਕਾਸ਼ਿਤ ਕਰਨ, ਪੁਰਾਣੇ ਬੀਟ ਪ੍ਰੋਗਰਾਮ 'ਚ ਸੋਧ ਕਰਨ ਅਤੇ ਕੇਡਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਅਤੇ ਐਂਟੀ ਡੇਂਗੂ ਰਣਨੀਤੀ 'ਤੇ ਅਧਾਰਿਤ ਰਹੀ। ਇਸ ਮੌਕੇ ਕੇਡਰ ਦੇ ਸੋਸਲ ਮੀਡੀਆ ਅਤੇ ਪ੍ਰੈੱਸ ਸਕੱਤਰ ਜਗਸੀਰ ਸਿੰਘ, ਮੁੱਖ ਸਲਾਹਕਾਰ ਸੰਦੀਪ ਸਿੰਘ ਰਮਦਾਸ ਅਤੇ ਰਣਜੋਧ ਸਿੰਘ ਭੱਟੀ ਸ੍ਰੀ ਫਤਹਿਗੜ੍ਹ ਸਾਹਿਬ ਮੀਤ ਪ੍ਰਧਾਨ ਨੇ ਇੱਕ ਡਿਜ਼ਿਟਲ ਅਤੇ ਪ੍ਰਿੰਟ ਮੀਡੀਆ ਅਧਾਰਤ ਪੇਸ਼ਕਾਰੀ ਪੇਸ਼ ਕੀਤੀ, ਜਿਸ ਵਿੱਚ ਕੇਡਰ ਵੱਲੋਂ ਕੀਤੇ ਜਾਂਦੇ ਕੰਮਕਾਜ ਨੂੰ ਵਿਸਥਾਰਤ ਰੂਪ 'ਚ ਦਰਸਾਇਆ ਗਿਆ। ਇਸ ਵਿੱਚ ਕੋਵਿਡ ਮਹਾਂਮਰੀ ਤੇ ਹੋਰ ਮਹਾਂਮਾਰੀਆਂ, ਕੁਦਰਤੀ ਸਿਹਤ ਆਫ਼ਤਾਂ , ਮੌਸਮੀ ਬਿਮਾਰੀਆਂ ਲਈ ਕੇਡਰ ਕਿਵੇਂ ਫ੍ਰੰਟਲਾਈਨ 'ਤੇ ਖੜਾ ਹੈ। ਇਸ ਤੋਂ ਇਲਾਵਾ ਟੀਕਾਕਰਨ ਦੀ ਕਾਮਯਾਬੀ, ਰਾਸ਼ਟਰੀ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ , ਤੰਦਰੁਸਤ ਮਾਨਸਿਕ ਸਿਹਤ ਲਈ ਯਤਨ, ਸਕੂਲ ਹੈਲਥ , ਤੰਬਾਕੂ ਕੰਟਰੋਲ ਅਤੇ ਹੋਰ ਨਸ਼ੀਲੇ ਪਦਾਰਥਾ ਦੀ ਵਿਕਰੀ 'ਤੇ ਰੋਕ ਲਈ ਯਤਨ ,ਤੰਦਰੁਸਤ ਜੱਚਾ ਬੱਚਾ ਸੇਵਾਵਾਂ ਤੋਂ ਇਲਾਵਾ ਆਲੇ ਦੁਆਲੇ ਨੂੰ ਸਿਹਤਮੰਦ ਰੱਖਣ ਦੇ ਕੇਡਰ ਵੱਲੋਂ ਕੀਤੇ ਜਾਂਦੇ ਯਤਨਾਂ ਬਾਰੇ ਵਿਸਥਾਰ ਚਰਚਾ ਕੀਤੀ ਗਈ। ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਸ੍ਰੀਮਤੀ ਜਸਮਿੰਦਰ ਕੌਰ ਵੱਲੋਂ ਸਾਰੀ ਪੇਸ਼ਕਾਰੀ ਨੂੰ ਬੜੇ ਗੌਰ ਨਾਲ ਸੁਣਿਆ ਗਿਆ ਅਤੇ ਕੇਡਰ ਵੱਲੋਂ ਸੁਝਾਏ ਗਏ ਕੰਮਕਾਜ ਦੇ ਸਮਾਰਟ ਤਰੀਕੇ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਆਖਿਆ ਕਿ ਕੇਡਰ ਦੇ ਕੰਮ ਕਰਨ ਦੀ ਪੇਸ਼ਕਾਰੀ ਤੇ ਗੌਰ ਕਰਕੇ ਇਸਨੂੰ ਰੂਲਾਂ ਦੀ ਰੋਸ਼ਨੀ 'ਚ ਜਲਦੀ ਲਾਗੂ ਕੀਤਾ ਜਾਵੇਗਾ।

# ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ ਦਾ ਬੀ ਐੱਡ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਐਲਾਨੇ ਗਏ ਬੀ.ਐੱਡ ਪਹਿਲਾ ਸਮੈਸਟਰ ਦੇ ਨਤੀਜਿਆ ਵਿੱਚ ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ ਦੇ ਸਾਰੇ ਵਿਦਿਆਰਥੀ ਪਹਿਲੀ ਡਵੀਜ਼ਨ ਵਿੱਚ ਪਾਸ ਹੋਏ ਹਨ। ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਚੌਧਰੀ ਨੇ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਸਨਮਦੀਪ ਕੌਰ ਪਹਿਲਾ, ਮੁਸਕਾਨ ਨੇ ਦੂਸਰਾ ਅਤੇ ਅਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਉਹਨਾਂ ਕਿਹਾ ਕਿ ਮੈਨੇਜਮੈਂਟ ਵੱਲੋ ਦਿੱਤੇ ਸਹਿਯੋਗ ਅਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਦਕਾ ਅਤੇ ਆਧੁਨਿਕ ਤਕਨੀਕਾਂ ਨਾਲ ਦਿੱਤੀ ਜਾ ਰਾਹੀਂ ਸਿੱਖਿਆ ਸਦਕਾ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ।

# ਵਿਧਾਇਕ ਰੰਧਾਵਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਰੱਤਾ, ਮਾਹਲ ਨੰਗਲ, ਭੁਗਤਾਨਾ ਤੁੱਲੀਆਂ ਤੇ ਸ਼ਕਰੀ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ



**ਗੁਰਦਾਸਪੁਰ (ਜਨਕ ਮਹਾਜਨ)-** ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਰੱਤਾ, ਮਾਹਲ ਨੰਗਲ, ਭੁਗਤਾਨਾ ਤੁੱਲੀਆਂ ਅਤੇ ਸ਼ਕਰੀ ਵਿਖੇ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਸਕੂਲਾਂ ਵਿੱਚ ਕਰਵਾਏ ਵਿਸ਼ੇਸ਼ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ ਰਾਜ ਵਿੱਚ ਲਿਆਂਦੀ ਸਿੱਖਿਆ ਕ੍ਰਾਂਤੀ ਨੇ ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਦੇ ਸਮਾਂ ਸੀ ਸੂਬੇ ਵਿੱਚ ਸਰਕਾਰੀ ਸਕੂਲਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਬਾਅਦ ਸਾਰਾ ਜ਼ੋਰ ਸਿੱਖਿਆ ਅਤੇ ਸਿਹਤ ਸੁਧਾਰਾਂ 'ਤੇ ਲਗਾਇਆ ਗਿਆ ਹੈ। ਨਤੀਜੇ ਵਜੋਂ ਸਕੂਲ ਆਫ਼ ਐਮੀਨੈਂਸ, ਸਕੂਲ ਆਫ਼ ਹੈਪੀਨੈਸ ਵਿਦਿਆਰਥੀਆਂ ਦੇ ਭਵਿੱਖ ਨੂੰ ਤਰਾਸ਼ਣ ਵਿੱਚ ਲੱਗੇ ਹੋਏ ਹਨ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਪੂਰੀ ਮਿਹਨਤ ਤੇ ਲਗਨ ਨਾਲ ਆਪਣੀ ਪੜ੍ਹਾਈ ਕਰਨ ਕਿਉਂਕਿ ਪੜ੍ਹਾਈ ਜ਼ਰੀਏ ਹੀ ਉਹ ਆਪਣੇ ਭਵਿੱਖ ਦੇ ਸੁਪਨੇ ਪੂਰੇ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਸਾਰਾ ਸਟਾਫ਼ ਬਹੁਤ ਕਾਬਲ ਅਤੇ ਤਜਰਬੇਕਾਰ ਹੈ ਅਤੇ ਮਾਪਿਆਂ ਨੂੰ ਵੀ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹਾਉਣ। ਇਸ ਮੌਕੇ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।


**Capital Small Finance Bank**

H.O: MIDAS Corporate Park, 3rd Floor, 37 G.T. Road, Jalandhar City

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23.12.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਅਨੰਦ ਕੁਮਾਰ ਪੁੱਤਰ ਸ੍ਰੀ ਪ੍ਰੇਮ ਸ਼ੰਕਰ ਵਾਸੀ ਵਾਰਡ ਨੰ. 9, ਡਾਕ. ਟਾਂਡਾ, ਉੜਮੁੜ, ਹੁਸ਼ਿਆਰਪੁਰ, ਪੰਜਾਬ (ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਿਸਾਂ (ਏ) ਸ੍ਰੀਮਤੀ ਸ਼ੋਭਾਵਤੀ ਦੇਵੀ ਪਤਨੀ ਪ੍ਰੇਮ ਸ਼ੰਕਰ ਵਾਸੀ ਵਾਰਡ ਨੰ. 9, ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ (ਬੀ) ਸ੍ਰੀਮਤੀ ਅਨੁਪਮ ਕੁਮਾਰੀ ਪਤਨੀ ਅਨੰਦ ਕੁਮਾਰ ਵਾਸੀ ਵਾਰਡ ਨੰ. 9, ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ (ਸੀ) ਆਤਿਸ਼ ਅਨੰਦ ਵਾਸੀ ਵਾਰਡ ਨੰ. 9, ਪਿੰਡ ਤੇ ਡਾਕ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਰਾਹੀਂ ਇਸ ਦੀ ਮਾਤਾ ਕਾਨੂੰਨੀ ਗਾਰਡੀਅਨ (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 2. ਸ੍ਰੀ ਬਲਰਾਜ ਮਹਿੰਦਰੂ ਪੁੱਤਰ ਦੌਲਤ ਰਾਮ ਵਾਸੀ ਰਾਮ ਗਲੀ, ਵਾਰਡ ਨੰ. 2 ਅਹੀਆਪੁਰ, ਹੁਸ਼ਿਆਰਪੁਰ, ਪੰਜਾਬ-144204 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ/022611000047 'ਚ ਬਕਾਇਆ ਰਾਸ਼ੀ ਰੁਪਏ 14,34,870.60 ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/022611000047 'ਚ ਬਕਾਇਆ ਰਾਸ਼ੀ ਰੁਪਏ 14,34,870.60 ਮਿਤੀ 01.12.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ : ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2022-23/161/1/2465 ਮਿਤੀ 16.03.2023 ਅਨੁਸਾਰ ਸ੍ਰੀ ਅਨੰਦ ਕੁਮਾਰ ਪੁੱਤਰ ਸ੍ਰੀ ਪ੍ਰੇਮ ਸ਼ੰਕਰ ਦੀ ਮਲਕੀਅਤ ਜਾਇਦਾਦ ਰਕਬਾ 3 ਮਰਲੇ, ਪਿੰਡ ਡੱਲਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਸਭ ਕੁੱਝ।

(ਮੌਜੂਦਾ ਪਤਾ : ਵਾਰਡ ਨੰ. 9, ਨਿਊ ਰਜਿੰਦਰ ਨਗਰ ਕਾਲੋਨੀ, ਯੂਰੋ ਕਿਡਜ਼ ਸਕੂਲ ਦੇ ਪਿਛਲੇ ਪਾਸੇ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ)

ਸਥਾਨ : ਟਾਂਡਾ ਮਿਤੀ : 21.05.2025 ਸਹੀ/- ਅਧਿਕਾਰਤ ਅਫਸਰ



**AXIS BANK** Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.

Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025

Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006

**[ ਰੂਲ-8 (1)]**

**(ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਰਕਮ ਅਤੇ ਉਸ ਉਪਰ ਵਿਆਜ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ/ਪਤਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|
| 1. | ਸ੍ਰੀਮਤੀ ਅੰਜੂ ਬਾਂਸਲ ਪਤਨੀ ਰਕੇਸ਼ ਕੁਮਾਰ ਬਾਂਸਲ (ਕਰਜ਼ਦਾਰ) ਅਤੇ (2) ਸ੍ਰੀ ਰਕੇਸ਼ ਬਾਂਸਲ ਪੁੱਤਰ ਓਮ ਪ੍ਰਕਾਸ਼ ਬਾਂਸਲ (ਸਹਿ-ਕਰਜ਼ਦਾਰ/ ਰਹਿਣਕਾਰ) | 18 ਜੂਨ 2022 | 19 ਮਈ 2025 | ਰੁਪਏ 48,96,161/- (ਅਠਤਾਲੀ ਲੱਖ ਛਿਆਨਵੇਂ ਹਜ਼ਾਰ ਇੱਕ ਸੌ ਇਕਾਹਠ ਰੁਪਏ ਕੇਵਲ) |

ਗਿਰਵੀ ਜਾਇਦਾਦ ਦਾ ਵੇਰਵਾ :- ਗਿਫਟ ਡੀਡ ਵਸੀਕਾ ਨੰ. 424 ਮਿਤੀ 17.05.2004 ਅਨੁਸਾਰ ਰਕੇਸ਼ ਬਾਂਸਲ ਪੁੱਤਰ ਓਮ ਪ੍ਰਕਾਸ਼ ਬਾਂਸਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਐੱਮ ਸੀ ਨੰ. B-V-803/B/1, ਰਕਬਾ 00 ਕਨਾਲ-10 ਮਰਲੇ (300 ਵਰਗ ਗਜ਼) ਜੋ ਕਿ 01 ਕਨਾਲ-00 ਮਰਲੇ ਦਾ 1/2 ਹਿੱਸਾ ਹੈ, ਖੇਵਟ ਨੰ. 400, ਖਤੌਨੀ ਨੰ. 726, ਖਸਰਾ ਨੰ. 1970/3 (1-0), ਕਿੱਤੇ-1, ਜਮ੍ਹਾਂਬੰਦੀ ਸਾਲ 1998-99, ਅਗਰ ਨਗਰ, ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) ਪੂਰਬ : ਮਕਾਨ ਰੂਪ ਚੰਦ ਸਾਈਡ 60', ਪੱਛਮ : ਰਸਤਾ ਗਲੀ 15' ਚੌੜਾ 60', ਉੱਤਰ : ਰਸਤਾ ਗਲੀ 15' ਚੌੜਾ 45', ਦੱਖਣ : ਅਨਿਲ ਕਾਸਲ ਦਾ ਮਕਾਨ 45'

ਉਕਤ ਦਰਜ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 23.05.2025, ਸਥਾਨ : ਪੰਜਾਬ ਸਹੀ/ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



# ਓਰਾ ਦੀ ਏਕਤਾ ਵੈਡਿੰਗ ਕਲੈਕਸ਼ਨ ਨਾਲ ਵਿਆਹ ਦੇ ਪਲਾਂ ਨੂੰ ਹਮੇਸ਼ਾ ਲਈ ਯਾਦਗਾਰ ਬਣਾਓ

**ਲੁਧਿਆਣਾ :** ਭਾਰਤ ਦੇ ਪ੍ਰਮੁੱਖ ਡਾਇਮੰਡ ਜਿਊਲਰੀ ਬ੍ਰਾਂਡ ਓਰਾ ਫਾਈਨ ਜਿਊਲਰੀ ਨੇ ਆਪਣੇ ਮਸ਼ਹੂਰ ਏਕਤਾ ਵੈਡਿੰਗ ਕਲੈਕਸ਼ਨ ਚ ਨਵੇਂ ਡਿਜ਼ਾਇਨਾਂ ਨੂੰ ਸ਼ਾਮਲ ਕੀਤਾ । ਇਸ ਖਾਸ ਮੌਕੇ ਨੂੰ ਹੋਰ ਜਿਆਦਾ ਖਾਸ ਬਣਾਉਣ ਲਈ ਓਰਾ ਸੀਮਿਤ ਸਮੇਂ ਦੇ ਲਈ, 1 ਜੂਨ 2025 ਤੱਕ, ਖਾਸ ਆਫਰਸ ਵੀ ਦੇ ਰਿਹਾ ਹੈ । ਓਰਾ ਫਾਈਨ ਜਿਊਲਰੀ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਦੀਪੂ ਮਹਿਤਾ ਨੇ ਦੱਸਿਆ ਕਿ, ਏਕਤਾ ਵੈਡਿੰਗ ਕਲੈਕਸ਼ਨ ਸਦਾ ਤੋਂ ਭਾਰਤੀ ਵਿਆਹਾਂ ਦੀ ਅਲੌਕਿਕ ਅਤੇ ਖੁਸ਼ੀਆਂ ਭਰੇ ਮੰਜਰ ਦਾ ਆਕਰਸ਼ਣ ਰਿਹਾ ਹੈ । ਇਹ ਖਾਸ ਆਫਰਾਂ ਪੂਰੇ ਭਾਰਤ ਦੇ ਸਾਰੇ ਸਟੋਰਾਂ ਤੇ ਉਪਲਬਧ ਹਨ, ਸਿਰਫ 1 ਜੂਨ 2025 ਤੱਕ ਵੈਲਿਡ ਹਨ:-ਡਾਯਮੰਡ ਦੀ ਕੀਮਤ ਚ ਫਲੈਟ 25% ਦੀ ਛੂਟ: ਏਕਤਾ ਕਲੈਕਸ਼ਨ ਦਾ ਆਕਰਸ਼ਕ ਡਾਯਮੰਡ ਨੈਕਲੇਸ (5 ਲੱਖ ਨਾਲੋਂ ਜਿਆਦਾ) ਖਰੀਦੋ ਅਤੇ ਡਾਯਮੰਡ ਦੀ ਕੀਮਤ ਚ 25% ਦੀ ਛੂਟ ਪਾਓ । 0% ਡਾਊਨਪੇਮੈਂਟ+। 0% ਵਿਆਜ ਦੇ ਨਾਲ EMI । ਸਾਰੀਆਂ ਆਫਰਾਂ ਤੇ ਨਿਯਮ ਅਤੇ ਸ਼ਰਤਾਂ ਲਾਗੂ ।


# ਬੀਬੀ ਸੁਖਵਿੰਦਰ ਕੌਰ ਗੋਸਲ ਨੂੰ ਅੰਤਮ ਅਰਦਾਸ ਮੌਕੇ ਭਾਵ ਭਿੰਨੀਆਂ ਸ਼ਰਧਾਂਜਲੀਆਂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਸਤਨਾਮ ਸਿੰਘ ਗੋਸਲ਼ ਦੀ ਧਰਮ ਸੁਪਤਨੀ ਬੀਬੀ ਸੁਖਵਿੰਦਰ ਕੌਰ ਗੋਸਲ (53) ਜੋ ਕੁਝ ਦਿਨ ਪਹਿਲਾਂ ਭਰ ਜਵਾਨੀ ਵਿੱਚ ਸੰਖੇਪ ਬਿਮਾਰੀ ਉਪਰੰਤ ਅਚਾਨਕ ਪਰਿਵਾਰ ਨੂੰ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਨਮਿਤ ਰੱਖੇ ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ ਅੱਜ ਉਨਾ ਦੇ ਗ੍ਰਹਿ ਪਿੰਡ ਗੋਸਲ ਵਿਖੇ ਪਾਏ ਗਏ , ਉਪਰੰਤ ਪਰਿਵਾਰ ਵੱਲੋਂ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਪਿੰਡ ਗੋਸਲ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਮੌਕੇ ਭਾਈ ਮਨਜਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਾਲਿਆ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ, ਉਪਰੰਤ ਕਥਾਵਾਚਕ ਭਾਈ ਜਸਵਿੰਦਰ ਸਿੰਘ ਸ਼ਹੂਰ ਵੱਲੋਂ ਗੁਰਬਾਣੀ ਤੇ ਕਥਾ ਵਿਚਾਰਾਂ ਰਾਹੀਂ ਸ਼ੋਕ ਸਮਾਗਮ ਮੌਕੇ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ । ਇਸ ਮੌਕੇ ਗ੍ਰੰਥੀ ਸਿੰਘ ਬਾਬਾ ਗੁਰਦੇਵ ਸਿੰਘ ਵੱਲੋਂ ਬੀਬੀ ਸੁਖਵਿੰਦਰ ਕੌਰ ਗੋਸਲ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਗੋਰਾਇਆ, ਮਹਿੰਦਰ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਭਾਈ ਵਰਿਆਮ ਸਿੰਘ ਹੈੱਡ ਪ੍ਰਚਾਰਕ ਪਠਾਨਕੋਟ ਸਮੇਤ ਵੱਖ-ਵੱਖ ਪੰਥਕ ਸ਼ਖ਼ਸੀਅਤਾਂ ਵੱਲੋਂ ਬੀਬੀ ਸੁਖਵਿੰਦਰ ਕੌਰ ਗੋਸਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਗਿਆ ਕਿ ਬੀਬੀ ਜੀ ਦੇ ਭਰ ਜਵਾਨੀ ਵਿੱਚ ਚਲੇ ਜਾਣ ਨਾਲ ਗੋਸਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ । ਉਹ ਬਹੁਤ ਹੀ ਨੇਕ ਦਿਲ ਤੇ ਧਾਰਮਿਕ ਵਿਚਾਰਾਂ ਵਾਲੇ ਸਨ । ਉਨ੍ਹਾਂ ਦਾ ਗੁਰੂ ਘਰ ਨਾਲ ਅਥਾਹ ਪਿਆਰ ਸੀ । ਬੀਬੀ ਸੁਖਵਿੰਦਰ ਕੌਰ ਨੇ ਜਿੱਥੇ ਆਪਣੇ ਬੱਚਿਆਂ ਦਾ ਵਧੀਆ ਪਾਲਣ ਪੋਸ਼ਣ ਕੀਤਾ,ਉਥੇ ਉਨ੍ਹਾਂ ਨੂੰ ਸਿੱਖੀ ਅਤੇ ਗੁਰੂਘਰ ਨਾਲ ਜੋੜਨ ਵਿੱਚ ਵੀ ਅਹਿਮ ਯੋਗਦਾਨ ਰਿਹਾ ਹੈ ।ਉਨਾਂ ਕਿਹਾ ਕਿ ਬੀਬੀ ਸੁਖਵਿੰਦਰ ਕੌਰ ਦੇ ਸਹਿਯੋਗ ਸਦਕਾ ਉਨਾਂ ਦੇ ਪਤੀ ਮੈਨੇਜਰ ਸਤਨਾਮ ਸਿੰਘ ਗੋਸਲ਼ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਅਹੁਦੇ ਤੇ ਬੈਠ ਕੇ ਵਧੀਆ ਸੇਵਾਵਾਂ ਨਿਭਾਅ ਰਹੇ ਹਨ ।ਇਸ ਮੌਕੇ ਜਥੇਦਾਰ ਸੁੱਚਾ ਸਿੰਘ ਲੰਗਾਹ ਅਤੇ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਦੀ ਅਗਵਾਈ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੇਜਰ ਸਤਨਾਮ ਸਿੰਘ ਗੋਸਲ਼ ਨੂੰ ਦਸਤਾਰ ਭੇਟ ਕੀਤੀ ਗਈ ।ਇਸ ਮੌਕੇ ਵੀ ਗੁਰੂ ਘਰ ਉਨ੍ਹਾਂ ਦੀ ਅੰਤਿਮ ਯਾਤਰਾ ਮੌਕੇ ਵੱਖ-ਵੱਖ ਰਾਜਨੀਤਕ ,ਧਾਰਮਿਕ ,ਸਮਾਜ ਸੇਵੀ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ, ਇਲਾਕੇ ਦੇ ਲੋਕਾ ਸਮੇਤ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਸ਼ਾਮਲ ਹੋ ਕੇ ਬੀਬੀ ਸੁਖਵਿੰਦਰ ਕੌਰ ਗੋਸਲ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਅਤੇ ਉਨਾ ਦੇ ਪਤੀ ਮੈਨੇਜਰ ਸਤਨਾਮ ਸਿੰਘ ਗੋਸਲ਼ ਸਮੇਤ ਉੱਨਾਂ ਦੇ ਪਰਿਵਾਰਕ ਮੈਂਬਰਾ ਨਾਲ ਦੁੱਖ ਸਾਂਝਾ ਕੀਤਾ । ਇਸ ਮੌਕੇ ਪੰਜਾਬ ਦੇ ਸਾਬਕਾ ਖੇਤੀਬਾੜੀ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ, ਬਾਬਾ ਸਾਹਿਬ ਸਿੰਘ ਕਾਰ ਸੇਵਾ ਵਾਲੇ, ਜਗਬੀਰ ਸਿੰਘ ਗੋਸਲ,ਮੈਨੇਜਰ ਜਗਦੀਪ ਸਿੰਘ ਤੇਜਾ ਕਲਾਂ,ਮੈਨੇਜਰ ਰਣਜੀਤ ਸਿੰਘ ਕਲਿਆਣਪੁਰ,ਚੇਅਰਮੈਨ ਜਗਤਾਰ ਸਿੰਘ ਗੋਸਲ ,ਮੈਨੇਜਰ ਚਰਨਜੀਤ ਸਿੰਘ,ਇੰਸਪੈਕਟਰ ਬਲਜੀਤ ਸਿੰਘ ਤਲਵੰਡੀ ਰਾਮਾ,ਪਰਮਵੀਰ ਸਿੰਘ ਲਾਡੀ,ਐਕਸੀਅਨ ਜਤਿੰਦਰ ਪਾਲ ਸਿੰਘ,ਐਸ ਡੀ ਓ ਰਘਬੀਰ ਸਿੰਘ ,ਅਵਤਾਰ ਸਿੰਘ ਕਵੀਸ਼ਰ, ਸਤਬੀਰ ਸਿੰਘ ਬਿੱਟੂ,ਡਾਕਟਰ ਮਲਤਾਨੀ, ਜਸਵੰਤ ਸਿੰਘ ਫੌਜੀ,ਰਣਜੀਤ ਸਿੰਘ ਕਲਾਨੌਰ,ਗੁਰਦੇਵ ਸਿੰਘ ਠੇਠਰਕੇ,ਅਮਰਜੀਤ ਸਿੰਘ ਝੰਗੀ, ਧਰਮਪਾਲ ਸਿੰਘ ਡੇਰਾ, ਅਸ਼ੋਕ ਕਾਮਰੇਡ,ਮਨਜੀਤ ਸਿੰਘ ਲਾਲੇ ਨੰਗਲ, ਸੁਖਰਾਜ ਸਿੰਘ ਹੈੱਡ ਗ੍ਰੰਥੀ ਬਾਹਠ ਸਾਹਿਬ,ਸਰਬਜੀਤ ਸਿੰਘ ਮੈਨੇਜਰ ਗੁਰਦੁਆਰਾ ਬਾਠ ਸਾਹਿਬ,ਪ੍ਰਗਟ ਸਿੰਘ ਮੈਨੇਜਰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ,ਜਥੇਦਾਰ ਰਜਿੰਦਰ ਸਿੰਘ ਬਾਜਵਾ ਵੇਰੋਕੇ,ਹਰਸਿਮਰਤ ਸਿੰਘ ਬਾਜਵਾ, ਚਰਨਜੀਤ ਸਿੰਘ ਬੇਦੀ,ਸਤਨਾਮ ਸਿੰਘ ਠੇਠਰਕੇ,ਤੇਜਬੀਰ ਸਿੰਘ ਪੀ ਏ,ਜੱਗਾ ਤਲਵੰਡੀ ਗੋਰਾਇਆ,ਸੁਰਜੀਤ ਸਿੰਘ ਚਾਕਾਵਾਲੀ,ਸਮੇਤ ਸਮੂਹ ਸਟਾਫ ਅਕਾਊਂਟ ਬ੍ਰਾਂਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ,ਗ੍ਰੰਥੀ ਸਿੰਘ ਤੇ ਉਨ੍ਹਾਂ ਦੇ ਰਿਸ਼ਤੇਦਾਰ ਆਦਿ ਹਾਜ਼ਰ ਸਨ ।

# ਡਾ. ਅਸ਼ੋਕ ਕੁਮਾਰ ਮਿੱਤਲ ਅਪ੍ਰੇਸ਼ਨ ਸਿੰਧੂਰ 'ਤੇ ਗਲੋਬਲ ਆਊਟਰੀਚ ਦੀ ਅਗਵਾਈ ਕਰਨ ਲਈ ਨਿਯੁਕਤ



**ਜਲੰਧਰ (ਸ਼ੈਲੀ ਐਲਬਰਟ)**- ਆਪਣੇ ਵਧਦੇ ਰਾਸ਼ਟਰੀ ਅਤੇ ਵਿਸ਼ਵਵਿਆਪੀ ਕੱਦ ਨੂੰ ਉਜਾਗਰ ਕਰਦੇ ਹੋਏ ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਸੰਸਥਾਪਕ ਚਾਂਸਲਰ ਨੂੰ ਭਾਰਤ ਸਰਕਾਰ ਦੁਆਰਾ ਅੱਤਵਾਦ ਵਿਰੁੱਧ ਦੇਸ਼ ਦੇ ਅਡੋਲ ਸਟੈਂਡ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਰਣਨੀਤਕ ਸਰਬ-ਪਾਰਟੀ ਵਫ਼ਦ ਦਾ ਹਿੱਸਾ ਬਣਨ ਲਈ ਚੁਣਿਆ ਗਿਆ ਹੈ। ਡਾ. ਮਿੱਤਲ ਦਾ ਵਫ਼ਦ ਸਪੇਨ, ਗ੍ਰੀਸ, ਸਲੋਵੇਨੀਆ, ਲਾਤਵੀਆ ਅਤੇ ਰੂਸ ਦਾ ਦੌਰਾ ਕਰੇਗਾ। ਵਫ਼ਦ ਦੀ ਅਗਵਾਈ ਸੀਨੀਅਰ ਡੀ ਐਮ ਕੇ ਸੰਸਦ ਮੈਂਬਰ ਕਨੀਮੋਝੀ ਕਰੁਣਾਨਿਧੀ ਕਰ ਰਹੇ ਹਨ ਅਤੇ ਇਸ ਵਿੱਚ ਦੇ ਪ੍ਰਸਿੱਧ ਡਿਪਲੋਮੈਟ ਮੰਜੀਵ ਸਿੰਘ ਪੁਰੀ ਅਤੇ ਜਾਵੇਦ ਅਸ਼ਰਫ਼ ਸ਼ਾਮਲ ਹਨ। ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਇਸ ਮਹੱਤਵਪੂਰਨ ਕੂਟਨੀਤਕ ਮਿਸ਼ਨ 'ਤੇ ਭਾਰਤ ਦੀ ਨੁਮਾਇੰਦਗੀ ਕਰਨਾ ਮੇਰੇ ਲਈ ਸਨਮਾਨ ਦੀ ਗੱਲ ਹੈ। ਇਹ ਪਹੁੰਚ ਸਿਰਫ਼ ਕੂਟਨੀਤੀ ਬਾਰੇ ਨਹੀਂ ਹੈ; ਇਹ ਸੱਚਾਈ, ਨਿਆਂ ਅਤੇ ਸ਼ਾਂਤੀ ਬਾਰੇ ਹੈ। ਡਾ. ਮਿੱਤਲ ਨੇ ਭਾਰਤ ਦੀ ਅੰਦਰੂਨੀ ਤਾਕਤ ਅਤੇ ਅੰਤਰਰਾਸ਼ਟਰੀ ਸ਼ਮੂਲੀਅਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਅੱਜ ਭਾਰਤ ਕੋਲ ਮਜ਼ਬੂਤ, ਦੂਰਦਰਸ਼ੀ ਲੀਡਰਸ਼ਿਪ ਹੈ। ਅੱਤਵਾਦ ਨੂੰ ਸੰਪੂਰਨ ਖਤਮ ਕਰਨ ਲਈ ਵਿਸ਼ਵਵਿਆਪੀ ਸਹਿਯੋਗ ਜ਼ਰੂਰੀ ਹੈ; ਅਤੇ ਇਹੀ ਸੰਦੇਸ਼ ਹੈ ਜੋ ਮੈਂ ਦੁਨੀਆ ਤਕ ਲੈ ਕੇ ਜਾਵਾਂਗਾ। ਇਹ ਗਲੋਬਲ ਕੂਟਨੀਤਕ ਮਿਸ਼ਨ 22 ਅਪ੍ਰੈਲ, 2025 ਨੂੰ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਆਇਆ ਹੈ, ਜਿਸ ਵਿੱਚ 26 ਨਿਰਦੋਸ਼ ਨਾਗਰਿਕ ਮਾਰੇ ਗਏ ਸਨ; 26/11 ਦੇ ਮੁੰਬਈ ਹਮਲਿਆਂ ਤੋਂ ਬਾਅਦ ਸਭ ਤੋਂ ਭੈੜਾ ਅੱਤਵਾਦੀ ਹਮਲਾ। ਭਾਰਤ ਸਰਕਾਰ ਨੇ 32 ਦੇਸ਼ਾਂ ਦਾ ਦੌਰਾ ਕਰਨ ਲਈ ਸੱਤ ਸਰਬ-ਪਾਰਟੀ ਵਫ਼ਦ ਬਣਾਏ ਹਨ, ਜਿਨ੍ਹਾਂ ਵਿੱਚ ਸੰਸਦ ਅਤੇ ਕੂਟਨੀਤਕ ਸਰਕਲਾਂ ਦੇ ਕੁੱਲ 59 ਪ੍ਰਤੀਨਿਧੀ ਸ਼ਾਮਲ ਹਨ। ਇਹ ਕਾਰਵਾਈ 'ਇੱਕ ਮਿਸ਼ਨ, ਇੱਕ ਸੁਨੇਹਾ, ਇੱਕ ਭਾਰਤ' ਥੀਮ ਦੇ ਤਹਿਤ ਏਕੀਕ੍ਰਿਤ ਹੈ।

# ਪੇਂਡੂ ਮਜ਼ਦੂਰ ਯੂਨੀਅਨ ਨੇ ਮੁੱਖ ਮੰਤਰੀ ਦਾ ਪੁਤਲਾ ਸਾੜ ਕੇ ਮਜ਼ਦੂਰਾਂ ਨੂੰ ਜੇਲ੍ਹ ਭੇਜਣ ਦਾ ਕੀਤਾ ਵਿਰੋਧ

## ● ਮਾਮਲਾ ਬੀੜ ਐਸਵਾਨ ਦੀ 927 ਏਕੜ ਜ਼ਮੀਨ ਦਾ ਬੇਜ਼ਮੀਨੇ ਮਜ਼ਦੂਰਾਂ ਨੂੰ ਹੱਕ ਦੇਣ ਦਾ

**ਕਰਤਾਰਪੁਰ** : ਸੰਗਰੂਰ ਸਥਿਤ ਬੀੜ ਐਸਵਾਨ ਦੀ 927 ਏਕੜ ਜ਼ਮੀਨ 'ਚ ਬੇਜ਼ਮੀਨੇ ਦਲਿਤ ਮਜ਼ਦੂਰਾਂ ਨੂੰ ਹਿੱਸਾ ਦਿਵਾਉਣ ਲਈ 20 ਮਈ ਨੂੰ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਸਕੱਤਰ ਪਰਮਜੀਤ ਕੌਰ ਲੌਂਗੋਵਾਲ, ਹਰਗੋਬਿੰਦਰ ਸਿੰਘ ਸਮੇਤ ਦਰਜਨਾਂ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਣ ਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਤਰਸੇਮ ਪੀਟਰ ਅਤੇ ਜ਼ਿਲ੍ਹਾ ਜਲੰਧਰ ਹੰਸ ਰਾਜ ਪੱਬਵਾਂ ਨੂੰ ਗ੍ਰਿਫ਼ਤਾਰ ਕਰਨ ਦੇ ਵਿਰੋਧ ਵਜੋਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਸੱਦੇ ਤਹਿਤ ਤਿਲਕਾ ਕਮੇਟੀ ਵਲੋਂ ਅੱਜ ਪਿੰਡ ਘੁੱਗਸ਼ੋਰ, ਬੱਘੂਵੰਡ, ਕਾਲਾਬੱਕਰਾ ਅਤੇ ਧੀਰਪੁਰ ਵਿਖੇ ਪੇਂਡੂ ਮਜ਼ਦੂਰਾਂ ਨੇ ਪ੍ਰਦਰਸ਼ਨ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਤਹਿਸੀਲ ਪ੍ਰਧਾਨ ਕੇ ਐਸ ਅਟਵਾਲ ਨੇ ਸੰਬੋਧਨ ਕਰਦਿਆਂ ਭਗਵੰਤ ਮਾਨ ਸਰਕਾਰ ਦੇ ਬੇਜ਼ਮੀਨੇ ਦਲਿਤ ਮਜ਼ਦੂਰ ਤੇ ਕਿਸਾਨ ਵਿਰੋਧੀ ਅਤੇ ਪੇਂਡੂ ਧਨਾਢਾਂ ਤੇ ਕਾਰਪੋਰੇਟ ਘਰਾਣਿਆਂ ਪੱਖੀ ਚਿਹਰੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਬੇਪਰਦ ਕੀਤਾ।ਉਨ੍ਹਾਂ ਦਲਿਤ ਮਜ਼ਦੂਰਾਂ ਉੱਪਰ ਜਬਰ ਦੀ ਨਿੰਦਾ ਕਰਦਿਆਂ ਕਿਹਾ ਝੂਠੇ ਕੇਸ, ਜੇਲ੍ਹਾਂ ਬੇਜ਼ਮੀਨੇ ਦਲਿਤ ਮਜ਼ਦੂਰਾਂ ਨੂੰ ਬੀੜ ਐਸਵਾਨ ਦੀ 927 ਏਕੜ ਜ਼ਮੀਨ 'ਚ ਬੇਜ਼ਮੀਨੇ ਮਜ਼ਦੂਰ ਵਸਾਉਣ ਤੋਂ ਰੋਕ ਨਹੀਂ ਸਕਣਗੀਆਂ। ਇਸ ਮੌਕੇ ਉਨ੍ਹਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਘਰਸ਼ ਦੀ ਡੱਟਵੀਂ ਹਮਾਇਤ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਬੇਜ਼ਮੀਨੇ ਮਜ਼ਦੂਰ ਖੇਤਰ ਦੀ ਜੀਊ ਦੀ ਰੰਡੀ ਹਨ ਪਰ ਉਨ੍ਹਾਂ ਕੋਲ ਆਪਣੀ ਜ਼ਮੀਨ ਨਹੀਂ ਹੈ। ਸਦੀਆਂ ਪਹਿਲਾਂ ਮਨੂੰਵਾਦੀਆਂ ਨੇ ਜਾਤਪਾਤੀ ਵਿਵਸਥਾ ਕਾਰਨ ਇਹਨਾਂ ਦਲਿਤ ਲੋਕਾਂ ਨੂੰ ਜ਼ਮੀਨ ਤੋਂ ਵਾਂਝੇ ਰੱਖਿਆ ਸੀ। ਉਨ੍ਹਾਂ ਕਿਹਾ ਆਜ਼ਾਦੀ ਦੇ 77 ਬੀਤਣ ਤੋਂ ਬਾਅਦ ਵੀ ਮਜ਼ਦੂਰਾਂ ਕੋਲ ਆਪਣੀ ਜ਼ਮੀਨ ਨਹੀਂ, ਰਹਿਣ ਲਈ ਯੋਗ ਘਰ ਨਹੀਂ। ਜਿਸ ਕਰਕੇ ਸਮਾਜ ਅੰਦਰ ਉਹਨਾਂ ਦੀ ਹਾਲਤ ਬਹੁਤ ਮਾੜੀ ਹੈ। ਉਹ ਬੇਰੁਜ਼ਗਾਰ ਹਨ, ਕਰਜ਼ੇ ਹੇਠ ਦੱਬੇ ਹੋਏ ਹਨ ਅਤੇ ਸਮਾਜਿਕ ਜਬਰ ਦਾ ਸ਼ਿਕਾਰ ਹਨ ਪਰ ਪੇਂਡੂ ਸਰਕਾਰਾਂ ਲਗਾਤਾਰ ਉਹਨਾਂ ਦੀ ਅਣਦੇਖੀ ਕਰ ਰਹੀਆਂ ਹਨ ਤੇ ਪੇਂਡੂ ਧਨਾਢ ਉਹਨਾਂ ਦੀਆਂ ਜਾਤਾਂ ਪਰਖਦੇ ਹਨ। ਉਨ੍ਹਾਂ ਕਿਹਾ ਕਿ ਜ਼ਮੀਨ ਹੱਦਬੰਦੀ ਕਾਨੂੰਨ ਪਹਿਲਿਆਂ ਸਰਕਾਰਾਂ ਵਾਂਗ ਭਗਵੰਤ ਮਾਨ ਸਰਕਾਰ ਵੀ ਲਾਗੂ ਕਰਨ ਲਈ ਤਿਆਰ ਨਹੀਂ। ਜਦੋਂ ਵੀ ਮਜ਼ਦੂਰ ਆਪਣੇ ਹਿੱਸੇ ਦੀ ਜ਼ਮੀਨ ਦੀ ਮੰਗ ਕਰਦੇ ਹਨ ਤਾਂ ਪੇਂਡੂ ਧਨਾਢਾਂ, ਜਾਗੀਰਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਪੱਖ ਵਿਚ ਖੜ੍ਹ ਕੇ ਪੁਲਸ ਅਤੇ ਸਰਕਾਰਾਂ ਮਜ਼ਦੂਰ ਲਹਿਰ 'ਤੇ ਝਪਟਦੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਸਾਰੇ ਸਾਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਬੀੜ ਐਸਵਾਨ ਦੀ 927 ਏਕੜ ਜ਼ਮੀਨ ਦਾ ਹੱਕ ਬੇਜ਼ਮੀਨੇ ਮਜ਼ਦੂਰਾਂ ਨੂੰ ਦਿੱਤਾ ਜਾਵੇ ਅਤੇ ਜ਼ਮੀਨ ਹੱਦਬੰਦੀ ਕਾਨੂੰਨ ਤੋਂ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਨੂੰ ਵੰਡੀਆਂ ਜਾਣ, ਲੋੜਵੰਦਾਂ ਨੂੰ ਰਿਹਾਇਸ਼ੀ ਪਲਾਟ ਤੇ ਮਕਾਨ ਉਸਾਰੀ ਲਈ ਗ੍ਰਾਂਟ ਦਿੱਤੀ ਜਾਵੇ। ਇਸ ਮੌਕੇ ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾਈ ਪ੍ਰਧਾਨ ਅਤੇ ਹੋਰ ਆਗੂਆਂ ਨੇ ਕਿਹਾ ਕਿ ਜੀਤੋ ਅਤੇ ਯੂਨੀਅਨ ਦੇ ਆਗੂ ਪਰਮਜੀਤ ਕੌਰ ਮੌਕੇ, ਬਲਵਿੰਦਰ ਕੌਰ ਘੁੱਗ, ਬਲਬੀਰ ਸਿੰਘ ਧੀਰਪੁਰ ਤੇ ਬਲਵਿੰਦਰ ਕੌਰ ਦਿਆਲਪੁਰ ਆਦਿ ਨੇ ਵੀ ਸੰਬੋਧਨ ਕੀਤਾ।



# ਹੈਰੋਇਨ ਸਮੇਤ ਗ੍ਰਿਫ਼ਤਾਰ



**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਰਾਜ ਵਿਆਪੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਸਰਹੱਦ ਪਾਰ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ ਦੋਸ਼ੀ ਸ਼ਿਵਮ ਸੋਢੀ ਉਰਫ਼ ਸ਼ਿਵਾ ਨੂੰ 5 ਕਿਲੋ ਹੈਰੋਇਨ ਅਤੇ 22,000 ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ। ਵੇਰਵਾ ਸਾਂਝਾ ਕਰਦੇ ਹੋਏ ਸੀ ਪੀ ਜਲੰਧਰ ਨੇ ਕਿਹਾ ਕਿ ਸੀ ਆਈ ਏ ਸਟਾਫ ਦੀ ਇੱਕ ਟੀਮ ਨੇ ਸ਼ਿਵਮ ਸੋਢੀ ਉਰਫ਼ ਸ਼ਿਵਾ ਪੁੱਤਰ ਵਰਿੰਦਰ ਸੋਢੀ, ਵਾਸੀ ਮਕਾਨ ਨੰਬਰ 54, ਸਿਮਰਨ ਐਨਕਲੇਵ, ਨੇੜੇ ਲੰਬਾ ਪਿੰਡ ਚੌਕ, ਪੀ ਐਸ ਰਾਮਾਮੰਡੀ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ 5 ਕਿੱਲੋ ਹੈਰੋਇਨ ਅਤੇ ₹22,000 ਡਰੱਗ ਮਨੀ ਬਰਾਮਦ ਕੀਤੀ। ਦੋਸ਼ੀ ਖ਼ਿਲਾਫ਼ ਕਾਰਵਾਈ ਕਰਦੇ ਹੋਏ ਐਨ ਡੀ ਪੀ ਐਸ ਐਕਟ ਪੁਲਸ ਸਟੇਸ਼ਨ ਡਵੀਜ਼ਨ ਨੰਬਰ 8, ਜਲੰਧਰ ਵਿਖੇ ਦਰਜ ਕੀਤਾ ਗਿਆ ਹੈ।ਸੀ ਪੀ ਜਲੰਧਰ ਨੇ ਕਿਹਾ ਕਿ ਦੋਸ਼ੀ ਖ਼ਿਲਾਫ਼ ਪਹਿਲਾਂ ਹੀ ਤਿੰਨ ਐਫ ਆਈ ਆਰ ਦਰਜ ਹਨ।

# ਹਾਕਮ ਥਾਪਰ ਨੇ ਡਿਪਟੀ ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਦਾ ਅਹੁਦਾ ਸੰਭਾਲਿਆ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**- ਜ਼ਿਲ੍ਹਾ ਲੋਕ ਸੰਪਰਕ ਅਫ਼ਸਰ (ਡੀ.ਪੀ.ਆਰ.ਓ.) ਹਾਕਮ ਥਾਪਰ ਨੇ ਤਰੱਕੀ ਮਿਲਣ ਉਪਰੰਤ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਜਲੰਧਰ ਦੇ ਡਿਪਟੀ ਡਾਇਰੈਕਟਰ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ ਹੈ।ਉਨ੍ਹਾਂ ਨੇ ਜੁਆਇੰਟ ਡਾਇਰੈਕਟਰ ਮਨਵਿੰਦਰ ਸਿੰਘ ਦੀ ਮੌਜੂਦਗੀ ਵਿੱਚ ਅਹੁਦਾ ਸੰਭਾਲਿਆ, ਜਿਨ੍ਹਾਂ ਨੇ ਥਾਪਰ ਨੂੰ ਮੁਬਾਰਕਬਾਦ ਦਿੰਦਿਆਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਵਿਆਪਕ ਪੱਧਰ 'ਤੇ ਜਨਤਾ ਤੱਕ ਪਹੁੰਚ ਯਕੀਨੀ ਬਣਾਉਣ ਲਈ ਆਪਣੇ ਅਣਥੱਕ ਯਤਨ ਜਾਰੀ ਰੱਖਣਗੇ।ਉਹ ਪਟਿਆਲਾ, ਬਠਿੰਡਾ, ਹੁਸ਼ਿਆਰਪੁਰ, ਮਾਨਸਾ ਅਤੇ ਜਲੰਧਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਡੀ.ਪੀ.ਆਰ.ਓ. ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਡਿਪਟੀ ਡਾਇਰੈਕਟਰ ਤਰੱਕੀ ਮਿਲਣ ਤੋਂ ਪਹਿਲਾਂ ਉਹ ਜਲੰਧਰ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

# ਵਿਦਿਆਰਥਣ ਪ੍ਰਨੀਤ ਕੌਰ ਨੇ ਦਸਵੀਂ ਦੀ ਪ੍ਰੀਖਿਆ 'ਚ ਉੱਤਮ ਦਰਜੇ ਦਾ ਕੀਤਾ ਪ੍ਰਦਰਸ਼ਨ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਰਿਆ ਇੰਟਰਨੈਸ਼ਨਲ ਸਕੂਲ ਤੁਗਰੀ ਕਲਾਂ (ਬਲਾਚੌਰ) ਦੀ ਵਿਦਿਆਰਥਣ ਅਤੇ ਪਿੰਡ ਮਜਾਰਾ (ਮੋਜੋਵਾਲ) ਦੀ ਵਸਨੀਕ ਸਾਬਕਾ ਫੌਜੀ ਗੁਰਨਾਮ ਸਿੰਘ ਅਤੇ ਸੁਨੀਤਾ ਰਾਣੀ ਦੀ ਹੋਣਹਾਰ ਧੀ ਪ੍ਰਨੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਮਾਰਚ 2025 ਵਿੱਚ ਐਲਾਨੇ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 90.2 ਫੀਸਦੀ ਅੰਕ ਪ੍ਰਾਪਤ ਕਰਕੇ ਉੱਤਮ ਦਰਜੇ ਦਾ ਪ੍ਰਦਰਸ਼ਨ ਕੀਤਾ ਹੈ। ਪ੍ਰਨੀਤ ਕੌਰ ਦੀ ਇਸ ਉਪਲੱਬਧੀ ਨੇ ਸਕੂਲ ਅਤੇ ਆਪਣੇ ਮਾਂ ਬਾਪ ਦਾ ਨਾਮ ਰੋਸ਼ਨ ਕੀਤਾ ਹੈ। ਪ੍ਰਨੀਤ ਕੌਰ ਦੇ ਮਾਪਿਆਂ ਨੇ ਆਖਿਆ ਕਿ ਇਹ ਉਪਲੱਬਧੀ ਜਿੱਥੇ ਪ੍ਰਨੀਤ ਕੌਰ ਦੀ ਦਿਨ ਰਾਤ ਕੀਤੀ ਗਈ ਪੜ੍ਹਾਈ ਦਾ ਨਤੀਜਾ ਹੈ ਉਥੇ ਹੀ ਅਧਿਆਪਕਾਂ ਦੀ ਅਗਵਾਈ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਬੱਚੀ ਪ੍ਰਨੀਤ ਕੌਰ ਨੇ ਬਿਨਾਂ ਕਿਸੇ ਟਿਊਸ਼ਨ ਤੋਂ ਇਹ ਅੰਕ ਪ੍ਰਾਪਤ ਕੀਤੇ ਹਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਕੁਇਜ਼ ਮੁਕਾਬਲਿਆਂ ਲਈ ਐਂਟਰੀਆਂ ਦੀ ਮੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰ ਸਾਲ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ ਬਾਲ ਗਿਆਨ ਸਾਹਿਤ ਅਧੀਨ ਜ਼ਿਲ੍ਹਾ ਅਤੇ ਰਾਜ ਪੱਧਰੀ ਬਾਲ ਸਾਹਿਤ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਦਾ ਉਦੇਸ਼ ਵਿਦਿਆਰਥੀਆਂ ਵਿਚ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਕੜੀ ਤਹਿਤ ਸਾਲ-2025 ਦੇ ਮੁਕਾਬਲੇ ਕਰਵਾਏ ਜਾਣੇ ਹਨ। ਇਨ੍ਹਾਂ ਬਾਲ ਸਾਹਿਤ ਕੁਇਜ਼ ਮੁਕਾਬਲਿਆਂ ਦਾ ਵਿਸ਼ਾ ਪੰਜਾਬੀ ਸਾਹਿਤ, ਧਰਮ, ਭਾਸ਼ਾ, ਸੱਭਿਆਚਾਰ, ਇਤਿਹਾਸ ਤੇ ਭੂਗੋਲ ਵਿਸ਼ੇ ਨਾਲ ਸਬੰਧਤ ਹੁੰਦਾ ਹੈ।ਖੋਜ ਅਫ਼ਸਰ, ਜ਼ਿਲ੍ਹਾ ਭਾਸ਼ਾ ਦਫ਼ਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਹ ਮੁਕਾਬਲੇ ਤਿੰਨ ਵਰਗਾਂ ਵਿਚ ਕਰਵਾਏ ਜਾਣੇ ਹਨ, ਜਿਸ ਵਿਚ ਪਹਿਲਾ ਉ- ਵਰਗ ਛੇਵੀਂ ਤੋਂ ਅੱਠਵੀਂ ਸ਼੍ਰੇਣੀ, ਦੂਸਰਾ ਅ- ਵਰਗ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਅਤੇ ਤੀਜਾ ੲ- ਵਰਗ ਗ੍ਰੈਜੂਏਸ਼ਨ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ। ਭਾਗ ਲੈਣ ਵਾਲੇ ਵਿਦਿਆਰਥੀ ਦੀ ਜਮਾਤ ਤੇ ਜਨਮ ਮਿਤੀ ਸੰਸਥਾ ਮੁਖੀ ਵੱਲੋਂ ਲਿਖਤੀ ਰੂਪ ਵਿਚ ਤਸਦੀਕ ਹੋਣੀ ਲਾਜ਼ਮੀ ਹੈ। ਹਰ ਵਰਗ ਵਿਚ ਇੱਕ ਸੰਸਥਾ ਵਿਚੋਂ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜੇ ਜਾ ਸਕਦੇ ਹਨ। ਜ਼ਿਲ੍ਹਾ ਪੱਧਰ 'ਤੇ ਹਰ ਵਰਗ ਵਿਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ। ਹਰ ਵਰਗ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿਚ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ 1000 ਰੁਪਏ, ਦੂਸਰੇ ਸਥਾਨ ਵਾਲੇ ਵਿਦਿਆਰਥੀ ਨੂੰ 750 ਰੁਪਏ ਅਤੇ ਤੀਜੇ ਸਥਾਨ ਵਾਲੇ ਵਿਦਿਆਰਥੀ ਨੂੰ 500 ਰੁਪਏ, ਨਕਦ ਜਾਂ ਵਿਭਾਗੀ ਪੁਸਤਕਾਂ ਦੇ ਸੈੱਟ ਦੇ ਰੂਪ ਵਿਚ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਮੂਹ (ਸਰਕਾਰੀ/ਪ੍ਰਾਈਵੇਟ/ਏਡਿਡ) ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦਾ ਇਸ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਸਕੂਲਾਂ ਅਤੇ ਕਾਲਜਾਂ ਨੂੰ ਆਪਣੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀਆਂ ਐਂਟਰੀਆਂ 30 ਮਈ ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਦੇ ਕਮਰਾ ਨੰਬਰ 307-308, ਤੀਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਦਸਤੀ ਜਾਂ ਵਿਭਾਗ ਦੀ ਈਮੇਲ dlo.language. hsp @ gmail.com ਤੇ ਭੇਜੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

# ਆਮ ਆਦਮੀ ਦੀ ਪਾਰਟੀ ਦੀ ਸਰਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ ਭੁਗਤੀ : ਚਾਹਲ



**ਬਲਾਚੌਰ (ਜਸਵਿੰਦਰ ਬੈਂਸ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ 295 ਬਲਾਕ ਬਲਾਚੌਰ ਦੀ ਮਾਸਕ ਮੀਟਿੰਗ ਡਾ. ਤਜਿੰਦਰ ਸਿੰਘ ਸੇਠ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਪਿਛਲੇ ਮਹੀਨੇ ਦੀਆਂ ਗਤੀਵਿਧੀਆਂ ਬਾਰੇ ਡਾ. ਗਿਆਨ ਸਿੰਘ ਮੋਤਾ ਜਨਰਲ ਸਕੱਤਰ ਨੇ ਪੜ੍ਹ ਕੇ ਸੁਣਾਈਆਂ। ਮੌਕੇ 'ਤੇ ਸੂਬਾ ਉਪ ਪ੍ਰਧਾਨ ਡਾ. ਦਿਲਦਾਰ ਸਿੰਘ ਚਾਹਲ ਸ਼ਾਮਿਲ ਹੋਏ। ਉਹਨਾਂ ਨੇ ਕਿਹਾ ਕਿ ਪਿਛਲੇ ਦਿਨੀਂ ਹਲਕਾ ਵਿਧਾਇਕ ਡੇਰਾਬਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਜ਼ 'ਤੇ ਪਰਚੇ ਦਰਜ ਕਰਨ ਬਾਰੇ ਸੀ ਐਮ ਓ ਨੂੰ ਹੁਕਮ ਜਾਰੀ ਕੀਤੇ ਸਨ। ਪੰਜਾਬ ਦੇ ਮੈਡੀਕਲ ਪ੍ਰੈਕਟੀਸ਼ਨਰਜ਼ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰੈਕਟੀਸ਼ਨਰਾਂ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਜਿਹੜੇ ਵਾਅਦੇ ਪ੍ਰੈਕਟੀਸ਼ਨਰਜ਼ ਨਾਲ ਕਰਕੇ ਸੱਤਾ ਵਿਚ ਆਏ ਸੀ, ਇਹਨਾਂ ਵਿੱਚੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਜੇਕਰ ਪੰਜਾਬ ਸਰਕਾਰ ਨੇ ਪ੍ਰੈਕਟੀਸ਼ਨਰਜ਼ ਦੀ ਰਜਿਸਟਰੇਸ਼ਨ ਦਾ ਪ੍ਰਬੰਧ ਨਹੀਂ ਕੀਤਾ ਤਾਂ ਸੰਘਰਸ਼ ਜਾਰੀ ਰਹੇਗਾ।ਡਾ ਸਰਬਜੀਤ ਸਿੰਘ ਮੀਡੀਆ ਇੰਚਾਰਜ ਰਜਿਸਟਰੇਸ਼ਨ ਸੀਨੀ ਵਾਇਸ ਪ੍ਰਧਾਨ, ਡਾ ਪਿਆਰਾ ਸਿੰਘ ਵਾਇਸ ਪ੍ਰਧਾਨ, ਡਾ ਬਲਦੇਵ ਸਿੰਘ ਸਲਾਹਕਾਰ, ਡਾ ਸੁੱਚਾ ਸਿੰਘ ਸਲਾਹਕਾਰ, ਡਾ ਮਨਮੋਹਨ ਸਿੰਘ ਡਾ ਹਰਜਿੰਦਰ ਸਿੰਘ ਕੈਸ਼ੀਅਰ, ਡਾ ਗੁਰਪ੍ਰੀਤ, ਡਾ ਸੁਭਾਸ਼, ਡਾ ਬਹਾਦਰ ਸਿੰਘ, ਡਾ ਜਸਵੀਰ ਸਿੰਘ, ਡਾ ਅੰਗਰੇਜ਼ ਸਿੰਘ, ਡਾਕਟਰ ਨਰੇਸ਼ ਸਾਬਕਾ ਸਰਪੰਚ ਡਾ ਅਮਰੀਕ, ਡਾ ਪ੍ਰੇਮ ਸਿੰਘ, ਡਾ ਹਰਪ੍ਰੀਤ, ਡਾ ਜਤਿੰਦਰ, ਡਾ ਭੁਪਿੰਦਰ, ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਹੋਏ।

# ਦੀਪਿਕਾ ਚੌਧਰੀ ਨੇ ਜ਼ਿਲ੍ਹੇ 'ਚੋਂ ਦੂਜਾ ਦਰਜਾ ਤੇ ਪੰਜਾਬ 'ਚ 10ਵਾਂ ਰੈਂਕ ਪ੍ਰਾਪਤ ਕੀਤਾ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਦਸਵੀਂ ਕਲਾਸ ਦੇ ਐਲਾਨੇ ਨਤੀਜਿਆਂ ਵਿੱਚ ਪਿੰਡ ਕਰੀਮਪੁਰ ਧਿਆਨੀ ਦੀ ਹੋਣਹਾਰ ਧੀ ਅਤੇ ਸੇਂਟ ਸੋਲਜਰ ਨਵਾਂਸ਼ਹਿਰ ਦੀ ਹੋਣਹਾਰ ਵਿਦਿਆਰਥਣ ਦੀਪਿਕਾ ਚੌਧਰੀ ਵਲੋਂ ਜ਼ਿਲ੍ਹੇ ਭਰ 'ਚ ਦੂਜਾ ਦਰਜਾ ਅਤੇ ਪੰਜਾਬ ਵਿੱਚ 10ਵਾਂ ਰੈਂਕ ਪ੍ਰਾਪਤ ਕਰਕੇ ਪੜ੍ਹਾਈ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜਿੱਥੇ ਮਾਪਿਆਂ ਦਾ ਮਾਣ ਵਧਾਇਆ ਹੈ ਉੱਥੇ ਹੀ ਪਿੰਡ ਅਤੇ ਸਕੂਲ ਦਾ ਨਾਮ ਚਮਕਾਇਆ ਹੈ। ਸਵਰਗੀ ਬਖਸ਼ੀਸ਼ ਰਾਮ ਸੇਕਟਰੀ ਕਰੀਮਪੁਰ ਧਿਆਨੀ ਦੀ ਪੋਤੀ ਅਤੇ ਚੌਧਰੀ ਗੁਰਚਰਨ ਸਿੰਘ ਦੀ ਪੁੱਤਰੀ ਦੀਪਿਕਾ ਵਲੋਂ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚੋਂ 640/650 ਅੰਕ ਪ੍ਰਾਪਤ ਕਰਕੇ ਮੈਰਿਟ ਲਿਸਟ ਵਿੱਚ ਆਪਣਾ ਨਾਮ ਦਰਜ ਕਰਾਉਣ ਵਿੱਚ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਇਸ ਮੌਕੇ ਉਨ੍ਹਾਂ ਹੋਣਹਾਰ ਬੱਚੀ ਨੂੰ ਪੰਜਾਬ ਪ੍ਰਸ਼ਾਸਨ ਦੇ ਅਧਿਕਾਰੀ ਸੁਖਦੇਵ ਸਿੰਘ ਵਲੋਂ ਦੀਪਿਕਾ ਨੂੰ ਇੰਸ ਪ੍ਰਾਪਤੀ 'ਤੇ ਵਧਾਈ ਦਿੱਤੀ। ਇਸ ਮੌਕੇ ਬੱਚੀ ਦੇ ਪਿਤਾ ਚੌਧਰੀ ਗੁਰਚਰਨ ਸਿੰਘ ਵਲੋਂ ਵੀ ਪੂਰੇ ਸਕੂਲ ਸਟਾਫ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਕਰੜੀ ਮਿਹਨਤ ਸਦਕੇ ਅੱਜ ਉਨ੍ਹਾਂ ਦੀਆਂ ਧੀਆਂ ਨੇ ਵੱਡਾ ਸਥਾਨ ਪ੍ਰਾਪਤ ਕੀਤਾ ਹੈ।ਇਸ ਮੌਕੇ ਬਲਜਿੰਦਰ ਕੌਰ ਸਰਪੰਚ, ਨੰਬਰਦਾਰ ਰਾਮ ਮੂਰਤੀ, ਡਾ. ਸੁਭਾਸ਼ ਚੰਦਰ, ਸੇਵਾ ਮੁਕਤ ਥਾਣੇਦਾਰ ਸੁਰਜੀਤ ਸਿੰਘ, ਠੇਕੇਦਾਰ ਵਿਕਰਮਜੀਤ ਸਿੰਘ, ਲਖਵਿੰਦਰ ਸਿੰਘ ਲੱਖਾ, ਪਰਮਜੀਤ ਬਜਾੜ, ਵਿਜੇ ਕੁਮਾਰ ਬਜਾੜ, ਸੇਠੀ, ਅਸ਼ਵਨੀ, ਵਿਜੇ ਕੁਮਾਰ ਪੀਪੀ, ਗਿਆਨ ਚੰਦ ਜਰਮਨ ਵੀ ਮੌਜੂਦ ਸਨ।

# ਚੰਨੀ ਸੈਦਪੁਰ ਝਿੜੀ ਦੇ ਸਰਪੰਚ ਤਰਸੇਮ ਸਿੰਘ ਧੰਜੂ ਦੇ ਘਰ ਗਏ



**ਸ਼ਾਹਕੋਟ (ਗਿਆਨ ਸੈਦਪੁਰੀ)**- ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਦੀ ਲੋਕਪ੍ਰਿਅਤਾ ਦੇ ਕਈ ਕਾਰਨਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਉਹ ਪਰਵਾਰਾਂ ਵਿੱਚ ਜਲਦੀ ਹੀ ਘੁਲ ਮਿਲ ਜਾਂਦੇ ਹਨ। ਮੰਗਲਵਾਰ ਨੂੰ ਉਹ ਪਿੰਡ ਸੈਦਪੁਰ ਝਿੜੀ ਵਿੱਚ ਹੋਏ ਮੇਲੇ ਵਿੱਚ ਹਾਜ਼ਰੀ ਲਾਉਣ ਉਪਰੰਤ ਪਿੰਡ ਦੇ ਸਰਪੰਚ ਤਰਸੇਮ ਸਿੰਘ ਧੰਜੂ ਦੇ ਘਰ ਪਹੁੰਚੇ। ਇੱਥੇ ਉਨ੍ਹਾਂ ਧੰਜੂ ਪਰਵਾਰ ਨਾਲ ਗੱਲਬਾਤ ਕਰਦਿਆਂ ਚਾਹ ਦੀਆਂ ਚੁਸਕੀਆਂ ਵੀ ਲਾਈਆਂ। ਇੱਥੇ ਹੀ ਚੰਨੀ ਨੇ ਪਿੰਡ ਜਾਫਰਵਾਲ ਦੇ ਸਰਪੰਚ ਹਰਦੀਪ ਸਿੰਘ ਚੰਦੀ, ਜਿਸ ਦੀ ਲੱਖਾਂ ਰੁਪਏ ਦੀ ਡੰਪ ਕੀਤੀ ਹੋਈ ਪਰਾਲੀ ਸੜ ਗਈ ਸੀ, ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਸਰਪੰਚ ਚੰਦੀ ਨੂੰ ਭਰੋਸਾ ਦਿੱਤਾ ਕਿ ਉਸ ਦੇ ਹਿੱਸੇ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਉਣ ਲਈ ਢੁਕਵੀਂ ਕਰਵਾਈ ਲਈ ਸਰਕਾਰ ਨੂੰ ਲਿਖਿਆ ਜਾਵੇਗਾ। ਹਰਦੀਪ ਸਿੰਘ ਚੰਦੀ ਨੇ ਵੱਡੇ ਪੱਧਰ 'ਤੇ ਪਰਾਲੀ ਡੰਪ ਕੀਤੀ ਹੋਈ ਸੀ। ਚਾਰ ਡੰਪਾਂ ਵਿੱਚੋਂ ਪਿਛਲੇ ਦਿਨੀਂ ਦੋ ਡੰਪ ਸੜ ਕੇ ਸੁਆਹ ਹੋ ਗਏ ਸਨ। ਚੰਦੀ ਅਨੁਸਾਰ ਡੰਪ ਕੀਤੀ ਹੋਈ ਪਰਾਲੀ ਦੀ ਕੀਮਤ ਇੱਕ ਕਰੋੜ ਰੁਪਏ ਬਣਦੀ ਹੈ। ਗੱਲਬਾਤ ਮੌਕੇ ਚੰਨੀ ਨੇ ਮਾਡਲ ਥਾਣਾ ਸ਼ਾਹਕੋਟ ਦੇ ਮੁਖੀ ਬਲਵਿੰਦਰ ਸਿੰਘ ਭੁੱਲਰ ਨੂੰ ਬੁਲਾ ਕੇ ਕਿਹਾ ਕਿ ਪਰਾਲੀ ਡੰਪਾਂ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਕਰਕੇ ਕਰਵਾਈ ਕੀਤੀ ਜਾਵੇ। ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਵੀ ਹਰਦੀਪ ਸਿੰਘ ਚੰਦੀ ਨੂੰ ਭਰੋਸਾ ਦਿੱਤਾ ਕਿ ਨੁਕਸਾਨ ਦੀ ਭਰਪਾਈ ਲਈ ਯਤਨ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੀਪ ਸਿੰਘ ਕੰਗ ਪੀ.ਏ, ਤਲਵਿੰਦਰ ਸਿੰਘ ਧੰਜੂ, ਸੈਮੀ ਤੱਖਰ, ਵਿਜੈ ਕੁਮਾਰ ਮੱਟੂ ਪੰਚ, ਹਰਦਿਆਲ ਸਿੰਘ ਸਾਬਕਾ ਸਰਪੰਚ ਜਾਫਰਵਾਲ, ਬਲਵਿੰਦਰ ਗਿੱਲ, ਅਮਨਦੀਪ ਸੈਦਪੁਰੀ, ਬੰਟੀ ਬਠੱਲਾ, ਟਿੰਪੀ ਕੁਮਰਾ, ਡਾ. ਸੁਰਿੰਦਰ ਸਿੰਘ ਭੱਟੀ, ਮਨਿੰਦਰ ਸਿੰਘ ਧੰਜੂ, ਸੁੱਖਾ ਤੱਖਰ ਆਦਿ ਮੌਜੂਦ ਸਨ।

# ਮੈਗਾ ਰੋਜ਼ਗਾਰ ਮੇਲੇ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ : ਬੈਂਸ

**ਨੰਗਲ (ਸੁਰਜੀਤ ਸਿੰਘ)**- ਹਰਜੋਤ ਸਿੰਘ ਬੈਂਸ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਪੰਜਾਬ ਨੇ ਕਿਹਾ ਹੈ ਕਿ ਜਿਸ ਤਰਾਂ ਅੱਜ ਆਈ ਟੀ ਆਈ ਨੰਗਲ ਵਿੱਚ ਰੋਜਗਾਰ ਮੇਲਾ ਲਗਾਇਆ ਗਿਆ ਹੈ, ਉਸ ਤਰ੍ਹਾਂ ਦੇ ਮੈਗਾ ਰੋਜ਼ਗਾਰ ਮੇਲੇ ਵਿੱਚ ਹੁਨਰਮੰਦ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਮੌਕੇ ਉਪਲੱਬਧ ਕਰਵਾਉਣ ਵਿੱਚ ਬੇਹੱਦ ਸਹਾਈ ਸਿੱਧ ਹੋ ਰਹੇ ਹਨ। ਪੰਜਾਬ ਸਰਕਾਰ ਦਾ ਇਹ ਉਪਰਾਲਾ ਹੈ ਕਿ ਸਰਕਾਰੀ ਨੌਕਰੀਆਂ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਵੱਖ ਵੱਖ ਕੰਪਨੀਆਂ ਵਿਚ ਵੀ ਰੋਜ਼ਗਾਰ ਦੇ ਮੌਕੇ ਉਪਲੱਬਧ ਕਰਵਾਏ ਜਾਣ, ਜਿਸ ਲਈ ਇਹ ਮੁਹਿੰਮ ਅਰੰਭੀ ਗਈ ਹੈ। ਅੱਜ ਤਕਨੀਕੀ ਉਦਯੋਗਿਕ ਸਿਖਲਾਈ ਸੰਸਥਾ ਨੰਗਲ ਵਿਖੇ ਲੱਗੇ ਮੈਗਾ ਰੋਜ਼ਗਾਰ ਮੇਲੇ ਵਿਚ ਪਹੁੰਚੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅੱਜ ਇਸ ਰੋਜ਼ਗਾਰ ਮੇਲੇ ਵਿਚ 1006 ਵਿਦਿਆਰਥੀਆਂ ਤੇ ਵਿਦਿਆਰਥਣਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ, ਜਿਨ੍ਹਾਂ ਵਿਚੋਂ 27 ਪ੍ਰਤੀਸ਼ਤ ਵਿਦਿਆਰਥਣਾਂ ਹਨ, ਸਾਡੇ ਲਈ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਕੋਨੇ ਕੋਨੇ ਤੋਂ ਨੌਜਵਾਨ ਰਜਿਸਟ੍ਰੇਸ਼ਨ ਕਰਵਾਉਣ ਲਈ ਪਹੁੰਚੇ ਹਨ। ਉਨ੍ਹਾਂ ਨੇ ਕਿਹਾ ਕਿ 35 ਪ੍ਰਤੀਸ਼ਤ ਬੱਚੇ ਮਕੈਨੀਕਲ, 18 ਪ੍ਰਤੀਸ਼ਤ ਸਿਵਲ, 15 ਪ੍ਰਤੀਸ਼ਤ ਇਲੈਕਟ੍ਰੀਕਲ, 10 ਪ੍ਰਤੀਸ਼ਤ ਆਈ.ਟੀ, ਪ੍ਰਤੀਸ਼ਤ ਨਾਨ ਜੀਪਿੰਗ ਤੋਂ ਆਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਤੇ ਉਨ੍ਹਾਂ ਦੇ ਸਮੁੱਚੇ ਵੇਰਵੇ ਤੇ ਵਿੱਦਿਅਕ ਯੋਗਤਾ ਦਾ ਡਾਟਾ ਇਕੱਠਾ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ 491 ਵਿਦਿਆਰਥੀਆਂ ਨੂੰ ਰੋਜ਼ਗਾਰ ਲਈ ਆਫਰ ਲੈਟਰ ਦੇ ਦਿੱਤੇ ਹਨ। ਜਿਨ੍ਹਾਂ ਵਿਚੋਂ ਚੀਮਾ ਬੋਈਲਰ ਵੱਲੋਂ 15, ਪ੍ਰੀਤਿਕਾ ਵਿਚ 21, ਐਸ ਐਮ ਐਲ ਵਿੱਚ 42, ਸਲਾਸਕਰ ਵਿਚ 10, ਐਜਲ ਵਿਚ 15, ਸੋਨਾਲੀਕਾ ਵਿਚ 250, ਐਲ ਐਨ ਓਟੋ ਵਿੱਚ 22, ਕੈਨਵਿਚ ਵਿੱਚ 8, ਜੀ ਐਨ ਟੀ ਵਿਚ 11, ਸਵਰਾਜ ਡਵੀਜ਼ਨ ਵਿੱਚ 59, ਐਨ ਜੀ ਜੀ ਪਾਵਰ ਵਿਚ 8, ਮੈਗਾਲਿਸਸਥਾਨ ਵਿਚ 14, ਐਚ ਡੀ ਐਫ ਸੀ ਬੈਂਕ ਵਿੱਚ 10, ਪਰਮਾਨ ਵਿਚ 6 ਵਿਦਿਆਰਥੀਆਂ ਨੂੰ ਆਫਰ ਲੈਂਟਰ ਸ਼ੋਅ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਜਿਹੜੇ ਬੱਚਿਆਂ ਨੂੰ ਅੱਜ ਰੋਜ਼ਗਾਰ ਨਹੀ ਮਿਲਿਆ, ਉਨ੍ਹਾਂ ਨਾਲ ਸਾਡੇ ਦਫਤਰ ਵੱਲੋਂ ਸੰਪਰਕ ਕੀਤਾ ਜਾਵੇਗਾ ਤੇ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਉਪਲੱਬਧ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਅੱਜ ਦੇ ਰੋਜ਼ਗਾਰ ਮੇਲੇ ਵਿੱਚ 14 ਹਜ਼ਾਰ ਤੋ ਲੈ ਕੇ ਕਾਫੀ ਵਧੀਆ ਪੈਕੇਜ ਮਿਲੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਇਹ ਕੋਸ਼ਿਸ਼ ਰਹੇਗੀ ਕਿ ਇਸ ਇਲਾਕੇ ਵਿੱਚ ਹਰ ਸਾਲ ਤਿੰਨ ਚਾਰ ਕੈਂਪ ਲਗਾਏ ਜਾਣ ਤਾ ਜੋ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਅਵਸਰ ਮਿਲ ਜਾਣ। ਇਸ ਮੌਕੇ ਰੋਜਗਾਰ ਅਤੇ ਕਾਰੋਬਾਰ ਬਿਊਰੋ ਦੇ ਪ੍ਰਭਜੋਤ ਸਿੰਘ, ਮੀਨਾਕਸ਼ੀ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੰਗਾ ਸਿੰਘ ਆਦਿ ਹਾਜ਼ਰ ਸਨ।




# ਆਂਗਣਵਾੜੀ ਸੈਂਟਰ ਨਾਨੋਵਾਲ 'ਚ ਜਾਗਰੂਕਤਾ ਕੈਂਪ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾ. ਨਵਨੀਤ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਸੈਂਟਰ ਨਾਨੋਵਾਲ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੰਡੀ, ਕਵਿਤਾ, ਜਸਵਿੰਦਰ ਕੌਰ ਨੇ ਹਾਜ਼ਰ ਲੋਕਾਂ ਨੂੰ ਵਿਸ਼ਵ ਹਾਈਪਰਟੈਨਸ਼ਨ ਦਿਵਸ ਦੇ ਸਬੰਧ ਵਿੱਚ ਹਾਈ ਬਲੱਡ ਪਰੈਸ਼ਰ ਦੀ ਪਛਾਣ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਵੇਂ ਸਾਨੂੰ ਬੀ ਪੀ ਨਿਯਮਿਤ ਤੌਰ 'ਤੇ ਚੈਕ ਕਰਾਉਂਦੇ ਰਹਿਣਾ ਚਾਹੀਦਾ ਹੈ, ਮਿੱਠੀਆਂ ਤਲੀਆਂ ਚੀਜ਼ਾਂ, ਸਿਗਰਟ ਆਦਿ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਹਰ ਰੋਜ਼ ਸੈਰ ਕਰਨੀ ਚਾਹੀਦੀ ਹੈ, ਸਿਹਤਮੰਦ ਜ਼ਿੰਦਗੀ ਜਿਊਣ ਲਈ ਕਸਰਤ ਅਤੇ ਸੰਤੁਲਿਤ ਖੁਰਾਕ ਜ਼ਰੂਰੀ ਹੈ ਅਤੇ ਲੂਅ ਲੱਗਣ ਦੇ ਕਾਰਨਾਂ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ। ਆਭਾ ਹੈਲਥ ਕਾਰਡ ਬਣਾਉਣ ਅਤੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਜਣੇਪਾ ਸਰਕਾਰੀ ਹਸਪਤਾਲ ਵਿਚ ਕਰਾਉਣ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਉਨ੍ਹਾਂ ਨੂੰ ਮਲੇਰੀਆ, ਡੇਂਗੂ ਦੇ ਲੱਛਣਾਂ ਅਤੇ ਬਚਾਓ ਸਬੰਧੀ ਜਾਗਰੂਕ ਕੀਤਾ। ਇਸ ਮੌਕੇ ਆਂਗਣਵਾੜੀ ਵਰਕਰ ਪ੍ਰਵੇਸ਼, ਪੂਨਾ ਰਾਣੀ, ਰੀਨਾ ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।


# ਹਾਈਪਰਟੈਨਸ਼ਨ ਜਾਗਰੂਕਤਾ ਹਫ਼ਤੇ ਤਹਿਤ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਪੋਸਟਰ ਮੁਕਾਬਲੇ

**ਮਹਿਤਪੁਰ (ਰਾਜਾ)**- ਹਾਈਪਰਟੈਨਸ਼ਨ ਜਾਗਰੂਕਤਾ ਹਫ਼ਤੇ ਦੇ ਤਹਿਤ ਸਿਹਤ ਵਿਭਾਗ ਬਲਾਕ ਮਹਿਤਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੋਸਟਰ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਹਾਈਪਰਟੈਨਸ਼ਨ (ਉੱਚ ਰਕਤਚਾਪ) ਦੇ ਖਤਰੇ ਅਤੇ ਇਸ ਤੋਂ ਬਚਾਅ ਦੇ ਉਪਾਅ ਬਾਰੇ ਜਾਗਰੂਕ ਕਰਨਾ ਸੀ। ਬਲਾਕ ਐਕਸਟੈਂਸ਼ਨ ਐਜੂਕੇਟਰ ਹਿਮਾਲਿਆ ਪ੍ਰਕਾਸ਼ ਨੇ ਦੱਸਿਆ ਕਿ ਹਾਈਪਰਟੈਨਸ਼ਨ ਇੱਕ ਸਾਇਲੈਂਟ ਕਿਲਰ ਹੈ ਜੋ ਕਿਸੇ ਵੀ ਲੱਛਣ ਦੇ ਬਿਨਾਂ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਜੇਕਰ ਸਮੇਂ 'ਤੇ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ।ਪ੍ਰੋਗਰਾਮ ਦੌਰਾਨ ਬੱਚਿਆਂ ਨੇ ਰੰਗ-ਬਿਰੰਗੇ ਪੋਸਟਰਾਂ ਰਾਹੀਂ ਇਹ ਦਰਸਾਇਆ ਕਿ ਸਹੀ ਖੁਰਾਕ, ਨਿਯਮਤ ਵਰਜ਼ਿਸ਼, ਤਣਾਅ ਤੋਂ ਮੁਕਤੀ ਅਤੇ ਸਮੇਂ-ਸਮੇਂ 'ਤੇ ਰਕਤਚਾਪ ਦੀ ਜਾਂਚ ਕਰਵਾਉਣਾ ਹਾਈਪਰਟੈਨਸ਼ਨ ਤੋਂ ਬਚਾਅ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਹਨ।



# 11 ਲੱਖ ਦੀ ਲਾਗਤ ਨਾਲ 3 ਸਕੂਲਾਂ 'ਚ ਵਿਕਾਸ ਕੰਮਾਂ ਦੇ ਉਦਘਾਟਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸੁਲਤਾਨਪੁਰ ਦੇ ਲੋਧੀ ਹਲਕੇ ਦੇ 3 ਸਰਕਾਰੀ ਸਕੂਲਾਂ ਅੰਦਰ 11 ਲੱਖ ਰੁਪੈ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉ_ਦਘਾਟਨ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਵਲੋਂ ਕੀਤੇ ਗਏ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਜਿਲ੍ਹੇ ਦੇ 553 ਪ੍ਰਾਇਮਰੀ ਤੇ 255 ਸੀਨੀਅਰ ਸੈਕੰਡਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਦਿੱਤੀ ਜਾ ਰਹੀ ਮੁਫਤ ਤੇ ਗੁਣਵੱਤਾ ਭਰਪੂਰ ਸਿੱਖਿਆ ਦਾ ਲਾਭ ਦਿਵਾਉਣ ਲਈ ਸਰਕਾਰੀ ਸਕੂਲਾਂ ਵਿਚ ਦਾਖਲੇ ਦਿਵਾਉਣ।



# ਸੰਧੂਆਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਸਰਕਾਰੀ ਹਾਈ ਸਕੂਲ ਸੰਧੂਆਂ ਵਿਖੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਅਤੇ ਪਿੰਡ ਦੀ ਪੰਚਾਇਤ ਵੱਲੋਂ ਛੇਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ, ਉੱਥੇ ਹੀ ਇਸ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖਲ ਹੋਏ ਵਿਦਿਆਰਥੀ ਦਾ ਵੀ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਮੈਂਬਰ ਹਰਮਨਦੀਪ ਸਿੰਘ, ਕੈਪਟਨ ਹਰਪਾਲ ਸਿੰਘ, ਅਜਾਇਬ ਸਿੰਘ ਅਤੇ ਪ੍ਰਿੰਸੀਪਲ ਲਛਮਣ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਭਵਿੱਖ ਵਿੱਚ ਹੋਰ ਜ਼ਿਆਦਾ ਮਿਹਨਤ ਕਰਨ ਤਾਂ ਜੋ ਕਿ ਉਹ ਆਪਣਾ ਮੁਕਾਮ ਹਾਸਲ ਕਰ ਸਕਣ । ਸਕੂਲ ਇੰਚਾਰਜ ਮਲਕੀਅਤ ਕੌਰ ਨੇ ਪਿੰਡ ਦੀ ਪੰਚਾਇਤ ਅਤੇ ਸੋਸ਼ਲ ਵਰਕਰ ਟੀਮ ਦਾ ਧੰਨਵਾਦ ਕੀਤਾ। ਸਕੂਲ ਅਧਿਆਪਕਾ ਸ਼ੈਲੀ ਵਰਮਾ ਨੇ ਦੱਸਿਆ ਕਿ ਇਸ ਸਾਲ ਦਸਵੀਂ ਜਮਾਤ ਦਾ ਨਤੀਜਾ ਵੀ ਸੌ ਫ਼ੀਸਦ ਰਿਹਾ, ਜਿਸ ਵਿੱਚ ਸਿਮਰਨਦੀਪ ਸਿੰਘ ਨੇ 91.07 ਫ਼ੀਸਦ, ਮਨਿੰਦਰ ਸਿੰਘ ਨੇ 87.38 ਫ਼ੀਸਦ ਅਤੇ ਸ਼ਗੁਨਜੋਤ ਕੌਰ ਨੇ 68.30 ਫ਼ੀਸਦ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ। ਇਸ ਮੌਕੇ ਸਮ੍ਰਿਤੀ ਸ਼ਰਮਾ, ਮਨਪ੍ਰੀਤ ਸਿੰਘ, ਜਗਤਾਰ ਸਿੰਘ, ਪਰਮਿੰਦਰ ਸਿੰਘ ਅਤੇ ਲਾਲ ਸਿੰਘ ਆਦਿ ਹਾਜ਼ਰ ਸਨ।

# ਵਾਤਾਵਰਣ ਪ੍ਰਤੀ ਸਰਕਾਰ ਦੀਆਂ ਨੀਤੀਆਂ ਅਤਿ-ਘਾਤਕ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਤਬਾਹ ਹੋ ਰਹੇ ਵਾਤਾਵਰਣ ਪ੍ਰਤੀ ਪੰਜਾਬ ਸਰਕਾਰ ਦੀ ਚੁੱਪੀ ਅਤੇ ਸਰਕਾਰ ਅੰਦਰ ਬੈਠੇ ਬਨਾਵਟੀ ਵਾਤਾਵਰਣ ਪ੍ਰੇਮੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆ ਕਿਹਾ ਕਿ ਇਹ ਸਰਕਾਰ ਵਲੋਂ ਕਰਵਾਈ ਜਾ ਰਹੀ ਤਬਾਹੀ ਕਿਸੇ ਨਿਊਕਲੀਅਰ ਲੜਾਈ ਨਾਲੋਂ ਘੱਟ ਨਹੀਂ।ਧੀਮਾਨ ਨੇ ਕਿਹਾ ਕਿ ਪੰਜਾਬ ਵਿਚ ਸ਼ਰੇਆਮ ਕਣਕ ਦੀ ਨਾੜ ਨੂੰ ਸਾੜਨ ਦਾ ਸਿਲਸਲਾ ਜਾਰੀ ਹੈ ਤੇ ਪੰਜਾਬ ਸਰਕਾਰ ਅਤੇ ਖਾਸ ਕਰ ਮੁੱਖ ਮੰਤਰੀ ਪੰਜਾਬ ਇਸ ਗੈਰ ਸੰਵਿਧਾਨਕ ਕੰਮ ਨਾਲ ਕਿਉਂ ਸਮਝੌਤਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗੱਲ ਕਣਕ ਨਾੜ ਨੂੰ ਅੱਗਾਂ ਲੁਗਣ ਨਾਲ ਸਰਕਾਰ ਉਹ ਨੁਕਸਾਨ ਕਰਵਾ ਰਹੀ ਹੈ ਜਿਸ ਦੀ ਕਿ ਭਰਪਾਈ ਦੁਨੀਆ ਦਾ ਕੋਈ ਵੀ ਮਨੁੱਖ ਨਹੀਂ ਕਰ ਸਕਦਾ।ਕਿਸਾਨ ਆਪਣੇ ਪੈਰਾਂ ਉਤੇ ਤਾਂ ਕੁਲਹਾੜਾ ਮਾਰ ਹੀ ਰਿਹਾ ਹੈ ਤੇ ਨਾਲ ਉਹ ਸਮੂਹ ਪੰਜਾਬ ਦੇ ਲੋਕਾਂ ਨੂੰ ਵੀ ਕੈਂਸਰ, ਦਮਾ ਵਰਗੀਆਂ ਬਿਮਾਰੀਆਂ ਵਿਚ ਝੋਂਕ ਰਿਹਾ ਹੈ ਧੀਮਾਨ ਨੇ ਕਿਹਾ ਕਿ ਬਨਾਵਟੀ ਵਾਤਾਵਰਣ ਪ੍ਰੇਮੀ ਡਰਦੇ ਘਰਾਂ ਵਿਚ ਵੜ ਗਏ ਹਨ ਤੇ ਨਾਮ ਉਹ ਗੁਰੂਆਂ ਦਾ ਲੈ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਸਰਕਾਰਾਂ ਆਪਣੇ ਨਿੱਜੀ ਸਵਾਰਥੀ ਕੰਮਾਂ ਨੂੰ ਤਰਜੀਹ ਦੇ ਕੇ ਗੈਰ ਸੰਵਿਧਾਨਕ ਕੰਮਾਂ ਨੂੰ ਮਹੱਤਤਾ ਦੇਣ ਲੱਗ ਜਾਂਦੀਆਂ ਹਨ।ਸਰਕਾਰਾਂ ਵਾਤਾਵਰਣ ਨੂੰ ਜਾਣਬੁੱਝ ਕੇ ਦੂਸ਼ਿਤ ਕਰਵਾ ਕੇ ਲੋਕਾਂ ਨੂੰ ਰੋਗੀ ਬਣਾ ਕੇ ਮਾਰਦੀਆਂ ਹਨ। ਪੰਜਾਬ ਸਰਕਾਰ ਦੇ ਭ੍ਰਿਸ਼ਟ ਵਾਤਾਵਰਣ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ ਪਏ ਹਨ ਤੇ ਅਪਣੀਆਂ ਜੇਬਾਂ ਸਰਕਾਰ ਦੀ ਸ਼ਹਿ ਉਤੇ ਮੋਟੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਵਾਂਸ਼ਹਿਰ ਵਿਚ ਡਿਪਟੀ ਕਮਿਸ਼ਨਰ ਕ੍ਰਿਸ਼ਨ ਕੁਮਾਰ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ ਜਿਹੜੇ ਕਿ ਆਪਣੀ ਗੱਡੀ ਲੈ ਕੇ ਰਾਤ ਦੇ ਸਮੇਂ ਵੀ ਖੇਤਾਂ ਵਿਚ ਲਗਦੀ ਅੱਗ ਨੂੰ ਰੋਕਣ ਲਈ ਆਪ ਨਿਕਲ ਜਾਂਦੇ ਸਨ।ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਪੰਜਾਬ ਸਰਕਾਰ ਤੋਂ ਡਰਦੇ ਸੰਵਿਧਾਨਕ ਅਹੁਦਿਆਂ ਉਤੇ ਬੈਠੇ ਅਧਿਕਾਰੀ ਗੈਰ ਸੰਵਿਧਾਨਕ ਕੰਮਾਂ ਨੂੰ ਰੋਕਣ ਲਈ ਹਦਾਇਤਾਂ ਵੀ ਜਾਰੀ ਨਹੀਂ ਕਰਦੇ, ਆਪ ਜਾ ਕੇ ਰੋਕਣਾ ਤਾਂ ਬਹੁਤ ਦੂਰ ਦੀ ਗੱਲ ਹੈ। ਧੀਮਾਨ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਣ ਬਚਾਉਣ ਲਈ ਆਪਣੇ ਸਵਾਰਥ ਨੂੰ ਖਤਮ ਕਰਕੇ ਅੱਗੇ ਆਉਣ ।



# ਬਾਲੀ ਨੂੰ ਮੁੱਖ ਸਲਾਹਕਾਰ ਬਣਨ 'ਤੇ ਗਾਇਕ ਦਲਵਿੰਦਰ ਦਿਆਲਪੁਰੀ ਵੱਲੋਂ ਵਧਾਈਆਂ



**ਬੰਗਾ (ਅਵਤਾਰ ਕਲੇਰ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸੂਬੇ ਅੰਦਰ ਸੱਭਿਆਚਾਰਕ ਗਤੀਵਿਧੀਆਂ ਨੂੰ ਹੋਰ ਬੜ੍ਹਾਵਾ ਦੇਣ ਲਈ ਸੱਭਿਆਚਾਰਕ ਤੇ ਸਾਹਿਤਕ, ਬਾਬਾ ਹਰਵਲਵ ਸੰਗੀਤ ਸੰਮੇਲਨ ਦੇਵੀ ਤਲਾਬ ਮੰਦਰ, ਜਲੰਧਰ, ਪੰਜਾਬ ਜਾਗ੍ਰਿਤੀ ਮੰਚ (ਰਜਿ.) ਤੇ ਹਰੇਕ ਸੰਗੀਤ ਪ੍ਰੇਮੀ ਦੇ ਦੁੱਖ-ਸੁੱਖ ਦੇ ਹਮਸਫ਼ਰ ਦੀਪਕ ਬਾਲੀ ਨੂੰ ਪੰਜਾਬ ਟੂਰਿਜ਼ਮ ਤੇ ਹੈਰੀਟੇਜ ਵਿਭਾਗ ਦਾ ਮੁੱਖ ਸਲਾਹਕਾਰ ਬਣਾਉਣ ਉਪਰੰਤ ਲੋਕ ਗਾਇਕ ਤੇ ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ਵਲੋਂ ਸੰਗੀਤਕ ਕਾਫ਼ਲੇ ਨਾਲ ਚੰਡੀਗੜ੍ਹ ਵਿਖੇ ਦੀਪਕ ਬਾਲੀ ਨੂੰ ਵਧਾਈਆਂ ਤੇ ਗੁਲਦਸਤੇ ਭੇਟ ਕੀਤੇ। ਦਲਵਿੰਦਰ ਦਿਆਲਪੁਰੀ ਵਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਸੂਬੇ ਅੰਦਰ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਬੜ੍ਹਾਵਾ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਨਰਿੰਦਰ ਸਿੰਘ ਭੱਟੀ ਅੰਡਰ ਸੈਕਟਰੀ ਵਿਧਾਨ ਸਭਾ, ਅਸ਼ੋਕ ਬਾਂਸਲ ਮਾਨਸ਼ਾ (ਸਾਹਿਤਕਾਰ), ਸੂਰਜ ਝੰਡੇਰ (ਗੀਤਕਾਰ ਤੇ ਗਾਇਕ) ਅਤੇ ਸੰਗੀਤਕ ਤੇ ਸਾਹਿਤਕਾਰ ਪ੍ਰੇਮੀ ਚੰਡੀਗੜ੍ਹ ਵੀ ਹਾਜ਼ਰ ਸਨ।

ਜਨਮ ਦਿਨ ਮੁਬਾਰਕ



ਪੁਲਕਿਤ ਨਾਹਰ
ਪਿਤਾ : ਵਿਸ਼ਾਲਦੀਪ
ਮਾਤਾ : ਸਵਰਨਜੀਤ ਕੌਰ
ਵਾਸੀ : ਜਲੰਧਰ



ਵਰਨਿਯਾ ਖਵਾਹਿਸ਼ ਸ਼ਰਮਾ

# ਸ਼ਿਵਾ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸ਼ਿਵਾ ਪਬਲਿਕ ਹਾਈ ਸਕੂਲ ਦਾ ਦਸਵੀਂ ਦਾ ਨਤੀਜ਼ਾ ਸ਼ਾਨਦਾਰ ਰਿਹਾ ਹੈ। ਅਭਿਜੋਤ ਸਿੰਘ ਨੇ 604 ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਰੁਤੀ ਨੇ 593 ਅੰਕ ਅਤੇ ਸੇਮਨ ਨੇ 591 ਅੰਕ ਪ੍ਰਾਪਤ ਕਰਕੇ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਪਬਲਿਕ ਹਾਈ ਸਕੂਲ ਵਿਚ ਆਉਣ ਗਗਨਪ੍ਰੀਤ ਕੌਰ ਜੋ ਜੰਡਿਆਲਾ ਗਰਲਜ ਸੀ.ਸੀ ਸਕੂਲ ਵਿਚ ਸਨਮਾਨਿਤ ਕੀਤਾ ਗਿਆ। ਚੇਅਰਪਰਸ਼ਨ ਸ਼੍ਰੀਮਤੀ ਸੁਮਨ ਲਤਾ ਪਾਠਕ, ਐਮ.ਡੀ ਅਮਨਦੀਪ ਪਾਠਕ, ਏ.ਡੀ ਪਰਵਿੰਦਰ ਕੌਰ ਅਤੇ ਸਕੂਲ ਦੇ ਪ੍ਰਿੰਸੀਪਲ ਮਨਦੀਪ ਕੁਮਾਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀਆਂ ਤੇ ਨਾਲ ਹੀ ਬੱਚਿਆਂ ਦੇ ਉਜਵਲ ਭਵਿੱਖ ਦੀਆਂ ਕਾਮਨਾਵਾਂ ਦਿੱਤੀਆਂ। ਸਕੂਲ ਵਲੋਂ ਇਹਨਾਂ ਵਿਦਿਆਰਥੀਆਂ ਨੂੰ ਟ੍ਰਾਫ਼ੀ ਅਤੇ ਕੈਸ਼ ਪ੍ਰਾਇਜ਼ ਦੇ ਕੇ ਸਨਮਾਨਿਤ ਕੀਤਾ ਗਿਆ।

# ਸੰਗਰੂਰ ਤੇ ਰਹੀਮਪੁਰ ਦੇ ਲੋਕਾਂ 'ਤੇ ਜਬਰ ਨਾਲ ਪੰਜਾਬ ਸਰਕਾਰ ਦਾ ਦਲਿਤ ਗਰੀਬ ਵਿਰੋਧੀ ਚਿਹਰਾ ਨੰਗਾ ਹੋਇਆ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਹੁਸ਼ਿਆਰਪੁਰ ਦੇ ਮਹੱਲਾ ਰਹੀਮਪੁਰ ਦਾ ਆਪਣੀ ਸਮੁੱਚੀ ਟੀਮ ਜਿਨ੍ਹਾਂ ਵਿਚ ਵਿਧਾਇਕ ਡਾ. ਨਛੱਤਰ ਪਾਲ ਇੰਚਾਰਜ ਬਸਪਾ ਪੰਜਾਬ, ਚੌਧਰੀ ਗੁਰਨਾਮ ਸਿੰਘ ਜ਼ੋਨ ਇੰਚਾਰਜ, ਠੇਕੇਦਾਰ ਭਗਵਾਨ ਦਾਸ ਸਿੱਧੂ ਜ਼ੋਨ ਇੰਚਾਰਜ, ਮਦਨ ਸਿੰਘ ਬੈਂਸ ਇੰਚਾਰਜ ਵਿਧਾਨ ਸਭਾ ਹੁਸ਼ਿਆਰਪੁਰ, ਐਡਵੋਕੇਟ ਪਲਵਿਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ, ਐਡਵੋਕੇਟ ਧਰਮਿੰਦਰ ਦਾਦਰਾ, ਸੁਰਜੀਤ ਮਹਿਮੀ ਪ੍ਰਧਾਨ ਵਿਧਾਨ ਸਭਾ ਹੁਸ਼ਿਆਰਪੁਰ, ਬੀਬੀ ਮਹਿੰਦਰ ਕੌਰ ਇੰਚਾਰਜ ਲੇਡੀਜ਼ ਵਿੰਗ ਅਤੇ ਹੋਰ ਸੈਂਕੜੇ ਬਸਪਾ ਆਗੂਆਂ ਨਾਲ ਮੌਕੇ ਦਾ ਦੌਰਾ ਕੀਤਾ ਅਤੇ ਇਥੇ ਵਸਦੇ ਲੋਕਾਂ ਨੂੰ ਮਿਲੇ ਅਤੇ ਵਿਸ਼ਵਾਸ ਦਿਵਾਇਆ ਕਿ ਇਸ ਸੰਕਟ ਦੀ ਘੜੀ ਸਮੇਂ ਬਹੁਜਨ ਸਮਾਜ ਪਾਰਟੀ ਲੋਕਾਂ ਦੇ ਨਾਲ ਖੜ੍ਹੀ ਹੈ, ਕਿਸੇ ਵੀ ਘਰ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਡਾ. ਕਰੀਮਪੁਰੀ ਨੇ ਕਿਹਾ ਕਿ ਮਹੱਲਾ ਰਹੀਮਪੁਰ ਦੇ ਲੋਕ ਜਿਨ੍ਹਾਂ ਕੋਲ ਘਰਾਂ ਦੀਆਂ ਰਜਿਸਟਰੀਆਂ ਹਨ, ਇੰਤਕਾਲ ਵੀ ਚੜ੍ਹੇ ਹੋਏ ਹਨ ਪਰ ਸਰਕਾਰ ਨੇ ਆਪਣਾ ਦਲਿਤ ਵਿਰੋਧੀ, ਜਾਬਰ, ਸਾਮੰਤਵਾਦੀ ਚਿਹਰਾ ਸਪਸ਼ਟ ਕਰਦਿਆਂ ਇਮਪਰੂਵਮੈਂਟ ਹੁਸ਼ਿਆਰਪੁਰ ਰਾਹੀਂ ਇਹਨਾਂ ਦੇ ਘਰਾਂ ਦੇ ਬਾਹਰ ਘਰਾਂ ਨੂੰ ਗੈਰ ਕਨੂੰਨੀ ਦੱਸਦੇ ਹੋਏ ਢਾਹੁਣ ਦੇ ਹੁਕਮ ਕੰਧਾਂ ਨਾਲ ਚਿਪਕਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਰਜਿਸਟਰੀਆਂ ਤੇ ਇੰਤਕਾਲ ਹਨ, ਉਹ ਘਰ ਗੈਰ ਕਨੂੰਨੀ ਨਹੀਂ ਬਲਕਿ ਆਮ ਆਦਮੀ ਪਾਰਟੀ ਦਾ ਲੋਕਾਂ ਪ੍ਰਤੀ ਰਵੱਈਆ ਗੈਰ ਜ਼ਿੰਮੇਵਾਰਾਨਾ ਹੈ। ਉਨ੍ਹਾਂ ਸਖਤ ਲਹਿਜੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਗਰੀਬ, ਕਿਰਤੀ, ਕਾਮੇ ਦੇ ਘਰ ਦੀ ਇਕ ਇੱਟ ਵੀ ਹਿੱਲੀ ਤਾਂ ਬਹੁਜਨ ਸਮਾਜ ਪਾਰਟੀ ਪੰਜਾਬ ਪੱਧਰ 'ਤੇ ਅਜਿਹਾ ਅੰਦੋਲਨ ਛੇੜੇਗੀ ਕਿ ਸਰਕਾਰ ਦੀ ਇੱਟ ਨਾਲ ਇੱਟ ਖੜਕਾ ਦੇਵੇਗੀ ਜਿਸਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਕਰੀਮਪੁਰੀ ਨੇ ਪੰਜਾਬ ਸਰਕਾਰ ਵੱਲੋਂ ਸੰਗਰੂਰ ਵਿੱਚ ਜ਼ਮੀਨ ਪ੍ਰਾਪਤੀ ਲਈ ਲੜ ਰਹੇ ਬੇਜ਼ਮੀਨੇ ਲੋਕਾਂ 'ਤੇ ਸਰਕਾਰੀ ਜਬਰ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਪਿੰਡ ਸੋਹੀਆਂ ਜ਼ਿਲ੍ਹਾ ਸੰਗਰੂਰ ਦੇ ਬੇਜ਼ਮੀਨੇ ਕਿਰਤੀ ਲੋਕ 930 ਏਕੜ ਜ਼ਮੀਨ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ ਪ੍ਰੰਤੂ ਪੰਜਾਬ ਸਰਕਾਰ ਵੱਲੋਂ ਨਿਹੱਥੇ ਲੋਕਾਂ 'ਤੇ ਦੋ ਹਜ਼ਾਰ ਤੋਂ ਵੱਧ ਪੁਲਸੀਏ ਚਾੜ੍ਹ ਕੇ ਅੰਨ੍ਹਾ ਤਸ਼ੱਦਦ ਕੀਤਾ ਅਤੇ ਸੈਂਕੜੇ ਬੇਗੁਨਾਹਾਂ ਨੂੰ ਗ੍ਰਿਫਤਾਰ ਵੀ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਗ੍ਰਿਫਤਾਰ ਲੋਕਾਂ ਨੂੰ ਤੁਰੰਤ ਰਿਹਾਅ ਕਰੇ ਅਤੇ ਸਰਕਾਰੀ ਜ਼ਮੀਨ ਤੁਰੰਤ ਬੇਜ਼ਮੀਨੇ ਲੋਕਾਂ 'ਚ ਵੰਡਣ ਲਈ ਆਪਣੀ ਸਮੰਤਵਾਦੀ ਅਤੇ ਜਾਬਰ ਮਾਨਸਿਕਤਾ ਛੱਡ ਕੇ ਅੱਗੇ ਵਧੇ। ਡਾ. ਕਰੀਮਪੁਰੀ ਨੇ ਪੰਜਾਬ ਸੰਭਾਲੋ ਅੰਦੋਲਨ ਤਹਿਤ ਪੰਜਾਬੀਆਂ ਨੂੰ ਬਸਪਾ ਨਾਲ ਜੁੜਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਜਿਸ ਤਰਾਂ ਭੈਣ ਕੁਮਾਰੀ ਮਾਇਆਵਤੀ ਮੁੱਖ ਮੰਤਰੀ ਉੱਤਰ ਪ੍ਰਦੇਸ਼ ਨੇ ਬੇਜ਼ਮੀਨਿਆਂ ਨੂੰ ਲੱਖਾਂ ਏਕੜ ਜ਼ਮੀਨ ਮੁਫਤ ਦਿੱਤੀ ਸੀ, ਪੰਜਾਬ 'ਚ ਵੀ ਬਸਪਾ ਸਰਕਾਰ ਬਣਾ ਕੇ ਬੇਜ਼ਮੀਨਿਆਂ ਨੂੰ ਸਰਕਾਰੀ ਜ਼ਮੀਨਾਂ ਵੰਡੀਆਂ ਜਾਣਗੀਆਂ।




# ਆਂਗਣਵਾੜੀ, ਮਨਰੇਗਾ, ਆਸ਼ਾ ਵਰਕਰਾਂ ਤੇ ਭੱਠਾ ਮਜ਼ਦੂਰਾਂ ਨੇ ਸ਼ਹਿਰ ਅੰਦਰ ਰੋਸ ਰੈਲੀ ਕੀਤੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਸੀਟੂ ਦੇ ਸੱਦੇ ਤੇ ਮਜ਼ਦੂਰਾਂ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਆਂਗਣਵਾੜੀ, ਮਨਰੇਗਾ,ਆਸ਼ਾ ਵਰਕਰਾਂ ਤੇ ਭੱਠਾ ਮਜ਼ਦੂਰਾਂ ਨੇ ਇਕੱਠੇ ਹੋ ਕੇ ਸ਼ਹਿਰ ਅੰਦਰ ਰੋਸ ਰੈਲੀ ਕੀਤੀ। ਇਸ ਮੌਕੇ ਸੀਟੂ ਦੇ ਵਾਇਸ ਪ੍ਰਧਾਨ ਪੰਜਾਬ ਮਹਿੰਦਰ ਕੁਮਾਰ ਬੱਡੋਆਣ, ਗੁਰਬਖਸ਼ ਕੌਰ ਚੱਕ ਗੁਰੂ, ਆਸ਼ਾ ਵਰਕਰਾਂ ਦੀ ਆਗੂ ਜੋਗਿੰਦਰ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਮਜ਼ਦੂਰਾਂ ਮੁਲਾਜ਼ਮਾਂ ਕਿਸਾਨਾਂ ਦੇ ਵਿਰੋਧ ਵਿੱਚ ਨੀਤੀਆ ਘੜ ਰਹੀ ਹੈ। ਅੰਡਾਨੀਆਂ ਅੰਬਾਨੀਆਂ ਦੀਆਂ ਜੇਬਾ ਭਰ ਰਹੀ ਹੈ ਜਿਸ ਕਰਕੇ ਲੋਕਾਂ ਦੀ ਖਰੀਦ ਸ਼ਕਤੀ ਘਟ ਰਹੀ ਹੈ, ਕਾਰੋਬਾਰ ਫੇਲ ਹੋ ਰਹੇ ਹਨ ਅਮੀਰੀ ਤੇ ਗਰੀਬੀ ਦਾ ਪਾੜਾ ਡੂੰਘਾ ਹੁੰਦਾ ਜਾ ਰਿਹਾ ਹੈ। ਆਗੂਆ ਨੇ ਕਿਹਾ ਕਿ 9 ਜੁਲਾਈ ਨੂੰ ਮਜ਼ਦੂਰ ਮੁਲਾਜ਼ਮ ਕਿਸਾਨ ਇਕੱਠੇ ਹੋ ਕੇ ਅੱਪਣੀਆ ਭਖਦੀਆਂ ਮੰਗਾਂ ਨੂੰ ਲੈ ਕੇ ਜਨਰਲ ਹੜਤਾਲ ਕਰ ਰਹੇ ਹਨ। ਮੰਗਾਂ 4 ਲੇਬਰ ਕੋਡ ਰੱਦ ਕਰੋ, ਠੇਕਾ ਸਿਸਟਮ ਬੰਦ ਕਰੋ, ਸਾਰੇ ਕਰਮਚਾਰੀਆਂ ਨੂੰ ਪੱਕੇ ਕਰੋ, 12 ਘੰਟੇ ਡਿਊਟੀ ਰੱਦ ਕਰੋ, ਸਕੀਮ ਵਰਕਰਾ ਨੂੰ ਪੱਕੇ ਕਰੋ, ਦਿਹਾੜੀ 700 ਰੁਪਏ ਕਰੋ, ਘੱਟੋ ਘੱਟ ਉਜਰਤ 26000 ਮਹੀਨਾ ਕਰੋ, ਆਗੂਆ ਨੇ ਅਪੀਲ ਕਰਦੇ ਹੋਏ ਕਿਹਾ 9 ਜੁਲਾਈ ਨੂੰ ਹੁਸ਼ਿਆਰਪੁਰ ਗਰੀਨ ਪਾਰਕ ਵਹੀਰਾ ਘੱਤ ਕੇ ਪੁਜੋ ਤਾਂ ਕਿ ਮੋਦੀ ਸਰਕਾਰ ਦੀਆਂ ਮਜ਼ਦੂਰਾਂ ਮੁਲਾਜ਼ਮਾਂ ਵਿਰੋਧੀ ਨੀਤੀਆਂ ਨੂੰ ਮੋੜਾ ਦੇਈਏ ਇਸ ਮੌਕੇ ਨੀਲਮ ਬੱਡੋਆਣ, ਪਾਲੋ ਸੁੰਨੀ, ਰਾਜ ਦਿਹਾਣਾ, ਅਮਰਜੀਤ ਕੌਰ ਮਾਹਿਲਪੁਰ, ਬਲਜਿੰਦਰ ਕੌਰ, ਬਲਦੇਵ ਸਤਨੌਰ, ਬੇਬੀ ਸਤਨੌਰ, ਬਲਦੇਵ ਰਾਜ ਬਿੱਲੂ, ਜਗਮੋਹਣ, ਜਗਦੀਸ਼ ਡੇਰੋ, ਪਰਮਜੀਤ, ਇੰਬਰਾਹੀਮ, ਸੁਖਵਿੰਦਰ ਕੌਰ ਛਿੰਦੋ, ਗੁਰਬਖਸ਼ ਪਨਾਮ ਨੇ ਵੀ ਸਬੋਧਨ ਕੀਤਾ।

